ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 75 | 14 to 20 June, 2023 | Ph.: (510) 240-5949 | Email: asrtimes@gmail.com



# ਸਿੱਖਾਂ ਦੇ ਰਵਾਇਤੀ ਮਾਰਸ਼ਲ ਆਰਟ ਗਤਕਾ ਨੂੰ ਮਿਲੀ ਨਵੀਂ ਪਹਿਚਾਣ

## ਸੁਨਹਿਰੀ ਅੱਖਰਾਂ 'ਚ ਲਿਖਿਆ ਹੈ ਗਤਕੇ ਦਾ ਅਤੀਤ, ਵਰਤਮਾਨ ਅਤੇ ਭਵਿੱਖ

ਪਟਿਆਲਾ/ਏ.ਟੀ.ਨਿਊਜ਼ : ਦੁਨੀਆਂ ਦੀ ਸਭ ਤੋਂ ਨਿਵੇਕਲੀ ਅਤੇ ਵਿਲੱਖਣ ਸਿੱਖ ਕੌਮ ਦੇ ਰਵਾਇਤੀ ਮਾਰਸ਼ਲ ਆਰਟ ਗਤਕਾ ਦਾ ਅਤੀਤ ਸੁਨਹਿਰੀ ਅੱਖਰਾਂ 'ਚ ਲਿਖਿਆ ਹੋਇਆ ਹੈ, ਉਥੇ ਵਰਤਮਾਨ ਵਿੱਚ ਵੀ ਗਤਕੇ ਨੂੰ ਭਾਰਤ ਸਮੇਤ ਦੁਨੀਆਂ 'ਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਜਿਸ ਕਰਕੇ ਉਮੀਦ ਕੀਤੀ ਜਾ ਰਹੀ ਹੈ ਕਿ ਸੁਨਹਿਰੀ ਇਤਿਹਾਸ ਵਾਲੇ ਗਤਕੇ ਦਾ ਭਵਿੱਖ ਵੀ ਸ਼ਾਨਦਾਰ ਹੋਵੇਗਾ। ਗਤਕਾ ਸਿੱਖਾਂ ਦੀ ਜੰਗੀ ਕਲਾ ਹੈ ਜਿਸ ਵਿੱਚ ਜੰਗਬੰਦੀ ਤੇ ਦੁਸ਼ਮਣਾਂ ਨਾਲ ਟਾਕਰਾ ਕਰਨ ਦੀ ਪੂਰੀ ਕਲਾ ਹੁੰਦੀ ਹੈ। ਨਿਹੰਗ ਸਿੰਘ ਇਸ ਕਲਾ ਦੇ ਮਾਹਿਰ ਹੁੰਦੇ ਹਨ। ਕਿਸੇ ਵੀ ਖੇਡ ਵਾਂਗ ਗਤਕੇ ਵਿੱਚ ਫਿਟਨੈੱਸ ਤੇ ਸਟੈਮਿਨਾ ਦੀ ਲੋੜ ਹੁੰਦੀ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਸਿੱਖਾਂ ਨੂੰ ਗਤਕੇ ਦੇ ਸਿਧਾਂਤ ਅਤੇ ਤਕਨੀਕਾਂ ਸਿਖਾਈਆਂ ਗਈਆਂ ਸਨ। ਇਹ ਧਰਮ ਦੀ ਰੱਖਿਆ ਕਰਨ ਦੀ ਲੋੜ ਤੋਂ ਉਤਪਨ ਹੁੰਦਾ ਹੈ, ਪਰ ਇਹ ਆਤਮਾ ਅਤੇ ਸਰੀਰ ਦੇ ਏਕੀਕਰਨ 'ਤੇ ਵੀ ਆਧਾਰਤ ਹੈ। ਇਸ ਲਈ, ਇਸ ਨੂੰ ਆਮ ਤੌਰ 'ਤੇ ਅਧਿਆਤਮਿਕ ਅਤੇ ਸਰੀਰਕ ਅਭਿਆਸ ਦੋਵੇਂ ਮੰਨਿਆ ਜਾਂਦਾ ਹੈ। ਗਤਕਾ ਪੀੜ੍ਹੀਆਂ ਤੋਂ ਲੰਘੀਆਂ ਮਾਰਸ਼ਲ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਦੇ ਹੋਏ ਹਿੰਮਤ, ਅਨੁਸ਼ਾਸਨ ਅਤੇ ਦਇਆ ਦੀਆਂ ਸਿੱਖ ਕਦਰਾਂ-ਕੀਮਤਾਂ ਨੂੰ ਸ਼ਾਮਲ ਕਰਦਾ ਹੈ। ਗਤਕਾ ਲੜਾਈ ਦੀ ਇੱਕ ਸ਼ੈਲੀ ਹੈ ਜੋ ਹਥਿਆਰਬੰਦ ਅਤੇ ਨਿਹੱਥੇ ਤਕਨੀਕਾਂ ਨੂੰ ਸ਼ਾਮਲ ਕਰਦੀ ਹੈ ਅਤੇ ਚੁਸਤੀ, ਲਚਕਤਾ ਤੇ ਅਧਿਆਤਮਿਕ ਅਨੁਸ਼ਾਸਨ 'ਤੇ ਜ਼ੋਰ ਦਿੰਦੀ ਹੈ। ਨਗਰ ਕੀਰਤਨ ਅਤੇ ਹੋਰ ਧਾਰਮਿਕ ਸਮਾਗਮਾਂ ਮੌਕੇ ਸਿੱਖ ਨੌਜਵਾਨਾਂ ਵੱਲੋਂ ਗਤਕਾ ਖੇਡਿਆ ਜਾਂਦਾ ਹੈ, ਜੋ ਕਿ ਨਗਰ ਕੀਰਤਨ ਦੀ ਸ਼ਾਨ ਵਿੱਚ ਹੋਰ ਵੀ ਵਾਧਾ ਕਰਦਾ ਹੈ। ਗਤਕਾ ਖੇਡਦੇ ਸਿੱਖ ਜੰਗ ਦਾ ਪੂਰਾ ਦ੍ਰਿਸ਼ ਸੰਗਤਾਂ ਸਾਹਮਣੇ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਗਤਕਾ ਖੇਡਣ ਵਾਲੇ ਨੌਜਵਾਨ ਕਈ ਖ਼ਤਰਨਾਕ ਕਰਤੱਬ ਵੀ ਦਿਖਾਉਂਦੇ ਹਨ, ਜਿਹਨਾਂ ਨੂੰ ਸੰਗਤਾਂ ਅਤੇ ਆਮ ਲੋਕਾਂ ਵੱਲੋਂ ਬਹੁਤ (ਬਾਕੀ ਸਫ਼ਾ 29 'ਤੇ)




### ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਮਾਨਤਾ

ਪੰਜਾਬ 'ਚ ਗਤਕਾ ਪੁਰਾਤਨ ਸਮੇਂ ਤੋਂ ਖੇਡਿਆ ਜਾਂਦਾ ਹੈ। ਇਸ ਸਮੇਂ ਗਤਕੇ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮਾਨਤਾ ਮਿਲ ਰਹੀ ਹੈ। ਭਾਰਤ ਵਿੱਚ ਗਤਕੇ ਦੀ ਖੇਡ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਭਾਰਤੀ ਉਲੰਪਿਕ ਐਸੋਸੀਏਸ਼ਨ (ਆਈਓਏ) ਨੇ ਇਸ ਸਾਲ ਅਕਤੂਬਰ ਵਿੱਚ ਗੋਆ 'ਚ ਹੋਣ ਵਾਲੀਆਂ 37ਵੀਆਂ ਰਾਸ਼ਟਰੀ ਖੇਡਾਂ ਵਿੱਚ ਸਿੱਖਾਂ ਦੇ ਰਵਾਇਤੀ ਮਾਰਸ਼ਲ ਆਰਟ ਗਤਕਾ ਨੂੰ ਪ੍ਰਦਰਸ਼ਨੀ ਖੇਡ ਵਜੋਂ ਸ਼ਾਮਲ ਕੀਤਾ ਹੈ। ਜ਼ਿਕਰਯੋਗ ਹੈ ਕਿ ਪ੍ਰਦਰਸ਼ਨੀ ਖੇਡਾਂ ਵਿੱਚ ਜਿੱਤੇ ਗਏ ਤਗਮੇ ਮੈਡਲ ਸੂਚੀ ਵਿੱਚ ਸ਼ਾਮਲ ਨਹੀਂ ਕੀਤੇ ਜਾਂਦੇ ਹਨ ਪਰ ਗਤਕਾ ਨੂੰ ਇਸ ਸਾਲ ਕੌਮੀ ਖੇਡਾਂ ਵਿੱਚ ਸ਼ਾਮਲ ਕਰਨ ਦੇ ਵੱਡੇ ਅਰਥ ਹਨ।



## ਕੀ ਹੁੰਦਾ ਹੈ ਗਤਕਾ ?





ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਗਤਕਾ ਜਾਂ ਗਤਕੇ ਦੀ ਖੇਡ ਹੁੰਦੀ ਕੀ ਹੈ ? ਗਤਕੇ ਬਾਰੇ ਕੋਈ ਗਲ ਕਰਨ ਤੋਂ ਪਹਿਲਾਂ ਇਸ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਅਸਲ ਵਿੱਚ ਗਤਕਾ ਮਾਰਸ਼ਲ ਆਰਟ ਦਾ ਇੱਕ ਰੂਪ ਹੈ ਜੋ ਕਿ ਇਸ ਖੇਤਰ ਵਿੱਚ ਮੁੱਖ ਤੌਰ 'ਤੇ ਪੰਜਾਬ ਦੇ ਸਿੱਖਾਂ ਨਾਲ ਜੁੜਿਆ ਹੋਇਆ ਹੈ।

ਇਹ ਤਲਵਾਰਾਂ ਦੀ ਨਕਲ ਕਰਨ ਲਈ ਲੱਕੜੀ ਦੀਆਂ ਸੋਟੀਆਂ ਨਾਲ ਸਟਿੱਕ-ਫਾਈਟਿੰਗ ਦੀ ਇੱਕ ਸ਼ੈਲੀ ਹੈ। ਪੰਜਾਬੀ ਨਾਮ ਗਤਕਾ, ਵਰਤੀ ਜਾਣ ਵਾਲੀ ਲੱਕੜ ਦੀ ਸੋਟੀ ਨੂੰ ਦਰਸਾਉਂਦਾ ਹੈ।

### ਕਿਵੇਂ ਖੇਡਿਆ ਜਾਂਦਾ ਹੈ ਗਤਕਾ ?

ਗਤਕਾ ਖੇਡਣ ਲਈ ਵਿਸ਼ੇਸ਼ ਮੁਹਾਰਤ ਦੀ ਲੋੜ ਹੁੰਦੀ ਹੈ। ਚੰਗੀ ਤਰਾਂ ਗਤਕਾ ਖੇਡਣ ਲਈ ਪੂਰੀ ਟ੍ਰੇਨਿੰਗ ਲੈਣੀ ਜ਼ਰੂਰੀ ਹੁੰਦੀ ਹੈ। ਗਤਕੇ ਦੇ ਮਾਹਿਰ ਦਸਦੇ ਹਨ ਕਿ ਮੁੱਖ ਰੂਪ ਵਿੱਚ ਦੋ ਪੱਖਾਂ ਵਿੱਚ ਨਿਪੁੰਨਤਾ ਹਾਸਲ ਕਰਨੀ ਜ਼ਰੂਰੀ ਹੈ ਸਭ ਤੋਂ ਪਹਿਲਾਂ ਤਾਂ ਆਪਣੇ ਵਿਰੋਧੀ ਦਾ ਹਮਲਾ ਰੋਕਣਾ ਅਤੇ ਦੂਜਾ ਵਿਰੋਧੀ 'ਤੇ ਹਮਲਾ ਕਰਨਾ। ਗੱਤਕਾ ਖੇਡਣ ਲਈ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹਥਿਆਰ ਵਰਤੇ ਜਾਂਦੇ ਹਨ। ਹਮਲਾ ਕਰਨ ਲਈ ਗੱਤਕਾ ਸੋਟੀ ਜਾਂ (ਬਾਕੀ ਸਫ਼ਾ 29 'ਤੇ)

## ਗਤਕੇ ਤੋਂ ਅਣਜਾਣ ਲੋਕਾਂ ਵੱਲੋਂ ਫ਼ਿਲਮਾਂਕਣ

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਿਹੜੇ ਲੋਕਾਂ ਨੂੰ ਗਤਕੇ ਬਾਰੇ ਕੋਈ ਜਾਣਕਾਰੀ ਨਹੀਂ ਹੈ, ਉਹ ਵੀ ਅਕਸਰ ਆਪਣੀਆਂ ਫ਼ਿਲਮਾਂ 'ਚ ਗਤਕੇ ਦੇ ਦ੍ਰਿਸ਼ ਪਾ ਦਿੰਦੇ ਹਨ, ਜਿਸ ਕਾਰਨ ਅਕਸਰ ਵਿਵਾਦ ਵੀ ਪੈਦਾ ਹੋ ਜਾਂਦੇ ਹਨ। ਮੌਜੂਦਾ ਸਮੇਂ ਬਾਲੀਵੁੱਡ ਦੇ ਮਸ਼ਹੂਰ ਅਭਿਨੇਤਾ ਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੰਨੀ ਦਿਓਲ ਦੀ ਆਉਣ ਵਾਲੀ ਫ਼ਿਲਮ ਗਦਰ-2 ਇਸ ਸਮੇਂ ਵੱਡੇ ਵਿਵਾਦਾਂ 'ਚ ਘਿਰ ਗਈ ਹੈ। ਦੱਸ ਦੇਈਏ ਕਿ ਸੰਨੀ ਦਿਓਲ ਨੇ ਫ਼ਿਲਮ ਗਦਰ-2 ਦੀ ਸ਼ੂਟਿੰਗ ਪੰਚਕੂਲਾ ਦੇ ਗੁਰਦੁਆਰਾ ਸਾਹਿਬ ਕੀਤੀ ਜਾ ਰਹੀ ਹੈ। ਜਿਸ 'ਚ ਉਹ ਅਦਾਕਾਰਾ ਅਮੀਸ਼ਾ ਪਟੇਲ ਦੇ ਨਾਲ ਰੋਮਾਂਟਿਕ ਅੰਦਾਜ਼ 'ਚ ਨਜ਼ਰ ਆਉਂਦੇ ਹਨ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਦਰਅਸਲ ਗੁਰਦੁਆਰੇ 'ਚ ਸ਼ੂਟਿੰਗ ਦੌਰਾਨ ਕੁਝ ਇਤਰਾਜ਼ਯੋਗ ਸੀਨ ਦਿਖਾਏ ਗਏ ਹਨ। (ਬਾਕੀ ਸਫ਼ਾ 29 'ਤੇ)

## ਕੈਨੇਡਾ 'ਚ ਵਿਵਾਦਿਤ ਝਾਕੀ ਦਾ ਮਾਮਲਾ

# ਭਾਰਤ ਸਰਕਾਰ ਕੈਨੇਡਾ 'ਚ ਖ਼ਾਲਿਸਤਾਨੀਆਂ ਦੀਆਂ ਸਰਗਰਮੀਆਂ ਤੋਂ ਔਖੀ

## ਕੈਨੇਡਾ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਨਾ ਕਰੇ ਭਾਰਤ : ਜੋਡੀ ਥਾਮਸ



ਟੋਰਾਂਟੋ / ਏ.ਟੀ.ਨਿਊਜ਼ : ਖ਼ਾਲਿਸਤਾਨ ਦੇ ਮੁੱਦੇ 'ਤੇ ਕੈਨੇਡੀਅਨ ਸਰਕਾਰ ਦੀ ਚੁੱਪ ਤੋਂ ਮੋਦੀ ਸਰਕਾਰ ਔਖੀ ਹੈ। ਹਾਲ ਹੀ ਵਿੱਚ ਬਰੈਂਪਟਨ ਸ਼ਹਿਰ ਵਿੱਚ ਮਰਹੂਮ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਰਸਾਉਂਦੀ ਭਾਰਤ ਸਰਕਾਰ ਨੂੰ ਪਰੇਸ਼ਾਨ ਕਰਨ ਵਾਲੀ ਝਾਕੀ ਪਰੇਡ ਵਿੱਚ ਦਿਖਾਈ ਗਈ, ਜੋ ਕੈਨੇਡਾ ਵਿੱਚ ਖ਼ਾਲਿਸਤਾਨੀਆਂ ਦੇ ਵਧ ਰਹੇ ਪ੍ਰਭਾਵ ਨੂੰ ਸਪਸ਼ਟ ਰੂਪ ਵਿੱਚ ਉਜਾਗਰ ਕਰਦੀ ਹੈ। ਹਾਲਾਂ ਕਿ ਆਮ ਸੰਗਤ ਤੇ ਸ਼੍ਰੋਮਣੀ ਕਮੇਟੀ ਇਸ ਝਾਕੀ ਨੂੰ ਸਹੀ ਤੇ ਸਿੱਖ ਇਤਿਹਾਸ ਅਨੁਸਾਰ ਮੰਨ ਰਹੀ ਹੈ।

ਦੂਸਰੇ ਪਾਸੇ ਭਾਰਤ ਸਰਕਾਰ ਕਈ ਕੈਨੇਡੀਅਨ ਸਿਆਸਤਦਾਨਾਂ 'ਤੇ ਚੋਣਾਂ ਵਿੱਚ ਜਿੱਤ ਹਾਸਲ ਕਰਨ ਲਈ ਖ਼ਾਲਿਸਤਾਨੀ ਵੱਖਵਾਦੀਆਂ ਅੱਗੇ ਝੁਕਣ ਦੇ ਦੋਸ਼ ਲਗਾ ਚੁੱਕੀ ਹੈ। ਕੈਨੇਡਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਡੀ ਥਾਮਸ ਨੇ ਹਾਲ ਹੀ ਵਿੱਚ ਭਾਰਤ 'ਤੇ 'ਦਖਲਅੰਦਾਜ਼ੀ' ਦਾ ਦੋਸ਼ ਲਗਾਇਆ ਸੀ। ਉਹਨਾਂ ਦਾ ਕਹਿਣਾ ਸੀ ਕਿ ਕੈਨੇਡਾ ਸਰਕਾਰ ਸੰਵਿਧਾਨਕ ਅਜ਼ਾਦੀ ਤੋਂ ਬਾਹਰ ਨਹੀਂ ਜਾ ਸਕਦੀ। ਭਾਰਤ ਸਰਕਾਰ ਕੈਨੇਡਾ ਸਰਕਾਰ ਨੂੰ ਆਰਥਿਕ ਸੰਬੰਧ ਤੋੜਨ ਦੀਆਂ ਧਮਕੀਆਂ ਦੇ ਚੁੱਕੀ ਹੈ ਪਰ ਕੈਨੇਡਾ ਸਰਕਾਰ ਭਾਰਤ ਦੀ ਪਰਵਾਹ ਨਹੀਂ ਕਰ ਰਹੀ। ਸਿੱਖ ਡਾਇਸਪੋਰਾ, ਜੋ ਕਿ ਕੈਨੇਡਾ ਦੀ ਕੁੱਲ ਆਬਾਦੀ ਦਾ 2.1 ਪ੍ਰਤੀਸ਼ਤ ਹੈ, ਕੈਨੇਡੀਅਨ ਸਮਾਜ ਅਤੇ ਰਾਜਨੀਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜ਼ਿਕਰਯੋਗ ਹੈ ਕਿ ਕੈਨੇਡੀਅਨ ਸਿੱਖ ਜਗਮੀਤ ਸਿੰਘ ਖੱਬੇ ਪੱਖੀ ਨਿਊ ਡੈਮੋਕਰੇਟਿਕ ਪਾਰਟੀ ਆਫ ਕੈਨੇਡਾ ਦੇ ਮੁਖੀ ਹਨ। ਸਿਆਸੀ ਲੈਂਡਸਕੇਪ 'ਤੇ ਭਾਈਚਾਰੇ ਦਾ ਸੰਭਾਵੀ ਪ੍ਰਭਾਵ ਮਹੱਤਵਪੂਰਨ ਹੈ, ਜੋ ਕਿ ਭਾਰਤ ਸਰਕਾਰ ਲਈ ਚਿੰਤਾ ਦਾ ਕਾਰਣ ਬਣਿਆ ਹੋਇਆ ਹੈ।

**ਲੰਡਨ ਵਿੱਚ ਖ਼ਾਲਿਸਤਾਨੀਆਂ ਉੱਤੇ ਨਜ਼ਰ**

ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਆਮ ਜਨਤਾ ਤੋਂ ਉਹਨਾਂ ਖ਼ਾਲਿਸਤਾਨੀਆਂ ਦੀ ਪਛਾਣ ਕਰਨ ਲਈ ਮਦਦ ਮੰਗੀ ਹੈ, ਜਿਨ੍ਹਾਂ ਇਸ ਸਾਲ ਮਾਰਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿਚ ਹਿੰਸਕ ਪ੍ਰਦਰਸ਼ਨ ਕਰਦਿਆਂ ਭੰਨਤੋੜ ਕਰਨ ਦੀ ਕੋਸ਼ਿਸ਼ ਕੀਤੀ ਸੀ। ਐਨ.ਆਈ.ਏ. ਦੇ ਬੁਲਾਰੇ ਨੇ ਜਾਂਚ ਏਜੰਸੀ ਦੇ ਟਵਿੱਟਰ ਹੈਂਡਲ 'ਤੇ 19 ਮਾਰਚ ਨੂੰ ਲੰਡਨ ਵਿੱਚ ਵਾਪਰੀ ਇਸ ਘਟਨਾ ਦੀਆਂ 5 ਵੀਡੀਓਜ਼ ਦੇ ਲਿੰਕ ਪੋਸਟ ਕਰਕੇ ਲੋਕਾਂ ਨੂੰ ਫੁੱਟੇਜ ਵਿੱਚ ਵਿਖਾਈ ਦੇਣ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਜਾਂਚ ਏਜੰਸੀ ਨੂੰ ਦੇਣ ਦੀ ਅਪੀਲ ਕੀਤੀ ਹੈ। ਐਨ.ਆਈ.ਏ. ਨੇ ਉਕਤ ਮਾਮਲੇ ਦੀ ਜਾਂਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਤੋਂ ਆਪਣੇ ਹੱਥ ਲੈ ਲਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕਾਰਵਾਈ ਕਰਨ ਦੇ ਵਿਰੋਧ ਵਿੱਚ ਕੁਝ ਸਿੱਖਾਂ ਨੇ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿੱਚ ਪ੍ਰਦਰਸ਼ਨ ਕਰਦਿਆਂ ਤਿਰੰਗੇ ਝੰਡੇ ਨੂੰ ਹੇਠਾਂ ਉਤਾਰ ਦਿੱਤਾ ਸੀ।

## ਝਾਕੀ ਦਿਖਾਉਣਾ ਕੋਈ ਅਪਰਾਧ ਨਹੀਂ : ਮੇਅਰ ਪੈਟ੍ਰਿਕ ਬਰਾਊਨ




ਕੈਨੇਡਾ ਦੇ ਬਰੈਂਪਟਨ ਵਿੱਚ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੀ ਝਾਕੀ ਦਿਖਾਉਣ ਸਬੰਧੀ ਪੈਦਾ ਵਿਵਾਦ ਸਬੰਧੀ ਬਰੈਂਪਟਨ ਸਿਟੀ ਦੇ ਮੇਅਰ ਪੈਟਰਿਕ ਬਰਾਊਨ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਮਾਮਲਾ ਕਾਨੂੰਨੀ ਤੌਰ 'ਤੇ ਨਫ਼ਰਤੀ ਅਪਰਾਧ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ ਹੈ।

ਮੇਅਰ ਪੈਟ੍ਰਿਕ ਬ੍ਰਾਊਨ ਨੇ ਕਿਹਾ ਕਿ ਕੈਨੇਡੀਅਨ ਕਾਨੂੰਨ ਤਹਿਤ ਇਹ ਨਹੀਂ ਮੰਨਿਆ ਜਾ ਸਕਦਾ ਕਿ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਪਰੇਡ ਦੌਰਾਨ ਦਾ ਦ੍ਰਿਸ਼ ਨਫ਼ਰਤੀ ਅਪਰਾਧ ਹੈ। ਉਸਨੇ ਦੱਸਿਆ ਕਿ ਉਹ ਇਸ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ ਸਨ ਅਤੇ ਨਾ ਹੀ ਇਹ ਸਿਟੀ ਆਫ਼ ਬਰੈਂਪਟਨ ਸਮਾਗਮ ਸੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਕੈਨੇਡੀਅਨ ਕਾਨੂੰਨ ਕੈਨੇਡੀਅਨਾਂ ਨੂੰ ਵਿਚਾਰ, ਵਿਸ਼ਵਾਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਇਸ ਨਾਲ ਸਬੰਧਿਤ ਕਾਨੂੰਨ ਨੂੰ ਬਦਲਣ ਦਾ ਕੋਈ ਵੀ ਫੈਸਲਾ ਸੰਘੀ ਪੱਧਰ 'ਤੇ ਲਿਆ ਜਾਂਦਾ ਹੈ। ਪੁਲਿਸ ਕਾਨੂੰਨ ਲਾਗੂ ਕਰਦੀ ਹੈ, ਉਹਨਾਂ ਨੂੰ ਨਹੀਂ ਬਣਾਉਂਦੀ।

ਜ਼ਿਕਰ ਯੋਗ ਹੈ ਕਿ ਸਾਕਾ ਨੀਲਾ ਤਾਰਾ ਦੀ 39ਵੀਂ ਬਰਸੀ ਤੋਂ ਦੋ ਦਿਨ ਪਹਿਲਾਂ 4 ਜੂਨ ਨੂੰ ਇੱਕ ਪਰੇਡ ਦੌਰਾਨ ਇਹ ਝਾਕੀ ਕੱਢੀ ਗਈ ਸੀ। ਖ਼ਾਲਿਸਤਾਨ ਸਮਰਥਕਾਂ ਦੀ ਇਸ ਝਾਕੀ ਵਿੱਚ ਦੋ ਸਿੱਖ ਬੰਦੂਕਧਾਰੀ ਸਾਬਕਾ ਪ੍ਰਧਾਨ ਮੰਤਰੀ ਨੂੰ ਗੋਲੀ ਮਾਰਦੇ ਹੋਏ ਨਜ਼ਰ ਆਏ। ਇਸ ਦੇ ਨਾਲ ਹੀ ਪੋਸਟਰ ਵੀ ਲਗਾਏ ਗਏ ਸਨ, ਜਿਸ ਵਿੱਚ ਲਿਖਿਆ ਸੀ ਕਿ ਇਹ ਬਦਲ ਗਿਆ ਹੈ। ਹੋਰ ਝਾਕੀਆਂ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦਾ ਜ਼ਿਕਰ ਕਰਦੇ ਬੈਨਰ ਵੀ ਸਨ।

## ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਸਬੰਧੀ ਲਗਾਇਆ ਗਿਆ ਮੁਫ਼ਤ ਮੈਡੀਕਲ ਕੈਂਪ



ਸਿਨਸਿਨਾਟੀ/ਏ.ਟੀ.ਨਿਊਜ਼: ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕ੍ਰਾਈਸਟ ਹਸਪਤਾਲ ਦੀ ਸਾਊਥ ਏਸ਼ੀਅਨ ਕਾਰਡੀਓਵੈਸਕੁਲਰ ਕਲੀਨਿਕ ਦੇ ਸਹਿਯੋਗ ਨਾਲ ਦਿਲ ਦੇ ਰੋਗਾਂ ਦੀ ਜਾਂਚ ਨਾਲ ਸੰਬੰਧਿਤ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਸਤਿੰਦਰ ਸਿੰਘ ਭਾਰਜ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੰਤੋਸ਼ ਮੈਨਨ, ਡਾ. ਸ਼ਾਦ ਹਸਨ, ਨਰਸਾਂ ਦੀ ਟੀਮ, ਜਿਸ ਵਿੱਚ ਵਰਿੰਦਰ ਕੌਰ ਸਿੱਧੂ ਤੇ ਮਿਪਨਦੀਪ ਕੌਰ ਸਹੋਤਾ ਅਤੇ ਫਾਰਮਾਸਿਸਟ ਡਾ. ਕਿਰਨਪਾਲ ਸਿੰਘ ਸੰਘਾ ਵੀ ਸ਼ਾਮਲ ਸਨ, ਨੇ ਤਕਰੀਬਨ 80 ਮੈਂਬਰਾਂ ਦੀ ਜਾਂਚ ਕੀਤੀ ਅਤੇ ਹਰੇਕ ਨੂੰ ਜਾਂਚ ਰਿਪੋਰਟ ਵੀ ਦਿੱਤੀ ਗਈ। ਭਾਰਜ ਅਨੁਸਾਰ ਮੁੱਢਲੀ ਜਾਂਚ ਤੋਂ ਬਾਦ 60 ਜਾਣਿਆਂ ਦੀ ਈਕੇਜੀ ਅਤੇ ਉਸ ਤੋਂ ਬਾਦ ਹੋਰ ਵਧੇਰੇ ਜਾਂਚ ਲਈ ਤਕਰੀਬਨ 45 ਜਾਣਿਆਂ ਦੀ ਐਕੋਕਾਰਡੀਓਗ੍ਰਾਫੀ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਕ੍ਰਾਈਸਟ ਹਸਪਤਾਲ ਦੇ ਸਹਿਯੋਗ ਨਾਲ ਹਰ ਸਾਲ ਦੋ ਵਾਰ ਦਿਲ ਦੀ ਜਾਂਚ ਅਤੇ ਦੋ ਵਾਰ ਵਿਸਾਖੀ ਤੇ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੂਰਬ ਮੌਕੇ ਫ੍ਰੀ ਮੈਡੀਕਲ ਕੈਂਪ ਲਾਏ ਜਾਂਦੇ ਹਨ। ਸੰਗਤ ਮੈਂਬਰਾਂ ਨੇ ਹਰ ਸਾਲ ਕੀਤੇ ਜਾਂਦੇ ਇਸ ਉਪਰਾਲੇ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਸਾਲ ਵਿੱਚ ਦੋ ਵਾਰ ਮੁਫ਼ਤ ਆਪਣੇ ਦਿਲ ਅਤੇ ਹੋਰ ਸਰੀਰਕ ਜਾਂਚ ਕਰਾਉਣ ਦਾ ਮੌਕਾ ਮਿਲਦਾ ਹੈ ਤਾਂ ਜੋ ਕਿਸੇ ਤਰਾਂ ਦੀ ਵੀ ਬਿਮਾਰੀ ਦਾ ਪਹਿਲਾਂ ਹੀ ਪਤਾ ਲਾਇਆ ਜਾ ਸਕੇ।

## ਇੰਗਲੈਂਡ ਦੀ ਆਕਸਫ਼ੋਰਡ ਯੂਨੀਵਰਸਿਟੀ 'ਚ ਲੱਗਿਆ ਪਹਿਲਾ ਲੰਗਰ, 100 ਤੋਂ ਵੱਧ ਲੋਕਾਂ ਨੇ ਛਕਿਆ

### ਕਮਜ਼ੋਰ ਲੋਕਾਂ ਲਈ ਹੋਰ ਲੰਗਰਾਂ ਦੀ ਸ਼ੁਰੂਆਤ ਹੋਵੇਗੀ: ਸੇਰੇਨ ਸਿੰਘ





ਲੰਡਨ/ ਏ.ਟੀ.ਨਿਊਜ਼: ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੇ ਪਹਿਲੀ ਵਾਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ। ਇਸ ਮੌਕੇ 100 ਤੋਂ ਵੱਧ ਲੋਕਾਂ ਨੇ ਲੰਗਰ ਛਕਿਆ। ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਮਾਈਕਲ ਅਕੋਲੇਡ ਅਯੋਦੇਜੀ ਨੇ ਲੰਗਰ ਨੂੰ 'ਬੇਮਿਸਾਲ ਅਨੁਭਵ' ਕਰਾਰ ਦਿੱਤਾ। ਯੂਨੀਵਰਸਿਟੀ ਦੇ ਇਸ ਖ਼ਾਸ ਈਵੈਂਟ ਦੀ ਖ਼ਾਸੀਅਤ ਇਹ ਰਹੀ ਕਿ ਹਰੇਕ ਮਹਿਮਾਨ ਨੂੰ ਸਿਰ ਢੱਕਣ ਲਈ ਖ਼ਾਸ ਰੁਮਾਲੇ ਦਿੱਤੇ ਗਏ ਸਨ, ਜਿਨ੍ਹਾਂ 'ਤੇ ਉਨ੍ਹਾਂ ਦੇ ਨਾਂ ਲਿਖੇ ਹੋਏ ਸਨ। ਆਕਸਫੋਰਡ ਸਿੱਖ ਸੁਸਾਇਟੀ ਦੇ ਪ੍ਰਧਾਨ ਸੇਰੇਨ ਸਿੰਘ ਨੇ ਸਿੱਖ ਕਦਰਾਂ-ਕੀਮਤਾਂ ਬਾਰੇ ਇੱਕ ਪੇਸ਼ਕਾਰੀ ਵੀ ਦਿੱਤੀ, ਜਿਸ ਨੂੰ ਖ਼ੂਬ ਸਲਾਹਿਆ ਗਿਆ। ਉਹਨਾਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਇਹ ਲੰਗਰ ਨਾ ਸਿਰਫ਼ ਯੂਨੀਵਰਸਿਟੀ ਦੇ ਹਾਜ਼ਰੀਨਾਂ ਲਈ, ਸਗੋਂ ਹੋਰ ਲੋਕਾਂ ਲਈ ਵੀ ਇੱਕ ਸਾਲਾਨਾ ਪਰੰਪਰਾ ਬਣੇਗਾ, ਖਾਸ ਕਰਕੇ ਉਹਨਾਂ ਲਈ ਜੋ ਇਸ ਸਮੇਂ ਆਕਸਫੋਰਡ ਵਿੱਚ ਬੇਘਰ ਹਨ ਜਾਂ ਭੁੱਖੇ ਹਨ। ਉਹਨਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਆਉਂਦੇ ਸਮੇਂ ਵਿੱਚ ਕਮਜ਼ੋਰ ਲੋਕਾਂ ਲਈ ਹੋਰ ਲੰਗਰਾਂ ਦੀ ਸ਼ੁਰੂਆਤ ਹੋਵੇਗੀ। ਉਨ੍ਹਾਂ ਦੇ ਸੰਬੋਧਨ ਮਗਰੋਂ, ਰਵਾਇਤੀ ਭਾਰਤੀ ਸ਼ਾਸਤਰੀ ਸਾਜ਼ਾਂ ਦੇ ਨਾਲ ਸਿੱਖ ਕੀਰਤਨ ਕੀਤਾ ਗਿਆ ਅਤੇ ਅੰਤ ਵਿੱਚ ਸਭ ਨੇ ਮਿਲ ਕੇ ਪੰਗਤ 'ਚ ਬੈਠ ਕੇ ਲੰਗਰ ਛਕਿਆ।

ਯਾਦ ਰਹੇ ਕਿ ਪੂਰੇ ਵਿਸ਼ਵ ਵਿੱਚ ਸਿੱਖ ਪੰਥ ਹੀ ਅਜਿਹਾ ਨਿਰਾਲਾ ਪੰਥ ਹੈ ਜਿਸ ਵੱਲੋਂ ਮੁਸੀਬਤ, ਕੁਦਰਤੀ ਆਫ਼ਤਾਂ, ਪ੍ਰਦਰਸ਼ਨਾਂ ਆਦਿ ਦੌਰਾਨ ਗੁਰਦੁਆਰਿਆਂ ਵਿੱਚ ਲੰਗਰ ਤੋਂ ਇਲਾਵਾ, ਵੱਖ-ਵੱਖ ਸਮੇਂ 'ਤੇ ਜ਼ਰੂਰਤ ਅਨੁਸਾਰ ਵੱਖ-ਵੱਖ ਥਾਂਵਾਂ 'ਤੇ ਲੰਗਰ ਲਗਾਏ ਜਾਂਦੇ ਹਨ। ਜਿਸ ਵੇਲੇ ਕਿਸਾਨ ਦਿੱਲੀ ਦੇ ਬਾਰਡਰਾਂ 'ਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਮਹੀਨਿਆਂ ਬੱਧੀ ਅੰਦੋਲਨ ਵਿੱਢੀ ਬੈਠੇ ਸਨ, ਉਸ ਵੇਲੇ ਲਗਾਤਾਰ ਚੱਲਦੇ ਲੰਗਰਾਂ ਨੇ ਇਸ ਅੰਦੋਲਨ ਨੂੰ ਬਹੁਤ ਮਜ਼ਬੂਤੀ ਦਿੱਤੀ ਸੀ। ਇਸੇ ਤਰ੍ਹਾਂ ਕੋਰੋਨਾ ਮਹਾਂਮਾਰੀ ਦੇ ਸਮੇਂ ਵੀ ਵੱਖ-ਵੱਖ ਥਾਂਵਾਂ 'ਤੇ ਕੱਪੜੇ, ਦਵਾਈਆਂ, ਕਿਤਾਬਾਂ ਅਤੇ ਸਿਹਤ ਸਹੂਲਤਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਬਿ.ਗਸ਼ ਸਿੱਖ ਕੌਂਸਲ ਦੇ ਮੁਖੀ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਨੇਪਾਲ ਵਿੱਚ ਆਇਆ ਭੂਚਾਲ ਹੋਵੇ ਜਾਂ ਗੁਜਰਾਤ ਵਿੱਚ , ਗੁਰਦੁਆਰਿਆਂ ਅਤੇ ਹੋਰ ਸੇਵਾ ਸੰਸਥਾਵਾਂ ਵੱਲੋਂ ਰਾਹਤ ਕਾਰਜਾਂ ਵਿੱਚ ਲੰਗਰ ਦੀ ਸੇਵਾ ਨਿਭਾਈ ਜਾਂਦੀ ਹੈ। ਇਸ ਦਾ ਮੁੱਖ ਉਦੇਸ਼ ਭੁੱਖੇ ਲੋਕਾਂ ਦਾ ਢਿੱਡ ਭਰਨਾ ਅਤੇ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਨੂੰ ਖ਼ਤਮ ਕਰਨਾ ਹੈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ ਤਾਂ ਇਸ ਨੇ ਸਮਾਜਿਕ ਭਾਈਚਾਰੇ ਨੂੰ ਬਹੁਤ ਵਧਾਇਆ, ਕਿਉਂਕਿ ਲੰਗਰ ਵਿੱਚ ਸਾਰਿਆਂ ਨੇ ਬਿਨਾਂ ਕਿਸੇ ਭੇਦ ਭਾਵ ਜਾਂ ਵਿਤਕਰੇ ਦੇ ਇਕੱਠਿਆਂ ਬੈਠ ਕੇ ਖਾਣਾ ਹੁੰਦਾ ਸੀ।

(ਬਾਕੀ ਸਫ਼ਾ 29 'ਤੇ)

# ਅਮਰੀਕਾ ਖ਼ਬਰਨਾਮਾ

## ਅਮਰੀਕਾ 'ਚ ਦਿਖਾਈ ਜਾਵੇਗੀ ਬੀ.ਬੀ.ਸੀ. ਦੀ ਦਸਤਾਵੇਜ਼ੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਇਸ ਮਹੀਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਜਾ ਰਹੇ ਹਨ। 22 ਜੂਨ ਨੂੰ ਭਾਰਤੀ ਪ੍ਰਧਾਨ ਮੰਤਰੀ ਵ੍ਹਾਈਟ ਹਾਊਸ ਵਿੱਚ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨਾਲ ਮੁਲਾਕਾਤ ਕਰਨਗੇ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਮੁਤਾਬਕ, ਇਹ ਮੁਲਾਕਾਤ ਭਾਰਤ ਅਤੇ ਅਮਰੀਕਾ ਵਿਚਾਲੇ ਪਰਿਵਾਰਕ ਅਤੇ ਦੋਸਤਾਨਾ ਸੰਬੰਧਾਂ ਨੂੰ ਹੋਰ ਮਜ਼ਬੂਤ ਕਰੇਗੀ। ਇਸ ਦੌਰਾਨ ਅਮਰੀਕਾ ਵਿੱਚ, ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ 20 ਜੂਨ ਨੂੰ ਭਾਰਤ ਵਿੱਚ ਪਾਬੰਦੀਸ਼ੁਦਾ ਬੀਬੀਸੀ ਦੀ ਡਾਕੂਮੈਂਟਰੀ 'ਇੰਡੀਆ ਦਿ ਮੋਦੀ ਕਵੇਸ਼ਨ' ਦੀ ਸਕ੍ਰੀਨਿੰਗ ਦਾ ਆਯੋਜਨ ਕੀਤਾ ਗਿਆ ਹੈ। ਇਸ ਨਿੱਜੀ ਸਕ੍ਰੀਨਿੰਗ ਲਈ ਕਈ ਸਿਆਸਤਦਾਨਾਂ, ਪੱਤਰਕਾਰਾਂ ਅਤੇ ਵਿਸ਼ਲੇਸ਼ਕਾਂ ਨੂੰ ਸੱਦਾ ਦਿੱਤਾ ਹੈ। ਇਸ ਦਾ ਐਲਾਨ ਕਰਦੇ ਹੋਏ ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਇਸ ਸਮਾਗਮ ਦਾ ਮਕਸਦ ਲੋਕਾਂ ਨੂੰ ਯਾਦ ਦਿਵਾਉਣਾ ਹੈ ਕਿ ਇਸ ਫਿਲਮ 'ਤੇ ਭਾਰਤ ਵਿੱਚ ਦਿਖਾਏ ਜਾਣ ਉਪਰ ਪਾਬੰਦੀ ਹੈ।




ਮੋਦੀ ਦੀ ਇਸ ਫੇਰੀ ਤੋਂ ਪਹਿਲਾਂ ਹੀ ਅਮਰੀਕਾ ਆਧਾਰਿਤ ਮਨੁੱਖੀ ਅਧਿਕਾਰ ਸੰਗਠਨ ਸਰਗਰਮ ਹੋ ਗਏ ਹਨ। ਉਹ ਲਗਾਤਾਰ ਭਾਰਤ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਕਰਨ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਦੁਰਵਿਵਹਾਰ ਕਰਨ ਦਾ ਦੋਸ਼ ਲਾਉਂਦੇ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਨਰਿੰਦਰ ਮੋਦੀ ਦੀ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤ ਵਿੱਚ ਕੱਟੜਵਾਦ ਫਿਰਕੂਵਾਦ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਧੀ ਹੈ ਅਤੇ ਮੀਡੀਆ ਦੀ ਆਜ਼ਾਦੀ ਘਟੀ ਹੈ। ਮਨੁੱਖੀ ਅਧਿਕਾਰ ਕਾਰਕੁਨਾਂ ਦਾ ਦੋਸ਼ ਹੈ ਕਿ ਭਾਜਪਾ ਸਰਕਾਰ ਨੇ ਆਪਣੀਆਂ ਧਰੁਵੀਕਰਨ ਨੀਤੀਆਂ ਨਾਲ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਕਈ ਅੱਤਿਆਚਾਰ ਕੀਤੇ ਹਨ। ਹਾਲਾਂ ਕਿ ਭਾਰਤ ਸਰਕਾਰ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੀ ਰਹੀ ਹੈ।

**ਬੀਬੀਸੀ ਦਸਤਾਵੇਜ਼ੀ**

ਬੀਬੀਸੀ ਨੇ ਇਸ ਡਾਕੂਮੈਂਟਰੀ ਨੂੰ ਦੋ ਭਾਗਾਂ ਵਿੱਚ ਬਣਾਇਆ ਹੈ ਜਿਸ ਦਾ ਨਾਮ ਹੈ - ਇੰਡੀਆ: ਦਾ ਮੋਦੀ ਕੁਵੇਸ਼ਨ। ਭਾਰਤ ਨੇ ਨਾ ਸਿਰਫ਼ ਡਾਕੂਮੈਂਟਰੀ 'ਤੇ ਇਤਰਾਜ਼ ਜਤਾਇਆ ਸੀ, ਸਗੋਂ ਇਸ ਦੇ ਟੈਲੀਕਾਸਟ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਡਾਕੂਮੈਂਟਰੀ 2002 ਦੌਰਾਨ ਗੁਜਰਾਤ ਰਾਜ ਵਿੱਚ ਹੋਏ ਦੰਗਿਆਂ ਬਾਰੇ ਹੈ ਜਦੋਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ। ਗੁਜਰਾਤ ਵਿੱਚ ਗੋਧਰਾ ਤੋਂ ਬਾਅਦ ਹੋਏ ਦੰਗਿਆਂ ਵਿੱਚ ਕਰੀਬ 2,000 ਲੋਕ ਮਾਰੇ ਗਏ ਸਨ ਅਤੇ ਦਸਤਾਵੇਜ਼ੀ ਫਿਲਮ ਮੋਦੀ ਦੀ ਭੂਮਿਕਾ ਉੱਤੇ ਸਵਾਲ ਉਠਾਉਂਦੀ ਹੈ।

## ਅਮਰੀਕਾ ਜੁਲਾਈ ਦੌਰਾਨ ਯੂਨੈਸਕੋ 'ਚ ਹੋਵੇਗਾ ਸ਼ਾਮਲ

ਕੈਲੀਫੋਰਨੀਆ/ਏ.ਟੀ.ਨਿਊਜ਼ : ਅਮਰੀਕਾ ਜੁਲਾਈ ਵਿੱਚ ਫਿਰ ਤੋਂ ਸੰਯੁਕਤ ਰਾਸ਼ਟਰ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ (ਯੂਨੈਸਕੋ) ਵਿੱਚ ਮੁੜ ਸ਼ਾਮਲ ਹੋਵੇਗਾ। ਏਜੰਸੀ ਨੇ ਕਈ ਸਾਲਾਂ ਦੇ ਤਣਾਅਪੂਰਨ ਸੰਬੰਧਾਂ ਤੋਂ ਬਾਅਦ ਇਹ ਐਲਾਨ ਕੀਤਾ। ਸਾਲ 2017 ਵਿੱਚ ਅਮਰੀਕਾ ਯੂਨੈਸਕੋ ਤੋਂ ਵੱਖ ਹੋ ਗਿਆ ਸੀ।



ਏਜੰਸੀ ਅਨੁਸਾਰ ਨਵੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ ਜੋ ਯੂਨੈਸਕੋ ਨੂੰ ਆਧੁਨਿਕ ਮੁੱਦਿਆਂ ਜਿਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਂ ਸਮੁੰਦਰੀ ਸੰਭਾਲ ਦੀ ਨੈਤਿਕਤਾ ਨੂੰ ਪੂਰੀ ਤਰ੍ਹਾਂ ਸੰਬੋਧਿਤ ਕਰਨ ਦੀ ਆਗਿਆ ਦਿੰਦੀਆਂ ਹਨ, ਜਦੋਂ ਕਿ ਮੋਸੂਲ, ਇਰਾਕ ਦੇ ਪੁਨਰ ਨਿਰਮਾਣ ਵਰਗੀਆਂ ਪ੍ਰਤੀਕ ਨਵੀਆਂ ਫੀਲਡ ਮੁਹਿੰਮਾਂ, ਸੰਗਠਨ ਨੂੰ ਇਸ ਦੇ ਇਤਿਹਾਸਕ ਟੀਚਿਆਂ ਦੀ ਤਸਦੀਕ ਕਰਨ ਦੀ ਇਜਾਜ਼ਤ ਦਿੱਤੀ ਗਈ। ਏਜੰਸੀ ਅਨੁਸਾਰ 2018 ਤੋਂ ਪ੍ਰਸ਼ਾਸਨਿਕ ਸੁਧਾਰ ਹੋਏ ਹਨ, ਜਿਸ ਨਾਲ ਯੂਨੈਸਕੋ ਦੀ ਕੁਸ਼ਲਤਾ ਅਤੇ ਵਿੱਤੀ ਸਥਿਰਤਾ ਵਿੱਚ ਸੁਧਾਰ ਹੋਇਆ ਹੈ। ਦਸੰਬਰ 2022 ਵਿੱਚ ਯੂਨੈਸਕੋ ਨੂੰ ਵਿੱਤੀ ਭੁਗਤਾਨਾਂ ਨੂੰ ਅਧਿਕਾਰਤ ਕਰਨ ਦੇ ਕਾਂਗਰਸ ਦੇ ਫ਼ੈਸਲੇ ਦੁਆਰਾ ਯੂ.ਐੱਸ ਦੀ ਵਾਪਸੀ ਸੰਭਵ ਹੋਈ ਹੈ।

## ਸਮੁੰਦਰੀ ਤੱਟ 'ਤੇ ਰੁੜ੍ਹੀ ਜਾਂਦੀ ਧੀ ਨੂੰ ਬਚਾਉਂਦੇ ਹੋਏ ਪਿਓ ਦੀ ਮੌਤ

ਨਿਊਜਰਸੀ/ਹੁਸਨ ਲੜੋਆ ਬੰਗਾ- ਬੀਤੇ ਦਿਨ ਨਿਊਜਰਸੀ ਜਰਸੀ ਸ਼ੋਰ ਦੇ ਏਵਨ ਬੀਚ 'ਤੇ ਆਪਣੀ ਧੀ ਦੀ ਜਾਨ ਬਚਾਉਂਦੇ ਹੋਏ ਪਿਓ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ ਦੇ ਫਾਇਰਫਾਈਟਰ ਮਾਰਕ ਬੈਟਿਸਟਾ ਵਜੋਂ ਕੀਤੀ ਗਈ ਹੈ।



ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰਕ ਆਪਣੀ ਨਾਬਾਲਗ ਧੀ ਨੂੰ ਰਿਪ ਕਰੰਟ ਤੋਂ ਬਚਾ ਰਿਹਾ ਸੀ, ਜਦੋਂ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਜਦੋਂ ਉਹ ਧੀ ਦੀ ਜਾਨ ਬਚਾਅ ਰਿਹਾ ਸੀ, ਉਦੋਂ ਪਾਣੀ ਦੇ ਜਿਆਦਾ ਵਹਾਅ ਕਾਰਨ ਉਹ ਵਹਿ ਗਿਆ। ਜਦਕਿ ਮੌਕੇ ਤੇ ਡਿਊਟੀ 'ਤੇ ਕੋਈ ਲਾਈਫਗਾਰਡ ਵੀ ਨਹੀਂ ਸਨ, ਇਸ ਲਈ ਐਮਰਜੈਂਸੀ ਅਮਲੇ ਨੇ ਕਿਹਾ ਕਿ ਆਪਣੀ ਧੀ ਦੀ ਜਾਨ ਬਚਾਉਣ ਲਈ ਮਾਰਕ ਨੇ ਪਾਣੀ ਵਿੱਚ ਛਾਲ ਮਾਰ ਦਿੱਤੀ। ਬਚਾਅ ਅਮਲੇ ਨੂੰ ਬਾਅਦ ਵਿੱਚ ਉਸ ਦੀ ਲਾਸ਼ ਮਿਲੀ। ਅਧਿਕਾਰੀਆਂ ਨੇ ਘਟਨਾ ਦੇ ਸੰਬੰਧ ਵਿੱਚ ਬਿਆਨ ਜਾਰੀ ਕੀਤਾ ਅਤੇ ਕਿਹਾ ਕਿ ਅਸੀਂ ਫਾਇਰਫਾਈਟਰ ਮਾਰਕ ਬੈਟਿਸਟਾ ਦੀ ਮੌਤ ਬਾਰੇ ਸੁਣਿਆ। ਅਸੀਂ ਬਹੁਤ ਦੁਖੀ ਹਾਂ, ਜਿਸ ਦੀ ਬੀਤੇ ਦਿਨ ਜਰਸੀ ਸ਼ੋਰ 'ਤੇ ਤੈਰਾਕੀ ਕਰਦੇ ਹੋਏ ਮੌਤ ਹੋ ਗਈ ਸੀ। ਫਾਇਰਫਾਈਟਰ ਮਾਰਕ ਇੱਕ ਸਮਰਪਿਤ ਜਨਤਕ ਸੇਵਕ ਸੀ, ਜਿਸ ਨੇ ਵਿਭਾਗ ਵਿੱਚ 15 ਸਾਲ ਬਿਤਾਏ। ਬੀਚ 'ਤੇ ਇਸ ਘਟਨਾ ਦੇ ਗਵਾਹ ਬੌਬ ਜ਼ੀਲਿਨਸਕੀ ਨੇ ਕਿਹਾ ਕਿ (ਬਾਕੀ ਸਫ਼ਾ 29 'ਤੇ)

## ਅਮਰੀਕਾ 'ਚ ਦੁਕਾਨ ਵਿੱਚ ਲੁੱਟ ਦੌਰਾਨ ਭਾਰਤੀ ਮੂਲ ਦੇ 20 ਸਾਲਾ ਨੌਜਵਾਨ ਦੀ ਮੌਤ

ਨਿਊਯਾਰਕ/ਏ. ਟੀ.ਨਿਊਜ਼ : ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਬੀਤੇ ਐਤਵਾਰ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਵਿਖੇ ਇਕ ਸ਼ਰਾਬ ਦੀ ਦੁਕਾਨ 'ਤੇ ਲੁੱਟ ਦੀ ਨੀਯਤ ਨੂੰ ਲੈ ਕੇ ਗੋਲੀਬਾਰੀ ਹੋਈ। ਇਸ ਗੋਲੀਬਾਰੀ 'ਚ ਆਪਣੇ ਹੀ ਸ਼ਰਾਬ ਦੇ ਸਟੋਰ 'ਤੇ ਰਾਤ ਨੂੰ ਕੰਮ ਕਰਦੇ ਭਾਰਤ ਤੋਂ ਹਰਿਆਣਾ ਨਾਲ ਪਿਛੋਕੜ ਰੱਖਣ ਵਾਲੇ ਪਰਿਵਾਰ ਦੇ 20 ਸਾਲ ਦੀ ਉਮਰ ਦੇ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ 16 ਸਾਲਾ ਹਥਿਆਰਬੰਦ ਡਕੈਤੀ ਦੇ ਸ਼ੱਕੀ ਦੀ ਵੀ ਮੌਤ ਹੋ ਗਈ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਅਤੇ ਹਥਿਆਰਬੰਦ ਡਕੈਤ ਨੇ ਇਕ-ਦੂਜੇ 'ਤੇ ਗੋਲੀਆਂ ਚਲਾਈਆਂ। ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਪੁਲਿਸ ਦਾ ਕਹਿਣਾ ਹੈ ਕਿ ਇੱਕ 20 ਸਾਲਾ ਸ਼ਰਾਬ ਸਟੋਰ ਦੇ ਮਾਲਿਕ ਅਤੇ ਇੱਕ 16 ਸਾਲਾ ਸ਼ੱਕੀ ਵਿਅਕਤੀ ਦੀ ਹਥਿਆਰਬੰਦ ਲੁੱਟ ਦੌਰਾਨ ਦੋਵਾਂ ਵਿਚਕਾਰ ਗੋਲੀਬਾਰੀ ਦੇ ਬਾਅਦ ਮੌਤ ਹੋ ਗਈ। ਇਹ ਘਟਨਾ ਬੀਤੇ ਐਤਵਾਰ ਰਾਤ ਕਰੀਬ 11:00 ਵਜੇ ਦੇ ਕਰੀਬ ਵਾਲਨਟ ਐਵੇਨਿਊ ਅਤੇ ਗਿਡਿੰਗ ਸਟਰੀਟ 'ਤੇ ਈਜ਼ੈੱਡ ਮਾਰਟ ਨਾਮ ਦੇ ਲਿਕਰ ਸਟੋਰ 'ਤੇ ਵਾਪਰੀ। ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ ਸੀ। ਮ੍ਰਿਤਕ ਦੀ ਪਛਾਣ ਉਸ ਦੇ ਪਰਿਵਾਰ ਨੇ ਕ੍ਰਿਸ਼ਨ ਸਿੰਘ ਵਜੋਂ ਕੀਤੀ।

ਪੁਲਿਸ ਨੇ 16 ਸਾਲਾ ਸ਼ੱਕੀ ਲੁਟੇਰੇ ਨੌਜਵਾਨ ਨੂੰ ਪਾਰਕਿੰਗ ਵਿੱਚ ਪਾਇਆ, ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। (ਬਾਕੀ ਸਫ਼ਾ 29 'ਤੇ)

## ਅਮਰੀਕਾ ਦੇ ਮੈਰੀਲੈਂਡ 'ਚ ਅੰਨ੍ਹੇਵਾਹ ਗੋਲ਼ੀਬਾਰੀ ਦੌਰਾਨ 3 ਮੌਤਾਂ, ਸੱਤ ਜ਼ਖ਼ਮੀ

ਐਨਾਪੋਲਿਸ (ਅਮਰੀਕਾ)/ ਏ.ਟੀ.ਨਿਊਜ਼ : ਅਮਰੀਕਾ ਵਿੱਚ ਗੋਲੀਬਾਰੀ ਦੀ ਇੱਕ ਹੋਰ ਘਟਨਾ ਸਾਹਮਣੇ ਆਈ ਹੈ। ਅਮਰੀਕਾ ਦੀ ਰਾਜਧਾਨੀ ਮੈਰੀਲੈਂਡ ਦੇ ਇੱਕ ਘਰ ਵਿੱਚ ਐਤਵਾਰ ਨੂੰ ਹੋਈ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ।

ਮੈਰੀਲੈਂਡ ਪੁਲਿਸ ਦੇ ਮੁਖੀ ਐਡ ਜੈਕਸਨ ਨੇ ਦੱਸਿਆ ਕਿ ਕਈ ਲੋਕਾਂ ਨੂੰ ਗੋਲੀ ਮਾਰੀ ਗਈ ਸੀ, ਜਿਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਸੀ।

ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਕਈ ਲੋਕ ਜ਼ਖਮੀ ਹੋ ਗਏ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਟਰਾਮਾ ਸੈਂਟਰ ਲਿਜਾਇਆ ਗਿਆ। ਰੀਲੀਜ਼ ਵਿੱਚ ਘਟਨਾ ਦੇ ਵੇਰਵੇ ਨਹੀਂ ਦਿੱਤੇ ਗਏ ਹਨ। ਪੁਲਿਸ ਨੇ ਕਿਹਾ ਕਿ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਡਰਨ ਦੀ ਕੋਈ ਗੱਲ ਨਹੀਂ ਹੈ।

## ਸਾਬਕਾ ਡਾਇਰੈਕਟਰ ਤਰਸੇਮ ਸਿੰਘ ਬੈਂਸ ਦਾ ਦੇਹਾਂਤ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਪਿੰਡ ਬੈਂਸਾ ਜ਼ਿਲ੍ਹਾ ਨਵਾਂਸ਼ਹਿਰ ਦੇ ਪਿਛੋਕੜ ਨਾਲ ਸਬੰਧਿਤ ਲੰਬੜਦਾਰ ਤਰਸੇਮ ਸਿੰਘ ਬੈਂਸ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। 16 ਅਗਸਤ 1932 ਨੂੰ ਪੰਜਾਬ ਵਿੱਚ ਪਿਤਾ ਹਰੀਚੰਦ ਦੇ ਘਰ ਜਨਮੇ ਲੰਬੜਦਾਰ ਤਰਸੇਮ ਸਿੰਘ ਬੈਂਸ ਨੇ ਆਪਣਾ ਜੀਵਨ ਲੋਕ ਸੇਵਾ ਅਤੇ ਗਰੀਬ ਲੋਕਾਂ ਦੀ ਮਦਦ ਲਈ ਸਮਰਪਿਤ ਕੀਤਾ। ਇਸੇ ਦੌਰਾਨ ਸਿਰਫ਼ 26 ਸਾਲ ਦੀ ਉਮਰ ਵਿੱਚ 30 ਸਾਲਾਂ ਲਈ ਪਿੰਡ ਬੈਂਸਾ ਦਾ ਸਰਪੰਚ ਬਣਿਆ। ਉਹ 1980 ਤੋਂ 1990 ਤੱਕ ਉਹ ਨਵਾਂਸ਼ਹਿਰ ਜ਼ਿਲ੍ਹੇ ਵਿੱਚ ਸਾਰੇ ਕਾਰਪੋਰੇਟ ਬੈਂਕਾਂ ਲਈ ਬੈਂਕਿੰਗ ਡਾਇਰੈਕਟਰ ਰਹੇ ਤੇ ਬਾਅਦ ਵਿੱਚ 1991 ਵਿੱਚ ਅਮਰੀਕਾ ਆਏ, ਇਥੇ ਉਨ੍ਹਾਂ ਨੇ ਸ਼ਾਂਤੀਪੂਰਨ ਅਤੇ ਇਮਾਨਦਾਰ ਜੀਵਨ ਬਤੀਤ ਕੀਤਾ। ਦੱਸਣਯੋਗ ਹੈ ਕਿ ਉਹ ਆਪਣੇ ਪਿੱਛੇ ਪਤਨੀ ਗੁਰਮੀਤ ਕੌਰ ਬੈਂਸ , ਭਰਾ ਗੁਰਦਿਆਲ ਸਿੰਘ ਬੈਂਸ, ਭੈਣ ਹਰਭਜਨ ਕੌਰ, ਪੁੱਤਰ ਜਸਵਿੰਦਰ ਸਿੰਘ, ਬਹਾਦਰ ਸਿੰਘ, ਅਮਰੀਕ ਸਿੰਘ, ਪੋਤੀ ਪਰਵੀਨ ਕੌਰ, ਪੋਤੇ ਰਣਜੋਤ ਸਿੰਘ, ਜੋਰਾਵਰ ਸਿੰਘ, ਤਰਨਜੀਤ ਸਿੰਘ ਨੂੰ ਛੱਡ ਗਏ ਹਨ।



ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਤੁਸੀਂ ਉਹਨਾਂ ਦੇ ਪੁੱਤਰ ਜਸਵਿੰਦਰ ਸਿੰਘ ਬੈਂਸ 209-609-9344 ਅਤੇ ਪੁੱਤਰ ਅਮਰੀਕ ਸਿੰਘ ਬੈਂਸ 209-366-4848 ਦੇ ਨੰਬਰਾਂ 'ਤੇ ਸੰਪਰਕ ਕਰਸਕਦੇ ਹੋ।

**ਖ਼ੁਫ਼ੀਆ ਦਸਤਾਵੇਜ਼ਾਂ ਨੂੰ ਗਾਇਬ ਕਰਨ ਦਾ ਮਾਮਲਾ**

## ਟਰੰਪ ਗ੍ਰਿਫ਼ਤਾਰ, ਸੁਣਵਾਈ ਤੋਂ ਬਾਅਦ ਰਿਹਾਅ

ਮਿਆਮੀ (ਅਮਰੀਕਾ)/ ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਗੁਪਤ ਦਸਤਾਵੇਜ਼ ਰੱਖਣ ਦੇ ਮਾਮਲੇ 'ਚ ਪੇਸ਼ ਹੋਣ ਲਈ ਮਿਆਮੀ ਦੀ ਸੰਘੀ ਅਦਾਲਤ 'ਚ ਪਹੁੰਚੇ, ਜਿੱਥੋਂ ਉਨ੍ਹਾਂ ਨੂੰ ਡਿਪਟੀ ਯੂਐੱਸ ਮਾਰਸ਼ਲ ਨੇ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ, ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਅਮਰੀਕੀ ਮੀਡੀਆ ਦੇ ਅਨੁਸਾਰ ਟਰੰਪ ਨੇ ਇਸ ਮਾਮਲੇ ਵਿੱਚ ਸੰਘੀ ਦੋਸ਼ਾਂ ਲਈ ਦੋਸ਼ੀ ਨਾ ਹੋਣ ਦੀ ਦਲੀਲ ਦਿੱਤੀ ਹੈ।

ਦਰਅਸਲ, ਮੀਡੀਆ ਰਿਪੋਰਟ ਤੋਂ ਮਿਲੀ ਜਾਣਕਾਰੀ ਮੁਤਾਬਕ ਅਦਾਲਤ 'ਚ ਸੁਣਵਾਈ ਦੌਰਾਨ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਗੁਪਤ ਦਸਤਾਵੇਜ਼ਾਂ ਦੇ ਮਾਮਲੇ 'ਚ ਬੇਕਸੂਰ ਹਨ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਮਿਆਮੀ ਪਹੁੰਚੇ, ਜਿੱਥੇ ਉਨ੍ਹਾਂ ਨੇ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੱਸ ਦੇਈਏ ਕਿ ਟਰੰਪ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜੋ ਕਿਸੇ ਅਪਰਾਧਿਕ ਮਾਮਲੇ ਵਿੱਚ ਸੰਘੀ ਜੱਜ ਦੇ ਸਾਹਮਣੇ ਪੇਸ਼ ਹੋਏ ਹਨ।

ਰਿਪੋਰਟ ਮੁਤਾਬਕ ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ 'ਚ ਡੋਨਾਲਡ ਟਰੰਪ ਨਿਊਯਾਰਕ ਦੀ ਅਦਾਲਤ 'ਚ ਪੇਸ਼ ਹੋਏ ਸਨ। ਉਨ੍ਹਾਂ 'ਤੇ ਇਕ ਪੋਰਨ ਸਟਾਰ ਨਾਲ ਆਪਣੇ ਰਿਸ਼ਤੇ ਨੂੰ ਲੁਕਾਉਣ ਲਈ ਪੈਸੇ ਦੇਣ ਦਾ ਦੋਸ਼ ਸੀ। ਇਸ ਮਾਮਲੇ 'ਚ ਵੀ ਸਾਬਕਾ ਰਾਸ਼ਟਰਪਤੀ ਟਰੰਪ ਨੇ ਖੁਦ ਨੂੰ ਬੇਕਸੂਰ ਦੱਸਿਆ ਸੀ।



ਮੀਡੀਆ ਰਿਪੋਰਟਾਂ ਮੁਤਾਬਕ ਟਰੰਪ ਦੀ ਪੇਸ਼ੀ ਦੌਰਾਨ ਮਿਆਮੀ ਕੋਰਟ ਕੰਪਲੈਕਸ ਦੇ ਬਾਹਰ ਉਨ੍ਹਾਂ ਦੇ ਸਮਰਥਕਾਂ ਨੇ ਨਾਅਰੇਬਾਜ਼ੀ ਕੀਤੀ। ਕੁਝ ਸਮਰਥਕਾਂ ਨੇ ਬੇਸਬਾਲ ਕੈਪਸ ਵੀ ਪਹਿਨੀਆਂ ਸਨ, ਜਿਨ੍ਹਾਂ 'ਤੇ 'ਮੇਕ ਅਮਰੀਕਾ ਗ੍ਰੇਟ ਅਗੇਨ' ਲਿਖਿਆ ਹੋਇਆ ਸੀ। ਇਸ ਦੌਰਾਨ ਰਾਸ਼ਟਰਪਤੀ ਜੋਅ ਬਾਈਡੇਨ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ।

ਦੱਸ ਦੇਈਏ ਕਿ ਡੋਨਾਲਡ ਟਰੰਪ ਖ਼ਿਲਾਫ਼ ਗੁਪਤ ਦਸਤਾਵੇਜ਼ ਕੇਸ ਨਾਲ ਜੁੜੇ 37 ਮਾਮਲੇ ਦਰਜ ਕੀਤੇ ਗਏ ਹਨ। ਉਹ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਲਈ ਮਿਆਮੀ ਦੀ ਅਦਾਲਤ ਪਹੁੰਚੇ ਸਨ। ਇਸ ਦੌਰਾਨ ਟਰੰਪ ਦੇ ਉਂਗਲਾਂ ਦੇ ਨਿਸ਼ਾਨ ਵੀ ਲਏ ਗਏ। ਇਸ ਦੇ ਨਾਲ ਹੀ ਟਰੰਪ ਦੇ ਸਮਰਥਕਾਂ ਦੀ ਭੀੜ ਨੂੰ ਦੇਖਦਿਆਂ ਸੁਰੱਖਿਆ ਵਿਵਸਥਾ ਸਖ਼ਤ ਕਰ ਦਿੱਤੀ ਗਈ ਸੀ।

ਪਿਛਲੇ ਸਾਲ ਐੱਫਬੀਆਈ ਨੇ ਟਰੰਪ ਤੋਂ 337 ਸਰਕਾਰੀ ਦਸਤਾਵੇਜ਼ ਜ਼ਬਤ ਕੀਤੇ ਸਨ। ਟਰੰਪ ਦੇ ਦੋਸ਼ਾਂ ਅਨੁਸਾਰ ਇਨ੍ਹਾਂ ਵਿੱਚੋਂ 21 ਦਸਤਾਵੇਜ਼ਾਂ ਨੂੰ ਟਾਪ ਸੀਕ੍ਰੇਟ ਅਤੇ 9 ਨੂੰ ਗੁਪਤ ਮਾਰਕ ਕੀਤਾ ਗਿਆ ਸੀ। ਇਨ੍ਹਾਂ ਦੋਸ਼ਾਂ ਕਾਰਨ ਟਰੰਪ ਦੇ ਸਿਆਸੀ ਭਵਿੱਖ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜਾਣਕਾਰੀ ਮੁਤਾਬਕ ਉਹ 2024 'ਚ ਰਾਸ਼ਟਰਪਤੀ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ।

# ਅੰਤਰਰਾਸ਼ਟਰੀ ਝਰੋਖਾ

## ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਰੋਕੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੈਨੇਡਾ ਵਿੱਚ ਜਾਅਲੀ ਦਾਖ਼ਲਾ ਪੱਤਰਾਂ ਦੀ ਵਰਤੋਂ ਕਰਕੇ ਵੀਜ਼ਾ ਪ੍ਰਾਪਤ ਕਰਨ ਦੇ ਦੋਸ਼ਾਂ ਹੇਠਾਂ ਘਿਰੇ ਕੁਝ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਤੋਂ ਰਾਹਤ ਮਿਲ ਗਈ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਅਜਿਹੇ ਭਾਰਤੀ ਵਿਦਿਆਰਥੀਆਂ ਨੂੰ ਕੈਨੇਡੀਅਨ ਅਧਿਕਾਰੀਆਂ ਤੋਂ 'ਸਟੇਅ ਆਰਡਰ' ਪ੍ਰਾਪਤ ਹੋਏ ਹਨ। ਭਾਰਤ ਵੱਲੋਂ ਕੈਨੇਡੀਅਨ ਅਧਿਕਾਰੀਆਂ ਨੂੰ ਨਿਰਪੱਖ ਅਤੇ ਮਾਨਵਤਾਵਾਦੀ ਪਹੁੰਚ ਅਪਣਾਉਣ ਦੀ ਲਗਾਤਾਰ ਅਪੀਲ ਕੀਤੀ ਜਾ ਰਹੀ ਹੈ ਕਿਉਂਕਿ ਵਿਦਿਆਰਥੀ ਕੁਝ ਏਜੰਟਾਂ ਵੱਲੋਂ ਕੀਤੀ ਗਈ ਕਥਿਤ ਧੋਖਾਧੜੀ ਦਾ ਸ਼ਿਕਾਰ ਬਣੇ ਹਨ। ਸੂਤਰਾਂ ਨੇ ਕਿਹਾ ਕਿ ਕੈਨੇਡਾ ਤੋਂ ਕੱਢੇ ਜਾਣ ਵਾਲੇ



ਭਾਰਤੀ ਵਿਦਿਆਰਥੀਆਂ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਨਾਲ ਸਬੰਧਤ ਹਨ, ਦੀ ਗਿਣਤੀ 700 ਤੋਂ ਕਿਤੇ ਘੱਟ ਹੈ। ਸੂਤਰਾਂ ਮੁਤਾਬਕ, "ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ 2017-2019 ਦੇ ਅਰਸੇ ਦੌਰਾਨ ਕੈਨੇਡਾ ਗਏ ਸਨ। ਇਨ੍ਹਾਂ ਵਿਚੋਂ ਕੁਝ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਮਗਰੋਂ ਵਰਕ ਪਰਮਿਟ ਮਿਲ ਗਏ ਸਨ ਜਦੋਂਕਿ ਬਾਕੀ ਕੈਨੇਡਾ ਵਿੱਚ ਪੜ੍ਹਾਈ ਕਰ ਰਹੇ ਸਨ।" ਭਾਰਤ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਹੱਕ 'ਚ ਕੈਨੇਡਾ ਅਤੇ ਨਵੀਂ ਦਿੱਲੀ ਸਥਿਤ ਕੈਨੇਡੀਅਨ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਇਆ ਜਾ ਰਿਹਾ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀ ਇਹ ਮਾਮਲਾ ਆਪਣੇ ਕੈਨੇਡੀਅਨ ਹਮਰੁਤਬਾ ਕੋਲ ਚੁੱਕਿਆ ਹੈ। ਸੂਤਰਾਂ ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ 'ਤੇ ਵਤਨ ਵਾਪਸੀ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੈਨੇਡੀਅਨ ਪ੍ਰਣਾਲੀ 'ਚ ਕਈ ਖਾਮੀਆਂ ਹੋਣ ਕਾਰਨ ਵਿਦਿਆਰਥੀਆਂ ਨੂੰ ਵੀਜ਼ੇ ਮਨਜ਼ੂਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੁਲਕ 'ਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਗਈ। ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ਦੇ ਸੰਸਦ ਮੈਂਬਰਾਂ ਵੱਲੋਂ ਵੀ ਵਿਦਿਆਰਥੀਆਂ ਦੇ ਪੱਖ 'ਚ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਇਮੀਗਰੇਸ਼ਨ ਮੰਤਰੀ ਸੀਨ ਫਰੇਜ਼ੀਅਰ ਨੇ ਸੰਕੇਤ ਦਿੱਤਾ ਹੈ ਕਿ ਕੈਨੇਡਾ ਕੌਮਾਂਤਰੀ ਵਿਦਿਆਰਥੀਆਂ ਦੇ ਮਸਲੇ ਦਾ ਹੱਲ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਵਿਦਿਆਰਥੀਆਂ ਨਾਲ ਵਧੀਆ ਵਤੀਰਾ ਅਪਣਾਉਣ ਦੀ ਵਕਾਲਤ ਕੀਤੀ ਹੈ।

## ਕੈਨੇਡਾ ਪੁਲਿਸ 'ਚ ਸਿੱਖ ਨੌਜਵਾਨ ਨੇ ਭਰਤੀ ਹੋ ਕੇ ਚਮਕਾਇਆ ਪੰਜਾਬ ਦਾ ਨਾਮ



ਬਰਨਾਲਾ/ਏ.ਟੀ.ਨਿਊਜ਼ : ਜ਼ਿਲ੍ਹਾ ਬਰਨਾਲਾ ਦੇ ਨਜ਼ਦੀਕੀ ਪਿੰਡ ਪੱਖੋਕੇ ਦੇ ਨੌਜਵਾਨ ਸੁਖਚੈਨ ਸਿੰਘ ਢਿੱਲੋਂ ਨੇ ਕੈਨੇਡਾ ਪੁਲਿਸ ਵਿੱਚ ਭਰਤੀ ਹੋ ਕੇ ਜਿਥੇ ਜ਼ਿਲ੍ਹਾ ਬਰਨਾਲਾ ਦਾ ਨਾਂ ਰੌਸ਼ਨ ਕੀਤਾ ਹੈ, ਉਥੇ ਹੀ ਉਸ ਨੇ ਪੰਜਾਬ ਦਾ ਵੀ ਮਾਣ ਵਧਾਇਆ ਹੈ। ਸੁਖਚੈਨ ਸਿੰਘ ਬੰਤ ਸਿੰਘ ਢਿੱਲੋਂ ਦਾ ਪੋਤਾ ਹੈ ਅਤੇ ਉਸ ਦਾ ਜਨਮ ਪਿਤਾ ਰਾਮ ਸਿੰਘ ਢਿੱਲੋਂ ਤੇ ਮਾਤਾ ਪ੍ਰਿਤਪਾਲ ਕੌਰ ਦੀ ਕੁੱਖੋਂ ਹੋਇਆ। ਆਪਣੇ ਪੋਤੇ ਦੀ ਇਸ ਪ੍ਰਾਪਤੀ 'ਤੇ ਸੁਖਚੈਨ ਸਿੰਘ ਦੀ ਦਾਦੀ ਹਰਬੰਸ ਕੌਰ ਤੇ ਚਾਚਾ ਗੁਰਚਰਨ ਸਿੰਘ ਨੇ ਦੱਸਿਆ ਕਿ ਸੁਖਚੈਨ ਸਿੰਘ 6 ਸਾਲ ਪਹਿਲਾਂ ਕੈਨੇਡਾ ਵਿਖੇ ਪੜ੍ਹਾਈ ਦੇ ਤੌਰ 'ਤੇ ਗਿਆ ਸੀ ਅਤੇ ਚੰਗੇਰੀ ਪੜ੍ਹਾਈ ਪੂਰੀ ਕਰਨ ਉਪਰੰਤ ਕੈਨੇਡਾ ਦਾ ਵਸਨੀਕ ਹੋ ਗਿਆ। ਉਹ ਹੁਣ ਆਪਣੀ ਮਿਹਨਤ ਸਦਕਾ ਕੈਨੇਡਾ ਦੇ ਸੂਬੇ ਟੋਰਾਂਟੋ ਦੀ ਪੁਲਿਸ ਵਿਚ ਭਰਤੀ ਹੋ ਗਿਆ ਹੈ। ਪਿੰਡ ਪੱਖੋਕੇ ਦੇ ਪੰਚ ਗੁਰਚਰਨ ਸਿੰਘ ਅਤੇ ਪਰਮਜੀਤ ਸਿੰਘ ਰਾਜਾ ਨੇ ਦਸਿਆ ਕਿ ਟੋਰਾਂਟੋ ਪੁਲਿਸ ਵਿੱਚ ਭਰਤੀ ਹੋਣ ਵਾਲਾ ਸੁਖਚੈਨ ਸਿੰਘ ਪੁੱਤਰ ਰਾਮ ਸਿੰਘ ਉਨ੍ਹਾਂ ਦਾ ਭਤੀਜਾ ਹੈ। ਉਨ੍ਹਾਂ ਦਸਿਆ ਕਿ ਪੁਲਿਸ ਵਿੱਚ ਭਰਤੀ ਹੋਣ ਵਾਲਿਆਂ ਵਿੱਚ ਸੁਖਚੈਨ ਇਕਲੌਤਾ ਦਸਤਾਰਧਾਰੀ ਹੈ। ਭਰਤੀ ਮੌਕੇ ਪੁਲਿਸ ਨੇ ਉਸ ਨੂੰ ਕੇਸ ਕਤਲ ਕਰਵਾਉਣ ਲਈ ਕਿਹਾ ਪਰ ਸੁਖਚੈਨ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਸੀ।

## ਇੰਗਲੈਂਡ ਵਿਖੇ ਸਿੱਖਾਂ ਨੂੰ ਇਸਾਈ ਬਣਾਉਣ ਦੀ ਕੋਸ਼ਿਸ਼ ਦਾ ਹੋਇਆ ਪਰਦਾਫਾਸ਼

ਲੰਡਨ/ਏ.ਟੀ.ਨਿਊਜ਼: ਲੰਡਨ ਨਾਲ ਲੱਗਦੇ ਸ਼ਹਿਰ ਇਲਫੋਰਡ ਵਿਖੇ ਸਿੱਖਾਂ ਨੂੰ ਇਸਾਈ ਬਣਾਉਣ ਦੀ ਇਕ ਕੋਸ਼ਿਸ਼ ਨੂੰ ਨਾਕਾਮ ਬਣਾ ਦਿੱਤਾ ਗਿਆ ਹੈ । ਬੀਤੇ ਕੁਝ ਦਿਨਾਂ ਤੋਂ ਇਲਫੋਰਡ ਦੀ ਚਰਚ ਵਿੱਚ 15 ਜੂਨ ਨੂੰ ਕਰਵਾਏ ਜਾ ਰਹੇ ਇੱਕ ਸਮਾਗਮ ਬਾਬਤ ਇਕ ਪਰਚਾ ਸੋਸ਼ਲ ਮੀਡੀਆ 'ਤੇ ਸਾਂਝਾ ਹੋ ਰਿਹਾ ਸੀ, ਜਿਸ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਤਸਵੀਰ ਛਾਪੀ ਗਈ ਸੀ ਅਤੇ ਇਸ ਦਾ ਸਿਰਲੇਖ ਨੈਸ਼ਨਲ ਸਿੱਖ ਕੰਸਲਟੇਸ਼ਨ-ਕਾਲਿੰਗ ਸਿੱਖਸ ਟੂ ਕਰਾਈਸਟ ਜਾਣੀ 'ਰਾਸ਼ਟਰੀ




ਸਿੱਖ ਪੜਚੋਲ -ਸਿੱਖਾਂ ਨੂੰ ਈਸਾਈਅਤ ਵੱਲ ਸੱਦਾ'। ਇਸ ਪਰਚੇ 'ਤੇ ਜਿਹੜੇ ਲੋਕਾਂ ਦੀਆਂ ਤਸਵੀਰਾਂ ਅਤੇ ਨਾਂਅ ਦਿੱਤੇ ਗਏ ਸਨ, ਉਹ ਵੀ ਇਸਾਈ ਧਰਮ ਦੇ ਪ੍ਰਚਾਰਕ ਸਨ ।ਇਸ ਦੇ ਅਖੀਰ ਵਿੱਚ ਲੁਸਾਨੇ ਸਿਖਇਜ਼ਮ ਵਰਕਿੰਗ ਗਰੁੱਪ ਵੱਲੋਂ ਆਯੋਜਨ ਕੀਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ । ਇਸ ਮੂਵਮੈਂਟ ਦੀ ਸ਼ੁਰੂਆਤ ਕੈਨੇਡਾ ਦੇ ਸ਼ਹਿਰ ਐਡਮਿੰਟਨ ਤੋਂ 2019 ਵਿੱਚ ਹੋਈ ਸੀ, ਜਿਸ ਦਾ ਮੁੱਖ ਮਕਸਦ ਸਿੱਖਾਂ ਨੂੰ ਇਸਾਈ ਬਣਾਉਣਾ ਹੈ। ਇਸ ਸਮਾਗਮ ਨੂੰ ਹੁਣ ਰੱਦ ਕਰ ਦਿੱਤਾ ਗਿਆ ਹੈ। ਸਥਾਨਕ ਕੌਂਸਲ ਲੀਡਰ ਜਸ ਅਠਵਾਲ ਵੱਲੋਂ ਜਾਰੀ ਇਕ ਪੱਤਰ ਵਿਚ ਸਪੱਸ਼ਟ ਲਿਖਿਆ ਗਿਆ ਹੈ ਕਿ ਇਲਫੋਰਡ ਹਾਈ ਸਟਰੀਟ ਚਰਚ 'ਤੇ ਹੋਣ ਵਾਲਾ ਸਮਾਗਮ ਰੱਦ ਕਰ ਦਿੱਤਾ ਗਿਆ ਹੈ ਪਰ ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਸਿੱਖਾਂ ਵਿਰੁੱਧ ਸੋਚੀ ਸਮਝੀ ਸਾਜ਼ਿਸ਼ ਹੈ, ਜਿਸ ਲਈ ਸਾਨੂੰ ਚੌਕੰਨੇ ਹੋਣਾ ਪਵੇਗਾ। ਗਲੋਬਲ ਸਿੱਖ ਕੌਂਸਲ ਦੀ ਪ੍ਰਧਾਨ ਡਾ: ਕੰਵਲਜੀਤ ਕੌਰ ਨੇ ਕਿਹਾ ਕਿ ਅਸੀਂ ਅਪ੍ਰੈਲ 2020 ਤੋਂ ਇਸ ਮੁਹਿੰਮ ਬਾਰੇ ਸੁਚੇਤ ਕਰਦੇ ਆ ਰਹੇ ਹਾਂ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ ਨੇ ਕਿਹਾ ਕਿ ਇਹ ਸਿੱਖਾਂ ਲਈ ਗੰਭੀਰ ਮਸਲਾ ਹੈ ਅਤੇ ਸਾਨੂੰ ਇਸ ਦੇ ਵਿਰੋਧ ਵਿੱਚ ਮਿਲ ਕੇ ਅੱਗੇ ਵਧਣ ਦੀ ਲੋੜ ਹੈ।

## ਅਮਰੀਕਾ 'ਚ ਮਹਿਲਾ ਨੇ ਪਤੀ ਦਾ ਕਤਲ ਕਰਕੇ ਗੂਗਲ 'ਤੇ ਲਗਜ਼ਰੀ ਜੇਲ੍ਹ ਸਰਚ ਕੀਤੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਔਰਤ 'ਤੇ ਆਪਣੇ ਪਤੀ ਦਾ ਕਤਲ ਕਰਨ ਦਾ ਦੋਸ਼ ਲੱਗਾ ਹੈ। ਦੋਸ਼ੀ ਮਹਿਲਾ ਦੀ ਪਛਾਣ ਕੋਰੀ ਰਿਚਿਨਜ਼ ਵਜੋਂ ਹੋਈ ਹੈ, ਜਿਸ ਨੇ ਪਹਿਲਾਂ ਆਪਣੇ ਪਤੀ ਦਾ ਕਤਲ ਕੀਤਾ ਅਤੇ ਫਿਰ ਜੇਲ੍ਹ ਜਾਣ ਲਈ ਗੂਗਲ 'ਤੇ ਲਗਜ਼ਰੀ ਜੇਲ੍ਹ ਵੀ ਸਰਚ ਕੀਤੀ। ਕੋਰੀ ਨੇ 'ਅਮੀਰਾਂ ਲਈ ਲਗਜ਼ਰੀ ਜੇਲ੍ਹਾਂ' ਅਤੇ ਜੀਵਨ ਬੀਮਾ ਕੰਪਨੀਆਂ ਦਾਅਵੇਦਾਰਾਂ ਨੂੰ ਭੁਗਤਾਨ ਕਰਨ ਵਿੱਚ ਕਿੰਨਾ ਸਮਾਂ ਲੈਂਦੀਆਂ ਹਨ, ਦੀ ਗੂਗਲ 'ਤੇ ਕਈ ਵਾਰ ਖੋਜ ਕੀਤੀ। ਹਾਲਾਂ ਕਿ ਦੋਸ਼ੀ ਮਹਿਲਾ ਇਨ੍ਹਾਂ



ਦੋਸ਼ਾਂ ਤੋਂ ਇਨਕਾਰ ਕਰਦੀ ਰਹੀ ਪਰ ਪੁਲਿਸ ਜਾਂਚ ਦੌਰਾਨ ਕੋਰੀ ਦੇ ਫੋਨ ਦੀ ਜਾਂਚ ਕਰਨ 'ਤੇ ਗੂਗਲ ਸਰਚ ਦਾ ਖ਼ੁਲਾਸਾ ਹੋਇਆ। ਮੀਡੀਆ ਰਿਪੋਰਟਾਂ ਦੇ ਅਨੁਸਾਰ, 3 ਬੱਚਿਆਂ ਦੀ ਮਾਂ 33 ਸਾਲਾ (ਬਾਕੀ ਸਫ਼ਾ 29 'ਤੇ)

## ਜਰਮਨੀ ਵਿੱਚ ਸਭ ਤੋਂ ਵੱਡਾ ਨਾਟੋ ਅਭਿਆਸ ਸ਼ੁਰੂ

➢ 25 ਦੇਸ਼ 250 ਲੜਾਕੂ ਜਹਾਜ਼ਾਂ ਨਾਲ ਲੈ ਰਹੇ ਨੇ ਹਿੱਸਾ ➢ ਦੋ ਗ਼ੈਰ-ਨਾਟੋ ਦੇਸ਼ਾਂ ਦੀ ਹਵਾਈ ਸੈਨਾ ਵੀ ਸ਼ਾਮਲ

ਬਰਲਿਨ/ਏ.ਟੀ.ਨਿਊਜ਼: ਨਾਟੋ ਦੇ ਇਤਿਹਾਸ ਦਾ ਸਭ ਤੋਂ ਵੱਡਾ ਅਭਿਆਸ ਏਅਰ ਡਿਫੈਂਡਰ 2023 ਜਰਮਨੀ ਵਿੱਚ ਸ਼ੁਰੂ ਹੋ ਗਿਆ ਹੈ। ਇਹ ਅਭਿਆਸ 23 ਜੂਨ ਤੱਕ ਜਾਰੀ ਰਹੇਗਾ। ਇਸ ਨੂੰ ਰੂਸ ਦੇ ਖ਼ਿਲਾਫ਼ ਨਾਟੋ ਦੀ ਸਭ ਤੋਂ ਵੱਡੀ ਜੰਗੀ ਤਿਆਰੀ ਮੰਨਿਆ ਜਾ ਰਿਹਾ ਹੈ। ਇਸ ਅਭਿਆਸ ਵਿੱਚ 25 ਦੇਸ਼ਾਂ ਦੇ ਕਰੀਬ 10,000 ਸੈਨਿਕ ਅਤੇ 250 ਜਹਾਜ਼ ਹਿੱਸਾ ਲੈ ਰਹੇ ਹਨ। ਇਸ ਦੌਰਾਨ ਇਹ ਸੈਨਿਕ ਅਤੇ ਜਹਾਜ਼ ਰੂਸ 'ਤੇ ਨਕਲੀ ਹਮਲੇ ਦਾ ਅਭਿਆਸ ਕਰਨਗੇ। ਇਕੱਲੇ ਅਮਰੀਕਾ ਨੇ 2000 ਏਅਰ ਨੈਸ਼ਨਲ ਗਾਰਡ ਅਤੇ 100 ਦੇ ਕਰੀਬ ਜਹਾਜ਼ ਭੇਜੇ ਹਨ। ਇਸ ਅਭਿਆਸ ਵਿੱਚ ਗੈਰ-ਨਾਟੋ ਦੇਸ਼ਾਂ ਸਵੀਡਨ ਅਤੇ ਜਾਪਾਨ ਦੇ ਲੜਾਕੂ ਜਹਾਜ਼ ਵੀ ਹਿੱਸਾ ਲੈ ਰਹੇ ਹਨ।



ਜਰਮਨ ਹਵਾਈ ਸੈਨਾ ਦੇ ਮੁਖੀ ਲੈਫਟੀਨੈਂਟ ਜਨਰਲ ਇੰਗੋ ਗੇਰਹਾਰਟਜ਼, ਜਿਨ੍ਹਾਂ ਨੇ ਇਸ ਅਭਿਆਸ ਦੇ ਆਯੋਜਨ ਵਿੱਚ ਮੁੱਖ ਭੂਮਿਕਾ ਨਿਭਾਈ, ਨੇ ਕਿਹਾ ਕਿ ਇਹ ਅਭਿਆਸ ਇੱਕ ਸੰਕੇਤ ਹੈ। ਸਾਡੇ ਲਈ ਸਭ ਤੋਂ ਵੱਡੀ ਗੱਲ ਸਾਡੇ ਨਾਗਰਿਕਾਂ ਦੀ ਸੁਰੱਖਿਆ ਹੈ। ਨਾਟੋ ਦੇਸ਼ਾਂ ਲਈ, ਅਸੀਂ ਜਲਦੀ ਨਾਲ ਪ੍ਰਤੀਕ੍ਰਿਆ ਕਰਨ ਦੀ ਸਥਿਤੀ ਵਿੱਚ ਹਾਂ। ਅਜਿਹੇ ਅਭਿਆਸਾਂ ਨਾਲ ਅਸੀਂ ਹਰ ਹਾਲਤ ਵਿੱਚ ਗਠਜੋੜ ਦਾ ਬਚਾਅ ਕਰ ਸਕਾਂਗੇ। ਗੇਰਹਾਰਟਜ਼ ਨੇ ਕਿਹਾ ਕਿ ਉਸਨੇ 2018 ਵਿੱਚ ਅਭਿਆਸ ਦਾ ਪ੍ਰਸਤਾਵ ਦਿੱਤਾ ਸੀ, ਪਰ ਕੁਝ ਕਾਰਨਾਂ ਕਾਰਨ, ਅਭਿਆਸ ਮੁਲਤਵੀ ਹੁੰਦਾ ਰਿਹਾ ਅਤੇ ਹੁਣ 2023 ਵਿੱਚ ਸ਼ੁਰੂ ਕੀਤਾ ਗਿਆ ਹੈ। ਨਾਟੋ ਦੇ ਇਸ ਅਭਿਆਸ ਕਾਰਨ ਨਾਗਰਿਕ ਉਡਾਣਾਂ ਵਿੱਚ ਵਿਘਨ ਪੈਣ ਦੀ ਸੰਭਾਵਨਾ ਹੈ। ਹਾਲਾਂ ਕਿ, ਉਹਨਾਂ ਦੇ ਅੰਕੜਿਆਂ ਬਾਰੇ ਮਾਹਰਾਂ ਦੇ ਮੁਲਾਂਕਣ ਵਖੋ ਵੱਖਰੇ ਹਨ। ਜਰਮਨ ਏਅਰ ਟ੍ਰੈਫਿਕ ਕੰਟਰੋਲਰ ਯੂਨੀਅਨ ਜੀਡੀਐਫ ਦੇ ਮੁਖੀ ਮੈਥਿਆਸ ਮਾਸ ਨੇ ਕਿਹਾ ਹੈ ਕਿ ਇਸ ਨਾਲ ਨਾਗਰਿਕ ਹਵਾਬਾਜ਼ੀ ਦੇ ਸੰਚਾਲਨ 'ਤੇ ਨਿਸ਼ਚਤ ਤੌਰ 'ਤੇ ਬਹੁਤ ਵੱਡਾ ਪ੍ਰਭਾਵ ਪਵੇਗਾ। ਲੈਫਟੀਨੈਂਟ ਜਨਰਲ ਹਾਲਾਂ ਕਿਸ ਜਲਮਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। (ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

(ਬਾਕੀ ਸਫ਼ਾ 30 'ਤੇ)

# ਪੰਜਾਬ 'ਚ ਕੈਂਸਰ ਦਾ ਕਹਿਰ






- ਮਾਲਵਾ ਬੈਲਟ ਤੋਂ ਬਾਅਦ ਮਾਝਾ ਅਤੇ ਦੋਆਬਾ 'ਚ ਵੀ ਫੈਲਿਆ ਕੈਂਸਰ
- ਹਰ ਸਾਲ ਪੰਜਾਬ 'ਚ ਬਣ ਜਾਂਦੇ ਨੇ ਕੈਂਸਰ ਦੇ 2200 ਨਵੇਂ ਮਰੀਜ਼
- ਨਕਲੀ ਜੀਵਨ ਸ਼ੈਲੀ, ਦੂਸ਼ਿਤ ਪਾਣੀ ਅਤੇ ਫ਼ਸਲਾਂ ਵਿੱਚ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਹਨ ਕੈਂਸਰ ਦੇ ਵੱਡੇ ਕਾਰਨ

ਖੇਤੀ ਦੇ ਉਦਯੋਗੀਕਰਨ, ਮਸ਼ੀਨੀਕਰਨ ਅਤੇ ਰਸਾਇਣੀਕਰਨ ਕਾਰਨ ਮਨੁੱਖੀ ਜੀਵਨ ਲਈ ਵੱਡਾ ਖ਼ਤਰਾ ਪੈਦਾ ਹੋਇਆ ਹੈ। ਇਹ ਸਾਰੇ ਕਾਰਕ ਹਵਾ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਕਰ ਰਹੇ ਹਨ। ਮਨੁੱਖ ਦੀਆਂ ਕਦੇ ਨਾ ਖ਼ਤਮ ਹੋਣ ਵਾਲੀਆਂ ਲੋੜਾਂ ਨੇ ਇਸ ਤੱਥ ਨੂੰ ਵਿਸਾਰ ਦਿੱਤਾ ਹੈ ਕਿ ਸ਼ੁੱਧ ਹਵਾ, ਪਾਣੀ ਅਤੇ ਸ਼ੁੱਧ ਭੋਜਨ ਤੋਂ ਬਿਨਾਂ ਮਨੁੱਖੀ ਜੀਵਨ ਨਹੀਂ ਚੱਲ ਸਕਦਾ। ਮਨੁੱਖ ਦੁਆਰਾ ਕੁਦਰਤੀ ਨਿਯਮਾਂ ਵਿੱਚ ਕੀਤੀ ਅਣਚਾਹੀ ਦਖ਼ਲ-ਅੰਦਾਜ਼ੀ ਕਾਰਨ ਅੱਜ ਮਨੁੱਖ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸੇ ਕਾਰਨ ਹਰੇ-ਭਰੇ ਖੇਤਾਂ ਨਾਲ ਲਹਿਰਾਉਂਦੇ ਪੰਜਾਬ ਨੂੰ ਕੈਂਸਰ ਵਰਗੀ ਜਾਨਲੇਵਾ ਬਿਮਾਰੀ ਨੇ ਜਕੜ ਲਿਆ ਹੈ। ਪੰਜਾਬ ਦੇ ਮਾਲਵਾ ਖ਼ਿੱਤੇ 'ਚ ਕੈਂਸਰ ਨੇ ਏਨੇ ਵਿਆਪਕ ਪੱਧਰ 'ਤੇ ਪੈਰ ਪਸਾਰੇ ਹਨ ਕਿ ਇਸ ਨੂੰ ਕੈਂਸਰ ਦਾ ਖਿੱਤਾ ਕਿਹਾ ਜਾਣ ਲੱਗਾ ਹੈ। ਮਾਲਵੇ ਤੋਂ ਬਾਅਦ ਕੈਂਸਰ ਹੁਣ ਦੋਆਬਾ ਅਤੇ ਮਾਝਾ ਵਿੱਚ ਵੀ ਫੈਲ ਰਿਹਾ ਹੈ, ਜਿਸ ਦਾ ਸਬੂਤ ਇਹਨਾਂ ਇਲਾਕਿਆਂ ਵਿੱਚ ਕੈਂਸਰ ਦੇ ਵੱਧ ਰਹੇ ਮਰੀਜ਼ਾਂ ਦੀ ਗਿਣਤੀ ਤੋਂ ਮਿਲ ਜਾਂਦਾ ਹੈ।

ਪੰਜਾਬ ਵਿੱਚ ਕੈਂਸਰ ਦਾ ਕਹਿਰ ਲਗਾਤਾਰ ਜਾਰੀ ਹੈ। ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਸੂਬੇ 'ਚ ਮੌਜੂਦਾ ਸਮੇਂ 'ਚ ਹਰ ਸਾਲ ਕੈਂਸਰ ਦੇ 7 ਹਜ਼ਾਰ ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਪੂਰੇ ਦੇਸ਼ 'ਚ ਜਿੱਥੇ ਕੈਂਸਰ ਦੇ 8 ਤੋਂ 10 ਲੱਖ ਨਵੇਂ ਮਾਮਲੇ ਆ ਰਹੇ ਹਨ, ਉੱਥੇ ਹੀ ਪੰਜਾਬ 'ਚ ਇਕ ਲੱਖ ਲੋਕਾਂ 'ਤੇ 90 ਮਰੀਜ਼ ਕੈਂਸਰ ਨਾਲ ਪੀੜਤ ਹਨ। ਨਕਲੀ ਜੀਵਨ ਸ਼ੈਲੀ ਅਤੇ ਫ਼ਸਲਾਂ ਵਿੱਚ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕੈਂਸਰ ਦਾ ਵੱਡਾ ਕਾਰਨ ਬਣ ਰਹੀ ਹੈ। ਸਟੇਟ ਕੈਂਸਰ ਇੰਸਟੀਚਿਊਟ ਅੰਮ੍ਰਿਤਸਰ ਵਿਖੇ ਰੋਜ਼ਾਨਾ 70-80 ਕੈਂਸਰ ਦੇ ਮਰੀਜ਼ਾਂ ਦਾ ਇਲਾਜ ਹੋ ਰਿਹਾ ਹੈ, ਜਦਕਿ ਹਜ਼ਾਰਾਂ ਮਰੀਜ਼ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਵਾ ਰਹੇ ਹਨ। ਛੋਟੇ ਬੱਚੇ ਵੀ ਕੈਂਸਰ ਤੋਂ ਪੀੜਤ ਹਨ। ਪੰਜਾਬ ਵਿੱਚ ਹਰ ਸਾਲ 50 ਦੇ ਕਰੀਬ ਬੱਚੇ ਟਿਊਮਰ ਅਤੇ ਬਲੱਡ ਕੈਂਸਰ ਤੋਂ ਪੀੜਤ ਹੁੰਦੇ ਹਨ।

ਕੈਂਸਰ ਦੇ ਰੋਗੀਆਂ ਲਈ ਦੁਖਦਾਇਕ ਗਲ ਇਹ ਵੀ ਹੁੰਦੀ ਹੈ ਕਿ ਆਮ ਲੋਕ ਕੈਂਸਰ ਦੇ ਮਰੀਜ਼ ਅਤੇ ਉਸ ਦੇ ਪਰਿਵਾਰ ਤੋਂ ਦੂਰੀ ਬਣਾਉਣ ਲੱਗਦੇ ਹਨ। ਆਮ ਲੋਕਾਂ ਨੂੰ ਇਹ ਲੱਗਦਾ ਹੈ ਕਿ ਕੈਂਸਰ ਦੇ ਮਰੀਜ਼ ਦੇ ਸੰਪਰਕ 'ਚ ਆਉਣ ਨਾਲ ਉਹਨਾਂ ਨੂੰ ਵੀ ਕੈਂਸਰ ਹੋ ਸਕਦਾ ਹੈ।

ਆਮ ਲੋਕਾਂ ਨੂੰ ਇਹ ਗਲ ਯਾਦ ਰੱਖਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਨਾਰੀਅਲ ਦਾ ਦਰਖ਼ਤ ਮਾਰੂਥਲ ਵਿੱਚ ਨਹੀਂ ਉੱਗ ਸਕਦਾ ਜਾਂ ਨਮੀ ਵਾਲੀ ਜ਼ਮੀਨ ਵਿੱਚ ਛੋਲੇ ਨਹੀਂ ਹੁੰਦੇ, ਉਸੇ ਤਰ੍ਹਾਂ ਕੈਂਸਰ ਵੀ ਹਰੇਕ ਮਨੁੱਖ ਨੂੰ ਨਹੀਂ ਹੋ ਸਕਦਾ।

ਸੂਬੇ 'ਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ 'ਚ ਕੈਂਸਰ ਦੇ ਮਾਮਲੇ ਜ਼ਿਆਦਾ ਪਾਏ ਗਏ ਹਨ। ਔਰਤਾਂ 'ਚ ਵੱਧ ਰਹੇ ਬ੍ਰੈਸਟ ਅਤੇ ਸਰਵਾਈਕਲ ਕੈਂਸਰ ਦਾ ਮੁੱਖ ਕਾਰਨ ਜਿੱਥੇ ਹਾਰਮੋਨਜ਼ 'ਚ ਬਦਲਾਅ ਹੈ, ਉੱਥੇ ਹੀ ਗਰਭ ਨਿਰੋਧਕ ਦਵਾਈਆਂ ਵੀ ਇਸ ਦਾ ਵੱਡਾ ਕਾਰਨ ਹੈ। ਆਈ. ਸੀ. ਐੱਮ. ਆਰ. ਦੀ ਰਿਪੋਰਟ ਦੇ ਮੁਤਾਬਕ ਪਹਿਲਾਂ ਸੂਬੇ 'ਚ ਮੁਕਤਸਰ, ਬਠਿੰਡਾ, ਸੰਗਰੂਰ ਅਤੇ ਤਰਨਤਾਰਨ 'ਚ ਹੀ ਕੈਂਸਰ ਦੇ ਮਰੀਜ਼ ਸਾਹਮਣੇ ਆਉਂਦੇ ਸਨ, ਹੁਣ ਹਰ ਜ਼ਿਲ੍ਹੇ 'ਚ ਆ ਰਹੇ ਹਨ।

ਇਸ ਦਾ ਕਾਰਨ ਲੋਕਾਂ ਦਾ ਬਦਲਦਾ ਖਾਣ-ਪੀਣ ਹੈ। ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੁਤਾਬਕ ਪੰਜਾਬ ਸਰਕਾਰ ਨੇ ਕੈਂਸਰ ਰੋਗੀਆਂ ਨੂੰ 13.54 ਕਰੋੜ ਰੁਪਏ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਗਿਆ ਹੈ।

## ਕੀ ਹੈ ਕੈਂਸਰ ?



ਕੈਂਸਰ ਤੋਂ ਭਾਵ ਹੈ ਸਾਡੇ ਸਰੀਰ ਦੇ ਸੈੱਲਾਂ ਦਾ ਅਨਿਸ਼ਚਿਤ ਰੂਪ 'ਚ ਵਧਣਾ। ਬੇਸ਼ੱਕ ਹਰ ਪਲ ਸਾਡੇ ਸਰੀਰ ਦੇ ਸੈੱਲ ਟੁੱਟਦੇ ਤੇ ਬਣਦੇ ਹਨ ਪਰ ਜਦੋਂ ਕਿਸੇ ਹਿੱਸੇ 'ਚ ਸਰੀਰਕ ਸੈੱਲਾਂ ਦਾ ਵਧਣਾ ਇਕ ਅਨਿਸ਼ਚਿਤ ਰੂਪ ਧਾਰਨ ਕਰ ਲਵੇ ਤਾਂ ਉਸ ਨੂੰ ਕੈਂਸਰ ਕਹਿੰਦੇ ਹਨ, ਜੋ ਹੌਲੀ-ਹੌਲੀ ਆਲੇ-ਦੁਆਲੇ ਦੇ ਸੈੱਲਾਂ ਨੂੰ ਜਾਂ ਅੰਗਾਂ ਨੂੰ ਆਪਣੀ ਲਪੇਟ 'ਚ ਲੈ ਲੈਂਦਾ ਹੈ, ਜਿਸ ਨੂੰ ਅਸੀਂ ਆਮ ਤੌਰ 'ਤੇ 'ਕੈਂਸਰ ਫੈਲ ਗਿਆ' ਕਹਿੰਦੇ ਹਾਂ।

ਮਨੁੱਖੀ ਸਰੀਰ ਵਿੱਚ ਕਿਸੇ ਵੀ ਹਿੱਸੇ ਦਾ ਕੈਂਸਰ ਹੋ ਸਕਦਾ ਹੈ ਪਰ ਔਰਤਾਂ 'ਚ ਜ਼ਿਆਦਾਤਰ ਛਾਤੀ, ਬੱਚੇਦਾਨੀ ਤੇ ਅੰਡੇਦਾਨੀ ਦਾ ਕੈਂਸਰ ਆਮ ਵੇਖਣ ਨੂੰ ਮਿਲਦਾ ਹੈ। ਇਸੇ ਤਰ੍ਹਾਂ ਮਰਦਾਂ ਵਿੱਚ ਗਦੂਦਾਂ , ਜਿਗਰ ਤੇ ਫੇਫੜਿਆਂ ਦਾ ਕੈਂਸਰ ਆਮ ਪਾਇਆ ਜਾਂਦਾ ਹੈ। ਬਾਕੀ ਕੈਂਸਰ ਦਾ ਹੋਣਾ ਸਾਡੇ ਖਾਣ-ਪੀਣ ਤੇ ਕੰਮ ਕਰਨ ਦੇ ਢੰਗਾਂ 'ਤੇ ਵੀ ਨਿਰਭਰ ਕਰਦਾ ਹੈ। ਹੈਪੇਟਾਈਟਸ-ਸੀ ਤੇ ਏਡਜ਼ ਵਰਗੀਆਂ ਬਿਮਾਰੀਆਂ ਵੀ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ।

## ਰੇਲ ਗੱਡੀ ਦਾ ਨਾਂਅ ਕੈਂਸਰ ਐਕਸਪ੍ਰੈਸ



ਭਾਰਤ ਵਿੱਚ ਚੱਲਣ ਵਾਲੀ ਇੱਕ ਟ੍ਰੇਨ ਦਾ ਨਾਮ ਹੈ ਕੈਂਸਰ ਐਕਸਪ੍ਰੈਸ। ਪੁੱਛ-ਪੜਤਾਲ ਵਾਲੀ ਖਿੜਕੀ 'ਤੇ ਲੋਕ ਅਕਸਰ ਇਸ ਟਰੇਨ ਨੂੰ ਕੈਂਸਰ ਟ੍ਰੇਨ ਕਹਿ ਕੇ ਪੁੱਛ-ਗਿੱਛ ਕਰਦੇ ਹਨ।

ਕੈਂਸਰ ਐਕਸਪ੍ਰੈਸ ਰੇਲਗੱਡੀ ਹਰ ਰੋਜ਼ ਜੰਮੂ ਤੋਂ ਰਵਾਨਾ ਹੁੰਦੀ ਹੈ ਅਤੇ ਰਾਤ ਨੂੰ 09:20 ਵਜੇ ਬਠਿੰਡਾ ਪਹੁੰਚਦੀ ਹੈ। ਪੰਜ ਮਿੰਟ ਰੁਕਣ ਤੋਂ ਬਾਅਦ ਇਹ ਟਰੇਨ ਬੀਕਾਨੇਰ ਲਈ ਰਵਾਨਾ ਹੁੰਦੀ ਹੈ। ਔਸਤਨ, ਰੋਜ਼ਾਨਾ 200 ਤੋਂ ਵੱਧ ਕੈਂਸਰ ਦੇ ਮਰੀਜ਼ ਇਸ ਰੇਲਗੱਡੀ ਵਿੱਚ ਸਵਾਰ ਹੁੰਦੇ ਹਨ। 70% ਕੈਂਸਰ ਦੇ ਮਰੀਜ਼ ਇਸ ਵਿੱਚ ਸਫ਼ਰ ਕਰਦੇ ਹਨ।

ਇਸ ਕਰਕੇ ਇਸ ਟ੍ਰੇਨ ਦਾ ਕੈਂਸਰ ਟ੍ਰੇਨ ਪੈ ਗਿਆ ਹੈ। ਇਸ ਟ੍ਰੇਨ ਦਾ ਅਸਲੀ ਨਾਂ ਕੀ ਹੈ ਕਿਸੇ ਨੂੰ ਯਾਦ ਨਹੀਂ।

ਇਹ ਰੇਲ ਗੱਡੀ 12 ਡੱਬਿਆਂ ਨਾਲ ਰੋਜ਼ਾਨਾ ਰਾਤ 9.25 ਵਜੇ ਬਠਿੰਡਾ ਤੋਂ ਬੀਕਾਨੇਰ ਤੱਕ ਜਾਂਦੀ ਹੈ। ਇਹ ਸਵੇਰੇ 3 ਵਜੇ ਬੀਕਾਨੇਰ ਪਹੁੰਚਦੀ ਹੈ। ਇਸ ਟਰੇਨ 'ਚ ਨਾ ਸਿਰਫ਼ ਕੈਂਸਰ ਦੇ ਮਰੀਜ਼ਾਂ ਨੂੰ ਮੁਫ਼ਤ ਯਾਤਰਾ ਦੀ ਸਹੂਲਤ ਮਿਲਦੀ ਹੈ। ਮਰੀਜ਼ ਦੇ ਨਾਲ ਇਕ ਯਾਤਰੀ ਨੂੰ ਵੀ ਕਿਰਾਏ ਵਿੱਚ 75% ਤੱਕ ਦੀ ਛੋਟ ਮਿਲਦੀ ਹੈ। ਕੈਂਸਰ ਦੇ ਮਰੀਜ਼ਾਂ ਨੂੰ ਸਲੀਪਰ ਅਤੇ ਏ. ਸੀ.-3 ਟੀਅਰ ਵਿੱਚ ਮੁਫ਼ਤ ਯਾਤਰਾ ਕਰਨ ਦੀ ਆਗਿਆ ਹੈ।

ਕੈਂਸਰ ਐਕਸਪ੍ਰੈਸ ਰੇਲਗੱਡੀ ਰਾਹੀਂ ਮਰੀਜ਼ ਆਪਣਾ ਦਰਦ ਲੈ ਕੇ ਆਚਾਰੀਆ ਤੁਲਸੀ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਪਹੁੰਚਦੇ ਹਨ। ਪੰਜਾਬ ਤੋਂ ਆਉਣ ਵਾਲੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਆਚਾਰੀਆ ਤੁਲਸੀ ਕੈਂਸਰ ਹਸਪਤਾਲ ਤੋਂ ਹੀ ਮਰੀਜ਼ਾਂ ਨੂੰ ਪਾਸ ਦਿੱਤੇ ਜਾਂਦੇ ਹਨ।

## ਕੈਂਸਰ ਤੋਂ ਬਚਾਓ




ਕੈਂਸਰ ਤੋਂ ਬਚਣ ਲਈ ਮਨੁੱਖਤਾ ਨੂੰ ਆਪਣੀ ਜੀਵਨ ਸ਼ੈਲੀ ਬਦਲਣੀ ਪਵੇਗੀ, ਉਥੇ ਹੀ ਸਰਕਾਰ ਦਾ ਵੀ ਇਹ ਫਰਜ਼ ਬਣਦਾ ਹੈ ਕਿ ਪੰਜਾਬ ਵਿੱਚ ਕੈਂਸਰ ਦੀ ਰੋਕਥਾਮ ਲਈ ਜੈਵਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ, ਕਿਸਾਨ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਬਾਹਰ ਕੱਢਣ ਵਿਚ ਮਦਦ ਕੀਤੀ ਜਾਵੇ। ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਘਰਾਂ ਤੋਂ ਇਲਾਵਾ ਸਕੂਲਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਪੀਣ ਵਾਲਾ ਸਾਫ਼ ਅਤੇ ਫਿਲਟਰ ਕੀਤਾ ਪਾਣੀ ਉਪਲਬਧ ਕਰਵਾਇਆ ਜਾਵੇ। ਉਦਯੋਗਾਂ ਅਤੇ ਵਾਹਨਾਂ ਦੁਆਰਾ ਫੈਲਾਏ ਜਾ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਮਾਪ-ਦੰਡ ਤੈਅ ਕੀਤੇ ਜਾਣ, ਪਿੰਡਾਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਨੂੰ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਤੋਂ ਜਾਣੂ ਕਰਵਾਇਆ ਜਾਵੇ। ਸਿਹਤ ਮਾਹਿਰਾਂ ਵੱਲੋਂ ਕੈਂਸਰ ਤੋਂ ਬਚਣ ਲਈ ਬਾਜ਼ਾਰੀ ਭੋਜਨ ਛੱਡ ਕੇ ਸਾਦਾ ਭੋਜਨ ਖਾਣ, ਸਾਫ਼ ਪਾਣੀ ਪੀਣ, ਤੰਬਾਕੂਨੋਸ਼ੀ ਬੰਦ ਕਰਨ, ਰੋਜ਼ਾਨਾ ਕਸਰਤ ਕਰਨ, ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਆਦਿ ਦੀ ਸਲਾਹ ਦਿੱਤੀ ਜਾਂਦੀ ਹੈ ।

## ਕੈਂਸਰ ਦੇ ਕਾਰਨ

ਪੰਜਾਬ ਦੀ ਨਰਮਾ ਪੱਟੀ ਕਹੇ ਜਾਂਦੇ ਮਾਲਵਾ 'ਚ ਨਰਮੇ ਨੂੰ ਚਿੱਟੀ ਅਤੇ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਕਿਸਾਨਾਂ ਵੱਲੋਂ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾਂਦੀ ਹੈ। ਇੱਕ ਅਨੁਮਾਨ ਮੁਤਾਬਕ ਇਸ ਖੇਤਰ 'ਚ15 ਵੱਖ-ਵੱਖ ਕੀਟਨਾਸ਼ਕਾਂ ਦੇ ਸਪਰੇਆਂ ਦੀ ਵਰਤੋਂ ਕੀਤੀ ਜਾਂਦੀ ਹੈ । ਨਰਮੇ ਲਈ ਖ਼ਤਰਨਾਕ ਕੀੜਿਆਂ 'ਤੇ ਕਾਬੂ ਪਾਉਣ ਲਈ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਵੱਧ ਤੋਂ ਵੱਧ ਵਰਤੋਂ ਦੇ ਸਿੱਟੇ ਵਜੋਂ ਲੋਕ ਕੈਂਸਰ ਦੀ ਦਲਦਲ 'ਚ ਧਸਦੇ ਜਾ ਰਹੇ ਹਨ। ਇਸ ਤੋਂ ਇਲਾਵਾ ਦੂਸ਼ਿਤ ਪਾਣੀ, ਗਲਤ ਖਾਣ ਪੀਣ, ਬਦਲਦੀ ਜੀਵਨ ਸ਼ੈਲੀ ਵੀ ਕੈਂਸਰ ਦੇ ਕਾਰਨ ਹਨ। ਇਸ ਤੋਂ ਇਲਾਵਾ ਤੰਬਾਕੂ, ਬੀੜੀ, ਸਿਗਰਟ ਅਤੇ ਹੋਰ ਨਸ਼ੇ ਵੀ ਕੈਂਸਰ ਦਾ ਕਾਰਨ ਬਣਦੇ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ, ਸਿਗਰਟ ਵਿੱਚ 45 ਤੱਤ ਹੁੰਦੇ ਹਨ ਜੋ ਫੇਫੜਿਆਂ ਦੇ ਕੈਂਸਰ ਦਾ ਮੁੱਖ ਕਾਰਨ ਹਨ।

**ਪੰਜਾਬ ਵਿੱਚ ਕੈਂਸਰ ਦੇ ਮਰੀਜ਼** :ਪੰਜਾਬ ਵਿੱਚ ਇਸ ਸਮੇਂ ਪ੍ਰਤੀ 1 ਲੱਖ ਲੋਕਾਂ ਵਿੱਚ 90 ਮਰੀਜ਼ ਕੈਂਸਰ ਤੋਂ ਪੀੜਤ ਹਨ। ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਰਿਪੋਰਟ 2020 ਅਨੁਸਾਰ ਪੰਜਾਬ ਵਿੱਚ ਸਾਲ 2020 ਵਿੱਚ ਕੈਂਸਰ ਦੇ ਨਵੇਂ ਕੇਸਾਂ ਦੀ ਅਨੁਮਾਨਿਤ ਗਿਣਤੀ 38,636 ਹੈ, ਜਦੋਂ ਕਿ ਗੁਆਂਢੀ ਸੂਬੇ ਹਰਿਆਣਾ ਵਿੱਚ 29,219 ਅਤੇ ਹਿਮਾਚਲ ਪ੍ਰਦੇਸ਼ ਵਿੱਚ 8,777, ਜਦਕਿ ਚੰਡੀਗੜ੍ਹ ਵਿੱਚ 1,024 ਲੋਕ ਕੈਂਸਰ ਤੋਂ ਪੀੜਤ ਸਨ। ਪਿਛਲੇ 7 ਸਾਲਾਂ ਦੀ ਗੱਲ ਕਰੀਏ ਤਾਂ ਹਰ ਸਾਲ ਔਸਤਨ 7586 ਨਵੇਂ ਕੇਸ ਆ ਰਹੇ ਹਨ। 2019 ਵਿੱਚ ਸਭ ਤੋਂ ਵੱਧ 954 ਮਾਮਲੇ ਅੰਮ੍ਰਿਤਸਰ ਵਿੱਚ ਆਏ। ਦੂਜੇ ਨੰਬਰ 'ਤੇ ਸੰਗਰੂਰ 'ਚ 810, ਤੀਜੇ ਨੰਬਰ 'ਤੇ ਲੁਧਿਆਣਾ 'ਚ 716, ਚੌਥੇ 'ਤੇ ਪਟਿਆਲਾ 'ਚ 667 ਅਤੇ 5ਵੇਂ ਨੰਬਰ 'ਤੇ ਗੁਰਦਾਸਪੁਰ 'ਚ 525 ਮਰੀਜ਼ ਸਾਹਮਣੇ ਆਏ।

# ਮੋਦੀ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਟਵਿੱਟਰ ਨੂੰ ਧਮਕਾਇਆ ਸੀ

**➢ ਭਾਰਤ ਸਰਕਾਰ ਨੇ ਦੋਸ਼ਾਂ ਨੂੰ ਝੂਠਾ ਕਰਾਰ ਦਿੱਤਾ ➢ ਵਿਰੋਧੀ ਪਾਰਟੀਆਂ ਵੱਲੋਂ ਮੋਦੀ ਸਰਕਾਰ ਦੀ ਆਲੋਚਨਾ**

ਨਵੀਂ ਦਿੱਲੀ/ਏ.ਟੀ.ਨਿਊਜ਼ : ਟਵਿੱਟਰ ਦੇ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਜੈਕ ਡੋਰਸੀ ਨੇ ਦਾਅਵਾ ਕੀਤਾ ਹੈ ਕਿ ਇਸ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਦੇਸ਼ ਵਿੱਚ ਕਿਸਾਨ ਅੰਦੋਲਨ ਦੌਰਾਨ ਸਰਕਾਰੀ ਦਬਾਅ ਅਤੇ ਬੰਦ ਹੋਣ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਮੋਦੀ ਸਰਕਾਰ ਨੇ ਕਈ ਅਜਿਹੇ ਪੱਤਰਕਾਰਾਂ ਦੇ ਟਵਿੱਟਰ ਖਾਤੇ ਬੰਦ ਕਰਨ ਦਾ ਦਬਾਅ ਬਣਾਇਆ ਜੋ ਸਰਕਾਰ ਦੀ ਅਲੋਚਨਾ ਕਰ ਰਹੇ ਸਨ। ਟਵਿੱਟਰ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀਈਓ ਡੋਰਸੀ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਨੇ ਦੇਸ਼ 'ਚ ਕਿਸਾਨਾਂ ਦੇ ਪ੍ਰਦਰਸ਼ਨਾਂ ਦੌਰਾਨ ਟਵਿੱਟਰ 'ਤੇ ਦਬਾਅ ਪਾਇਆ ਗਿਆ ਅਤੇ ਸਰਕਾਰ ਦਾ ਕਿਹਾ ਨਾ ਮੰਨਣ 'ਤੇ ਭਾਰਤ 'ਚ ਟਵਿਟਰ ਬੰਦ ਕਰਨ, ਕਰਮਚਾਰੀਆਂ ਦੇ ਘਰਾਂ 'ਤੇ ਛਾਪੇ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ।



**ਕੀ ਕਹਿੰਦੇ ਨੇ ਕੇਂਦਰੀ ਮੰਤਰੀ**

ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਉਨ੍ਹਾਂ ਦੇ ਬਿਆਨ ਨੂੰ ਝੂਠਾ ਕਰਾਰ ਦਿੱਤਾ ਹੈ। ਡੋਰਸੀ ਦੇ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਚੰਦਰ ਸ਼ੇਖਰ ਨੇ ਟਵੀਟ ਕੀਤਾ ਕਿ ਡੋਰਸੀ ਦੇ ਸਮੇਂ ਦੌਰਾਨ ਟਵਿੱਟਰ ਪ੍ਰਸ਼ਾਸਨ ਨੂੰ ਭਾਰਤੀ ਕਾਨੂੰਨ ਦੀ ਪ੍ਰਭੂਸੱਤਾ ਨੂੰ ਸਵੀਕਾਰ ਕਰਨ ਵਿੱਚ ਮੁਸ਼ਕਲ ਆਈ ਸੀ। ਕੇਂਦਰੀ ਮੰਤਰੀ ਅਨੁਸਾਰ, ਟਵਿੱਟਰ ਨੇ ਅਜਿਹਾ ਵਿਵਹਾਰ ਕੀਤਾ ਜਿਵੇਂ ਭਾਰਤ ਦੇ ਕਾਨੂੰਨ ਇਸ 'ਤੇ ਲਾਗੂ ਹੀ ਨਹੀਂ ਹੁੰਦੇ। ਭਾਰਤ ਇੱਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਹੈ ਅਤੇ ਇਸ ਨੂੰ ਇਹ ਯਕੀਨੀ ਬਣਾਉਣ ਦਾ ਅਧਿਕਾਰ ਹੈ ਕਿ ਭਾਰਤ ਵਿੱਚ ਕੰਮ ਕਰ ਰਹੀਆਂ ਸਾਰੀਆਂ ਕੰਪਨੀਆਂ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨ।

**ਕਾਂਗਰਸ ਤੇ ਵਿਰੋਧੀ ਪਾਰਟੀਆਂ ਡੋਰਸੀ ਦੀ ਹਮਾਇਤ ਉਪਰ**

ਕਾਂਗਰਸ ਨੇ ਕਿਹਾ ਕਿ ਡੋਰਸੀ ਦੇ ਦਾਅਵੇ ਨੇ ਮੁੜ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਦੇਸ਼ ਦੇ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਹੈ। ਪਾਰਟੀ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੇ ਟਵਿੱਟਰ ਅਕਾਊਂਟ ਨੂੰ ਸਰਕਾਰ ਦੇ ਨਿਰਦੇਸ਼ਾਂ 'ਤੇ ਛੇ ਮਹੀਨਿਆਂ ਲਈ ਬੈਨ ਕਰ ਦਿੱਤਾ ਗਿਆ ਸੀ। ਸ਼ਿਵ ਸੈਨਾ (ਊਧਵ ਠਾਕਰੇ) ਦੇ ਆਗੂ ਸੰਜੇ ਰਾਉਤ ਨੇ ਕਿਹਾ ਕਿ ਮੈਂ ਦੇਖਿਆ ਹੈ ਕਿ ਕਿਵੇਂ ਦੇਸ਼ ਦੀ ਜਮਹੂਰੀਅਤ ਤੇ ਆਜ਼ਾਦੀ ਖ਼ਤਰੇ ਵਿੱਚ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਪਰਦੇ ਦੇ ਪਿੱਛੇ ਜਮਹੂਰੀਅਤ ਦਾ ਗਲਾ ਘੋਟਿਆ ਜਾ ਰਿਹਾ ਹੈ।

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਟਵਿੱਟਰ ਦੇ ਮਾਲਕ ਨੇ ਹੁਣ ਸਪੱਸ਼ਟ ਕਰ ਦਿੱਤਾ ਹੈ। ਡੋਰਸੀ ਨੇ ਠੀਕ ਕਿਹਾ ਹੈ, ਭਾਰਤ ਸਰਕਾਰ ਨੇ ਇਹ ਯਤਨ ਕੀਤੇ ਹੋਣਗੇ। ਟਿਕੈਤ ਨੇ ਕਿਹਾ ਕਿ ਅੰਦੋਲਨ ਦੌਰਾਨ ਕਈ ਟਵਿੱਟਰ ਖਾਤੇ ਬੰਦ ਕਰ ਦਿੱਤੇ ਗਏ। ਨਿੱਕੇ ਬੱਚਿਆਂ ਨੂੰ ਵੀ ਪਤਾ ਸੀ ਕਿ ਜੇ ਕਿਸਾਨ ਅੰਦੋਲਨ ਦੇ ਹੱਕ ਵਿੱਚ ਕੋਈ ਗੱਲ ਕੀਤੀ ਤਾਂ ਖਾਤਾ ਬੰਦ ਹੋ ਜਾਵੇਗਾ। ਕਈ ਖਾਤੇ ਤਾਂ ਅਜੇ ਵੀ ਬੰਦ ਹਨ।

ਪੱਤਰਕਾਰ ਰਾਣਾ ਅਯੂਬ ਨੇ ਜੈਕ ਡੋਰਸੀ ਦੇ ਇਲਜ਼ਾਮਾਂ ਨੂੰ 'ਘਾਤਕ' ਦੱਸਿਆ ਹੈ।

ਸੁਪ੍ਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਜੈਕ ਡੋਰਸੀ ਦੇ ਬਿਆਨ ਨੂੰ ਟਵਿੱਟਰ 'ਤੇ ਸਾਂਝਾ ਕਰਦਿਆਂ ਲਿਖਿਆ ਕਿ ਭਾਰਤ ਸਰਕਾਰ ਨੇ ਟਵਿੱਟਰ ਨੂੰ ਕਿਸਾਨ ਅੰਦੋਲਨ ਅਤੇ ਸਰਕਾਰ ਦੇ ਆਲੋਚਕਾਂ ਨੂੰ ਬਲੈਕ ਆਊਟ ਕਰਨ ਲਈ ਕਿਹਾ ਸੀ।

# ਪੰਥਕ ਏਕਤਾ ਕਰਨ ਲਈ ਮੁਤਵਾਜ਼ੀ ਜਥੇਦਾਰ ਮੰਡ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਲਿਖਿਆ ਪੱਤਰ

**ਕਿਹਾ ਕਿ ਕੌਮ ਨੂੰ ਇੱਕਜੁੱਟ ਕਰਨ ਲਈ ਕੌਮੀ ਏਜੰਡੇ ਦੀ ਲੋੜ**

ਅੰਮ੍ਰਿਤਸਰ/ਏ.ਟੀ.ਨਿਊਜ਼: 6 ਜੂਨ ਨੂੰ ਘੱਲੂਘਾਰੇ ਦੀ 39ਵੀਂ ਬਰਸੀ ਮੌਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਨੂੰ ਏਕੇ ਦਾ ਸੁਨੇਹਾ ਦਿੰਦੇ ਹੋਏ ਸਾਰੀਆਂ ਜਥੇਬੰਦੀਆਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ, ਇਸ ਦਾ ਵੱਡਾ ਅਸਰ ਵਿਖਾਈ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਚਿੱਠੀ ਲਿਖ ਕੇ ਏਕਾ ਕਰਨ ਦੀ ਪੇਸ਼ਕਸ਼ ਰੱਖੀ ਹੈ।

ਨਵੰਬਰ 2015 ਵਿੱਚ ਸਰਬੱਤ ਖ਼ਾਲਸਾ ਨਾਮਕ ਹੋਏ ਇਕੱਠ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਥਾਪੇ ਗਏ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਉਹਨਾਂ ਨੇ ਪਹਿਲਕਦਮੀ ਕਰ ਦਿੱਤੀ ਹੈ, ਹੁਣ ਗਿਆਨੀ ਹਰਪ੍ਰੀਤ ਸਿੰਘ ਦੇ ਹੁੰਗਾਰੇ ਦਾ ਇੰਤਜ਼ਾਰ ਰਹੇਗਾ। ਭਾਈ ਮੰਡ ਨੇ ਕਿਹਾ ਕਿ 6 ਜੂਨ ਤੋਂ ਬਾਅਦ ਪੰਥਕ ਆਗੂਆਂ, ਬੁੱਧੀਜੀਵੀਆਂ ਤੇ ਸੰਗਤਾਂ ਨੇ ਸਾਨੂੰ ਇਕੱਤਰਤ ਹੋਣ ਲਈ ਅਤੇ ਪਹਿਲ ਕਰਨ ਲਈ ਕਿਹਾ ਸੀ, ਜਿਸ ਨੂੰ ਪ੍ਰਵਾਨ ਕਰਦੇ ਹੋਏ ਅਸੀਂ ਆਪਣਾ ਫਰਜ਼ ਨਿਭਾ ਦਿੱਤਾ ਹੈ। ਹੁਣ ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਦਮ ਵਧਾਉਣਾ ਹੈ। ਇਸ ਮੌਕੇ ਭਾਈ ਜਰਨੈਲ ਸਿੰਘ ਸ਼ਖੀਰਾ, ਭਾਈ ਸਤਨਾਮ ਸਿੰਘ ਆਦਿ ਮੌਜੂਦ ਸਨ।



**ਸ਼ੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਦਾ ਜਵਾਬ**

ਸ਼੍ਰੋਮਣੀ ਕਮੇਟੀ ਮੈਂਬਰ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਮੁਤਵਾਜ਼ੀ ਜਥੇਦਾਰ ਗਿਆਨੀ ਧਿਆਨ ਸਿੰਘ ਮੰਡੀ ਦੀ ਏਕੇ ਦੀ ਪੇਸ਼ਕਸ਼ ਦਾ ਸੁਆਗਤ ਕੀਤਾ ਹੈ, ਪਰ ਉਨ੍ਹਾਂ ਨੇ ਕਿਹਾ ਸਰੀਰ ਅਤੇ ਸਿਰ ਜੋੜਨ ਨਾਲ ਏਕਾ ਨਹੀਂ ਹੋਣਾ ਇਸ ਦੇ ਲਈ ਵਿਚਾਰਾਂ ਦਾ ਵੀ ਏਕਾ ਹੋਣਾ ਚਾਹੀਦਾ ਹੈ। ਸਾਡੇ ਵਿਚਾਲੇ ਝਗੜਾ ਹੋਣ ਦੀ ਵਜ੍ਹਾ ਕਰਕੇ ਸਿੱਖ ਪੰਥ ਨੂੰ ਨੁਕਸਾਨ ਹੋਇਆ ਹੈ ।

ਚਾਵਲਾ ਨੇ ਕਿਹਾ ਧਿਆਨ ਸਿੰਘ ਮੰਡ ਵੱਲੋਂ ਕੀਤੀ ਗਈ ਏਕੇ ਦੀ ਪਹਿਲ ਚੰਗਾ ਕਦਮ ਹੈ, ਹੁਣ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਜਵਾਬ ਦਾ ਇੰਤਜ਼ਾਰ ਹੈ। ਹਾਲਾਂ ਕਿ ਮੰਡ ਨੇ ਆਪਣੀ ਚਿੱਠੀ ਵਿੱਚ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਏਕੇ ਦਾ ਫ਼ਾਰਮੂਲਾ ਕੀ ਹੋਵੇਗਾ। ਕੀ ਉਹ ਮੁਤਵਾਜ਼ੀ ਜਥੇਦਾਰ ਬਣੇ ਰਹਿਣਗੇ ਜਾਂ ਫਿਰ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਨਿਯੁਕਤ ਜਥੇਦਾਰ ਅਧੀਨ ਆਉਣਗੇ।

# ਅਮਰੀਕੀ ਸਿੱਖਾਂ ਵੱਲੋਂ ਮੋਦੀ ਦਾ ਵਾਸ਼ਿੰਗਟਨ ਦੌਰੇ ਮੌਕੇ ਵਿਰੋਧ ਕਰਨ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼ :-ਅਮਰੀਕਾ ਦੀਆਂ ਸਿੱਖਾਂ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ 22 ਜੂਨ ਨੂੰ ਵਾਸ਼ਿੰਗਟਨ ਦੌਰੇ 'ਤੇ ਆ ਰਹੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਸਿੱਖ ਜਥੇਬੰਦੀਆਂ ਵੱਲੋਂ ਵੱਡੀ ਰੈਲੀ ਕੀਤੀ ਜਾਵੇਗੀ। ਸਿੱਖ ਜਥੇਬੰਦੀਆਂ ਦੇ ਸਮੂਹ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿੱਚ ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਮੀਟਿੰਗ ਕੀਤੀ ਗਈ। ਇਸ ਮੌਕੇ ਸਰਬਸੰਮਤੀ ਨਾਲ ਅਮਰੀਕਾ ਦੇ ਸਿੱਖਾਂ ਵੱਲੋਂ ਕਾਂਗਰਸ ਅਤੇ ਭਾਜਪਾ ਦੋਵਾਂ ਦਾ ਵਿਰੋਧ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

# ਹਰਿਆਣਾ ਸਰਕਾਰ ਨੇ ਮੰਨੀਆਂ ਕਿਸਾਨਾਂ ਦੀਆਂ ਮੰਗਾਂ

ਕੁਰੂਕਸ਼ੇਤਰ/ਏ.ਟੀ.ਨਿਊਜ਼ : ਹਰਿਆਣਾ ਸਰਕਾਰ ਨੇ ਆਖ਼ਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ। ਸੂਬਾ ਸਰਕਾਰ 6400 ਰੁਪਏ ਵਿੱਚ ਸੂਰਜਮੁਖੀ ਖਰੀਦਣ ਲਈ ਤਿਆਰ ਹੋ ਗਈ ਹੈ। ਮਤਲਬ ਕਿਸਾਨਾਂ ਨੂੰ ਹੁਣ ਸੂਰਜਮੁਖੀ 'ਤੇ ਘੱਟੋ-ਘੱਟ ਸਮਰਥਨ ਮੁੱਲ ਮਿਲੇਗਾ। ਇਸ ਦੇ ਨਾਲ ਹੀ ਜੇਲ੍ਹ ਵਿੱਚ ਬੰਦ ਸਾਰੇ ਕਿਸਾਨਾਂ ਨੂੰ ਵੀ ਰਿਹਾਅ ਕਰ ਦਿੱਤਾ ਜਾਵੇਗਾ।



ਦੱਸ ਦੇਈਏ ਕਿ ਪਹਿਲੇ ਦੌਰ ਦੀ ਗੱਲਬਾਤ ਤੋਂ ਬਾਅਦ ਕਿਸਾਨਾਂ ਨੇ ਪ੍ਰਸ਼ਾਸਨ ਨੂੰ ਕਿਹਾ ਸੀ ਕਿ ਹੁਣ ਅਲਟੀਮੇਟਮ ਖਤਮ ਹੋ ਗਿਆ ਹੈ ਅਤੇ ਹੁਣ ਸਭ ਕੁਝ ਧਰਨੇ ਵਾਲੀ ਥਾਂ 'ਤੇ ਹੀ ਹੋਵੇਗਾ। ਇਸ ਤੋਂ ਬਾਅਦ ਕਿਸਾਨਾਂ ਦੀ ਪ੍ਰਸ਼ਾਸਨ ਨਾਲ ਦੂਜੀ ਵਾਰ ਗੱਲਬਾਤ ਹੋਈ। ਜੋ ਕਿ ਬਹੁਤ ਸਕਾਰਾਤਮਕ ਸੀ। ਇਸ ਮੀਟਿੰਗ ਵਿੱਚ ਕਿਸਾਨਾਂ ਅਤੇ ਪ੍ਰਸ਼ਾਸਨ ਦਰਮਿਆਨ ਸਮਝੌਤਾ ਹੋਇਆ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੀ ਮੋਦੀ ਨੂੰ ਹਟਾਉਣ ਦੀ ਸਾਜ਼ਿਸ਼ ਰਚ ਰਿਹੈ ਅਮਰੀਕਾ ?

## ਰਾਹੁਲ ਗਾਂਧੀ ਨੇ ਡੌਨ ਲੂ ਸਮੇਤ ਕੁਝ ਸੀਨੀਅਰ ਅਮਰੀਕੀ ਅਧਿਕਾਰੀਆਂ ਨਾਲ ਕੀਤੀਆਂ ਗੁਪਤ ਮੀਟਿੰਗਾਂ

ਵਾਸ਼ਿੰਗਟਨ/ਏ.ਟੀ.ਨਿਊਜ਼ : ਵਾਸ਼ਿੰਗਟਨ ਤੋਂ ਰਾਹੁਲ ਗਾਂਧੀ ਬਾਰੇ ਇਸ ਖ਼ਬਰ ਨੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਵ੍ਹਾਈਟ ਹਾਊਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤੇ ਜਾਣ ਵਾਲੇ ਡਿਨਰ ਤੋਂ ਪਹਿਲਾਂ ਰਾਹੁਲ ਗਾਂਧੀ ਨੂੰ ਚਾਹ ਲਈ ਬੁਲਾਇਆ ਗਿਆ। ਵ੍ਹਾਈਟ ਹਾਊਸ ਕੋਈ ਜਨਤਕ ਬਾਗ ਨਹੀਂ ਹੈ ਜਿਸ ਵਿੱਚ ਕੋਈ ਵੀ ਕਿਸੇ ਵੀ ਸਮੇਂ ਘੁੰਮ ਸਕਦਾ ਹੈ। ਪਹਿਲਾਂ ਤੋਂ ਨਿਰਧਾਰਤ ਮੁਲਾਕਾਤ ਤੋਂ ਬਿਨਾਂ ਵ੍ਹਾਈਟ ਹਾਊਸ ਦੀਆਂ ਪੌੜੀਆਂ ਨਹੀਂ ਚੜ੍ਹ ਸਕਦਾ ਹੈ। 'ਦਿ ਟਾਈਮਜ਼ ਆਫ਼ ਇੰਡੀਆ' ਵਿੱਚ ਪ੍ਰਕਾਸ਼ਿਤ ਸੀਮਾ ਸਿਰੋਹੀ ਦੀ ਰਿਪੋਰਟ ਮੁਤਾਬਕ ਰਾਹੁਲ ਗਾਂਧੀ ਨੇ ਅਮਰੀਕੀ ਵਿਦੇਸ਼ ਵਿਭਾਗ ਦੇ ਦੱਖਣੀ ਏਸ਼ੀਆ ਡੈਸਕ ਦੇ ਸਹਾਇਕ ਸਕੱਤਰ ਡੌਨ ਲੂ ਸਮੇਤ ਕੁਝ ਸੀਨੀਅਰ ਅਮਰੀਕੀ ਅਧਿਕਾਰੀਆਂ ਵਿੱਚ ਨਾਲ ਗੁਪਤ ਮੀਟਿੰਗਾਂ ਕੀਤੀਆਂ ਸਨ ਡੌਨ ਲੂ ਨੂੰ ਸੱਤਾ ਉਲਟਾਉਣ ਵਿੱਚ ਮਾਹਿਰ ਮੰਨਿਆ ਜਾਂਦਾ ਹੈ। ਇਮਰਾਨ ਖਾਨ ਨੇ ਕੁਝ ਸਮਾਂ ਪਹਿਲਾਂ ਉਸ ਦਾ ਦਾ ਨਾਂ ਲੈ ਕੇ ਖੁੱਲ੍ਹੇਆਮ ਕਿਹਾ ਸੀ ਕਿ ਅਮਰੀਕਾ ਉਸ ਦਾ ਤਖਤ ਪਲਟਾਉਣਾ ਚਾਹੁੰਦਾ ਸੀ ਅਤੇ ਇਸ ਕੰਮ ਲਈ ਅਮਰੀਕਾ ਨੇ ਡੌਨ ਲੂ ਨੂੰ ਲਾਇਆ ਹੋਇਆ ਸੀ। ਡੌਨ ਲੂ ਫਿਲਹਾਲ ਬੰਗਲਾਦੇਸ਼ ਵਿੱਚ ਇਸੇ ਕੰਮ ਵਿੱਚ ਰੁੱਝਿਆ ਹੋਇਆ ਹੈ। ਅਮਰੀਕਾ ਨੇ ਜਿੱਥੇ ਵੀ ਸੱਤਾ ਬਦਲਣੀ ਹੁੰਦੀ ਹੈ, ਉੱਥੇ ਡੌਨ ਲੂ ਨੂੰ ਭੇਜਿਆ ਜਾਂਦਾ ਹੈ,



ਉਹ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਮਿਲ ਕੇ ਉਨ੍ਹਾਂ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਈ ਜਾਂਦੀ ਹੈ, ਤਾਂ ਜੋ ਅਮਰੀਕਾ ਦੀ ਪਸੰਦ ਦਾ ਨੇਤਾ ਉਸ ਦੇਸ਼ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਅਹੁਦੇ 'ਤੇ ਬਿਰਾਜਮਾਨ ਹੋ ਸਕੇ। ਚੀਨ ਵੀ ਆਪਣੇ ਰਾਜਦੂਤਾਂ ਰਾਹੀਂ ਅਜਿਹਾ ਹੀ ਕੰਮ ਕਰਦਾ ਹੈ। ਦੋ ਦਹਾਕਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਚੀਨ ਨੇ ਆਪਣੇ ਰਾਜਦੂਤਾਂ ਰਾਹੀਂ ਨੇਪਾਲ ਵਿੱਚ ਰਾਜਸ਼ਾਹੀ ਨੂੰ ਖ਼ਤਮ ਕਰ ਦਿੱਤਾ ਸੀ ਅਤੇ ਮਾਰਕਸਵਾਦੀ ਪਾਰਟੀ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਮਾਰਕਸਵਾਦੀਆਂ ਤੋਂ ਬਿਨਾਂ ਉੱਥੇ ਕੋਈ ਸਰਕਾਰ ਨਹੀਂ ਬਣ ਸਕਦੀ। ਭਾਜਪਾ ਪੱਖੀ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਚੀਨ ਨੂੰ ਭਾਰਤ ਦੀ ਕੋਈ ਵੀ ਮਜ਼ਬੂਤ ਸਰਕਾਰ ਪਸੰਦ ਨਹੀਂ ਹੈ, ਇਸ ਲਈ ਜਦੋਂ ਤੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਹਨ, ਚੀਨੀ ਰਾਜਦੂਤਾਂ ਦੀ ਗਾਂਧੀ ਪਰਿਵਾਰ ਨਾਲ ਨੇੜਤਾ ਵਧਣ ਲੱਗੀ ਹੈ।

ਭਾਜਪਾ ਹਲਕਿਆਂ ਅਨੁਸਾਰ ਰਾਹੁਲ ਗਾਂਧੀ ਦੀ ਚੀਨੀ ਰਾਜਦੂਤ ਨਾਲ ਗੁਪਤ ਮੁਲਾਕਾਤ ਦਾ ਖੁਲਾਸਾ ਪਿਛਲੇ ਸਾਲ ਹੋਇਆ ਸੀ, ਜਦੋਂ ਕਾਂਗਰਸ ਨੇ ਅਜਿਹੀ ਕਿਸੇ ਵੀ ਮੁਲਾਕਾਤ ਹੋਣ ਤੋਂ ਇਨਕਾਰ ਕੀਤਾ ਸੀ। ਪਰ ਭਾਰਤ ਸਰਕਾਰ ਦੇ ਦਬਾਅ ਹੇਠ ਚੀਨੀ ਦੂਤਘਰ ਨੇ ਇਸ ਮੀਟਿੰਗ ਦੀ ਪੁਸ਼ਟੀ ਕਰਦਿਆਂ ਮੀਟਿੰਗ ਦੀ ਫੋਟੋ ਜਾਰੀ ਕਰ ਦਿੱਤੀ ਸੀ। ਬਾਅਦ ਵਿੱਚ ਚੀਨੀ ਰਾਜਦੂਤ ਨੇ ਕਾਠਮੰਡੂ ਵਿੱਚ ਰਾਹੁਲ ਗਾਂਧੀ ਨਾਲ ਵੀ ਮੁਲਾਕਾਤ ਕੀਤੀ ਸੀ। ਰਾਹੁਲ ਗਾਂਧੀ ਮਾਨਸਰੋਵਰ ਯਾਤਰਾ 'ਤੇ ਗਏ ਤਾਂ ਚੀਨੀ ਅਧਿਕਾਰੀਆਂ ਨੇ ਨੇਪਾਲ ਵਿੱਚ ਉਹਨਾਂ ਦਾ ਸਵਾਗਤ ਕੀਤਾ ਸੀ। ਬ੍ਰਿਟੇਨ ਦੇ ਦੌਰੇ ਦੌਰਾਨ ਰਾਹੁਲ ਗਾਂਧੀ ਨੇ ਬ੍ਰਿਟਿਸ਼ ਸੰਸਦ ਮੈਂਬਰ ਜੇਰੇਮੀ ਕੋਰਬੀਨ ਨਾਲ ਮੁਲਾਕਾਤ ਕੀਤੀ, ਜੋ ਕਿ ਭਾਰਤ ਵਿਰੋਧੀ ਹਨ। ਕੋਰਬੀਨ ਨੂੰ ਬ੍ਰਿਟੇਨ ਵਿੱਚ ਪਾਕਿਸਤਾਨ ਦਾ ਸਮਰਥਕ (ਬਾਕੀ ਸਫ਼ਾ 30 'ਤੇ)

# ਮੋਦੀ ਦੇ ਰਾਜ ਦੌਰਾਨ ਭਾਰਤ ਕਰਜ਼ੇ ਵਿੱਚ ਡੁੱਬਿਆ : ਕਾਂਗਰਸ

## ਕਾਂਗਰਸ ਅਨੁਸਾਰ ਮੋਦੀ ਦੇ 9 ਸਾਲਾਂ ਦੇ ਰਾਜ ਦੌਰਾਨ ਭਾਰਤ ਸਿਰ ਕਰਜ਼ਾ 155 ਲੱਖ ਕਰੋੜ ਹੋਇਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਨੇ ਦੋਸ਼ ਲਾਇਆ ਕਿ ਮੋਦੀ ਰਾਜ ਦੌਰਾਨ ਪਿਛਲੇ 9 ਸਾਲਾਂ ਵਿੱਚ ਭਾਰਤ ਸਿਰ ਕਰਜ਼ਾ ਤਿੰਨ ਗੁਣਾ ਵਧ ਕੇ 155 ਲੱਖ ਕਰੋੜ ਹੋ ਗਿਆ ਹੈ। ਕਾਂਗਰਸ ਵੱਲੋਂ ਰਾਹੁਲ ਗਾਂਧੀ ਨੇ ਮੰਗ ਕੀਤੀ ਹੈ ਕਿ ਸਰਕਾਰ ਦੇਸ਼ ਦੀ ਅਰਥਵਿਵਸਥਾ ਦੀ ਹਾਲਤ ਸੰਬੰਧੀ ਇੱਕ ਸਫ਼ੈਦ ਪੱਤਰ ਜਾਰੀ ਕਰੇ ਤਾਂ ਜੋ ਦੇਸ਼ ਜਾਣ ਸਕੇ ਕਿ ਅਸੀਂ ਕਿਸ ਹਾਲਤ ਵਿੱਚੋਂ ਲੰਘ ਰਹੇ ਹਾਂ 'ਦੀ ਹਿੰਦੂ' ਦੀ ਰਿਪੋਰਟ ਅਨੁਸਾਰ ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਕਿਹਾ ਹੈ ਕਿ ਅਰਥਵਿਵਸਥਾ ਦੀ ਇਸ ਹਾਲਤ ਲਈ ਮੋਦੀ ਸਰਕਾਰ ਦਾ ਘਟੀਆ ਪ੍ਰਬੰਧ ਜ਼ਿੰਮੇਵਾਰ ਹੈ। ਉਨ੍ਹਾਂ ਤੱਥ ਪੇਸ਼ ਕਰਦਿਆਂ ਕਿਹਾ ਕਿ 2014 ਵਿੱਚ ਭਾਰਤ ਸਿਰ 55 ਲੱਖ ਕਰੋੜ ਦਾ ਕਰਜ਼ਾ ਸੀ ਜੋ ਹੁਣ ਵਧ ਕੇ 155 ਲੱਖ ਕਰੋੜ ਹੋ ਗਿਆ ਹੈ। ਇਸ ਤਰ੍ਹਾਂ 67 ਸਾਲਾਂ ਵਿੱਚ 14 ਪ੍ਰਧਾਨ ਮੰਤਰੀਆਂ ਦੇ ਕਾਰਜਕਾਲ ਦੌਰਾਨ ਭਾਰਤ ਸਿਰ 55 ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਜਦੋਂ ਕਿ ਇਕੱਲੇ ਨਰਿੰਦਰ ਮੋਦੀ ਨੇ ਇਸ ਵਿੱਚ 100 ਕਰੋੜ ਦਾ ਵਾਧਾ ਕਰ ਦਿੱਤਾ ਹੈ। ਇੰਜ ਨਰਿੰਦਰ ਮੋਦੀ ਭਾਰਤ ਨੂੰ ਕਰਜ਼ੇ ਵਿੱਚ ਡੁਬੋਣ ਵਾਲੇ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਹਨ।



ਉਹਨਾਂ ਨਰਿੰਦਰ ਮੋਦੀ ਉੱਤੇ ਚੋਟ ਕਰਦਿਆਂ ਕਿਹਾ ਕਿ ਆਰਥਿਕ ਪ੍ਰਬੰਧ ਟੈਲੀਪ੍ਰਾਮਟਰ ਰਾਹੀਂ ਨਹੀਂ ਚਲਾਇਆ ਜਾ ਸਕਦਾ ਅਤੇ ਵਟਸਐਪ ਜ਼ਰੀਏ ਵੀ ਨਹੀਂ। ਆਰਥਿਕ ਪ੍ਰਬੰਧ ਚਲਾਉਣ ਲਈ ਦੂਰ ਦ੍ਰਿਸ਼ਟੀ ਦੀ ਜ਼ਰੂਰਤ ਹੁੰਦੀ ਹੈ, ਜੋ ਇਸ ਸਰਕਾਰ ਦੇ ਕਰਤਿਆਂ-ਧਰਤਿਆਂ ਵਿੱਚ ਨਹੀਂ ਹੈ।

ਉਹਨਾਂ ਕਿਹਾ ਕਿ ਸਾਡੀ ਹਾਲਤ ਪਾਕਿਸਤਾਨ ਤੇ ਸ੍ਰੀਲੰਕਾ ਵਰਗੇ ਗੁਆਂਢੀ ਦੇਸ਼ਾਂ ਵਰਗੀ ਇਸ ਲਈ ਨਹੀਂ, ਕਿਉਂਕਿ ਸਾਡੀ ਬੁਨਿਆਦ ਮਜ਼ਬੂਤ ਹੈ। ਮੋਦੀ ਸਰਕਾਰ ਇਸ ਮਜ਼ਬੂਤ ਬੁਨਿਆਦ ਨੂੰ ਖੋਰਾ ਲਾ ਕੇ ਖ਼ਤਮ ਕਰਨ ਦਾ ਕੰਮ ਕਰ ਰਹੀ ਹੈ। ਭਾਰਤ ਦੇ ਕਰਜ਼ੇ ਤੇ ਜੀ ਡੀ ਪੀ ਦਾ ਅਨੁਪਾਤ 84 ਫ਼ੀਸਦੀ ਦੀ ਖ਼ਤਰਨਾਕ ਹੱਦ ਤੱਕ ਪੁੱਜ ਚੁੱਕਾ ਹੈ, ਜਦੋਂ ਕਿ ਬਾਕੀ ਵਿਕਾਸਸ਼ੀਲ ਦੇਸ਼ਾਂ ਤੇ ਉੱਭਰਦੀਆਂ ਬਜ਼ਾਰ ਅਰਥ ਵਿਵਸਥਾਵਾਂ ਅੰਦਰ ਇਹ 64.5 ਫ਼ੀਸਦੀ ਹੈ। ਭਾਰਤ ਇਸ ਕਰਜ਼ੇ ਨੂੰ ਮੋੜਨ ਲਈ ਹਰ ਸਾਲ 11 ਲੱਖ ਕਰੋੜ ਰੁਪਏ ਦੀ ਕਿਸ਼ਤ ਦਿੰਦਾ ਹੈ। ਹੁਣ ਹਾਲਾਤ ਜਿਥੇ ਪਹੁੰਚ ਚੁੱਕੇ ਹਨ ਉੱਥੇ ਕਰਜ਼ਾ ਮੋੜਨ ਦੀ ਸਮਰੱਥਾ ਉੱਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਕੈਗ ਦੀ ਰਿਪੋਰਟ ਅਨੁਸਾਰ 2019-20 ਵਿੱਚ ਸਰਕਾਰੀ ਕਰਜ਼ਾ ਜੀ ਡੀ ਪੀ ਦਾ 52.5 ਫ਼ੀਸਦੀ ਸੀ ਤੇ ਹੁਣ ਇਹ 84 ਫ਼ੀਸਦੀ ਤੱਕ ਪੁੱਜ ਚੁੱਕਾ ਹੈ। ਉਹਨਾਂ ਕਿਹਾ ਕਿ ਭਾਰਤ ਦੇ ਆਰਥਿਕ ਵਿਕਾਸ ਨੂੰ ਬਰਬਾਦ ਕਰਨ, ਬੇਤਹਾਸ਼ਾ ਬੇਰੁਜ਼ਗਾਰੀ ਪੈਦਾ ਕਰਨ ਤੇ ਰੁਪਏ ਦੀ ਕਦਰ ਘਟਾਈ ਲਈ ਮੋਦੀ ਸਰਕਾਰ ਨੂੰ ਯਾਦ ਰੱਖਿਆ ਜਾਵੇਗਾ।

# ਕੇਂਦਰ ਦੀਆਂ ਕਟੌਤੀਆਂ ਕਾਰਨ ਪੰਜਾਬ ਵਿੱਤੀ ਤੌਰ 'ਤੇ ਹੋਇਆ ਕਮਜ਼ੋਰ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿਚਲੀ ਮੌਜੂਦਾ ਭਗਵੰਤ ਮਾਨ ਸਰਕਾਰ ਸੱਤਾ ਵਿਚ ਆਉਣ ਤੋਂ ਬਾਅਦ ਕੇਂਦਰ ਨਾਲ ਜਿਵੇਂ ਲਗਾਤਾਰ ਟਕਰਾਅ ਦੀ ਨੀਤੀ 'ਤੇ ਚੱਲ ਰਹੀ ਹੈ, ਉਸ ਦਾ ਵੱਡਾ ਅਸਰ ਹੁਣ ਸੂਬੇ ਦੀ ਆਰਥਿਕ ਸਥਿਤੀ 'ਤੇ ਪੈਂਦਾ ਨਜ਼ਰ ਆ ਰਿਹਾ ਹੈ, ਜੋ ਪਹਿਲਾਂ ਹੀ ਤਰਸਯੋਗ ਹਾਲਤ ਵਿਚ ਸੀ। ਕੇਂਦਰ ਵੱਲੋਂ ਵਿੱਤੀ ਪ੍ਰਬੰਧਨ ਵਿਚ ਅਨੁਸ਼ਾਸਨ ਦੇ ਨਾਂਅ 'ਤੇ ਜੋ ਕਟੌਤੀਆਂ ਕੀਤੀਆਂ ਗਈਆਂ ਹਨ, ਉਸ ਕਾਰਨ ਰਾਜ ਆਮਦਨ ਵਿਚ ਕੋਈ 27 ਹਜ਼ਾਰ ਕਰੋੜ ਦੀ ਕਮੀ ਆਵੇਗੀ, ਜਿਸ ਦੀ ਭਰਪਾਈ ਕਿਵੇਂ ਤੇ ਕਿੱਥੋਂ ਹੋਵੇਗੀ, ਉਸ ਦਾ ਸਰਕਾਰੀ ਪੱਧਰ 'ਤੇ ਕਿਸੇ ਕੋਲ ਵੀ ਜਵਾਬ ਨਹੀਂ ਹੈ। ਕੇਂਦਰ ਵੱਲੋਂ 3-4 ਗੈਰ-ਭਾਜਪਾ ਸਰਕਾਰਾਂ ਵਾਲੇ ਰਾਜਾਂ ਦੀ ਕਰਜ਼ਾ ਲਿਮਟ 'ਤੇ ਕਟੌਤੀ ਲਗਾਈ ਗਈ ਹੈ, ਉਹ ਸੂਬੇ ਲਈ ਇਕ ਵੱਡੀ ਸੱਟ ਸਮਝੀ ਜਾ ਸਕਦੀ ਹੈ। ਸੂਬੇ ਦੀ ਕਰਜ਼ਾ ਲਿਮਟ ਜੋ ਪਹਿਲਾਂ 39 ਹਜ਼ਾਰ ਕਰੋੜ ਪੂਰੇ ਸਾਲ ਲਈ ਸੀ, ਨੂੰ ਘਟਾ ਕੇ 21 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜਦੋਂ ਕਿ ਕੇਂਦਰ ਪੰਜਾਬ ਦਾ 4000 ਕਰੋੜ ਰੁਪਏ ਦਾ ਦਿਹਾਤੀ ਫੰਡ ਪਹਿਲਾਂ ਹੀ ਰੋਕ ਕੇ ਬੈਠਾ ਹੋਇਆ ਹੈ। ਇਸੇ ਤਰ੍ਹਾਂ ਪੂੰਜੀ ਵਿਕਾਸ ਲਈ ਵਿਸ਼ੇਸ਼ ਗਰਾਂਟ ਦੀ ਠੀਕ ਵਰਤੋਂ ਨਾ ਹੋਣ ਕਾਰਨ 2800 ਕਰੋੜ ਅਤੇ ਕੌਮੀ ਸਿਹਤ ਮਿਸ਼ਨ ਦੀ ਗਰਾਂਟ ਆਮ ਆਦਮੀ ਕਲੀਨਿਕਾਂ ਲਈ ਵਰਤਣ ਅਤੇ ਮੁੱਖ ਮੰਤਰੀ ਦੀ ਤਸਵੀਰ ਲਗਾਉਣ ਕਾਰਨ 800 ਕਰੋੜ ਦੀ ਸਾਲਾਨਾ ਗਰਾਂਟ ਵੀ ਕੇਂਦਰ ਵੱਲੋਂ ਰੋਕ ਲਈ ਗਈ ਹੈ। ਕੇਂਦਰ ਵੱਲੋਂ ਪੰਜਾਬ ਵਿਚੋਂ ਫ਼ਸਲਾਂ ਦੀ ਖ਼ਰੀਦ ਸੰਬੰਧੀ ਦਿਹਾਤੀ ਵਿਕਾਸ ਫੰਡ ਤੇ ਆੜ੍ਹਤ ਵਿੱਚ ਵੀ ਆਪਣੇ ਤੌਰ 'ਤੇ ਕਮੀ ਕਰ ਦਿੱਤੀ ਗਈ ਹੈ, ਜਿਸ ਕਾਰਨ ਸਾਲਾਨਾ 1000 ਕਰੋੜ ਤੋਂ ਵੱਧ ਦਾ ਨੁਕਸਾਨ ਹੋਵੇਗਾ। (ਬਾਕੀ ਸਫ਼ਾ 29 'ਤੇ)



# ਕੋਹਿਨੂਰ ਹੀਰਾ ਵਾਪਸ ਲਿਆਉਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ

## ਕੋਹਿਨੂਰ ਨੂੰ ਵਾਪਸ ਲਿਆਉਣ ਲਈ ਹੋਰ ਕੰਮ ਕਰਨ ਦੀ ਲੋੜ: ਸੰਸਦੀ ਕਮੇਟੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਹੈ ਕਿ ਕੋਹਿਨੂਰ ਹੀਰੇ ਨੂੰ ਭਾਰਤ ਵਾਪਸ ਲਿਆਉਣ ਦਾ ਮਾਮਲਾ 'ਸਰਕਾਰ ਦੇ ਵਿਚਾਰਅਧੀਨ ਹੈ।' ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਸੰਸਦੀ ਕਮੇਟੀ ਕੋਲ ਇੱਕ ਰਿਪੋਰਟ ਰੱਖੀ ਗਈ ਸੀ ਜਿਸ ਵਿੱਚ ਕਿਹਾ ਗਿਆ ਹੈ ਕਿ ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਸਾਮਰਾਜ ਵੱਲੋਂ ਲੈ ਲਿਆ ਗਿਆ ਕੋਹਿਨੂਰ ਹੀਰਾ ਅਤੇ ਹੋਰ ਕੀਮਤੀ ਵਸਤਾਂ ਵਾਪਸ ਮੰਗਣ ਤੋਂ ਭਾਰਤ ਨੂੰ ਕੋਈ ਵੀ ਨਹੀਂ ਰੋਕ ਸਕਦਾ। ਸੱਭਿਆਚਾਰ ਬਾਰੇ ਕੇਂਦਰੀ ਰਾਜ ਮੰਤਰੀ ਮੇਘਵਾਲ ਨੇ ਕੋਹਿਨੂਰ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇਹ ਮਾਮਲਾ ਵਿਚਾਰ ਅਧੀਨ ਹੈ। ਉਨ੍ਹਾਂ ਕਿਹਾ ਕਿ 2014 ਤੋਂ ਪਹਿਲਾਂ ਸਿਰਫ਼ 13 ਚੋਰੀ ਕੀਤੀਆਂ ਗਈਆਂ ਵਸਤਾਂ ਮੋੜੀਆਂ ਗਈਆਂ ਹਨ। ਜਦਕਿ 2014 ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ 231 ਚੋਰੀ ਕੀਤੀਆਂ ਪੁਰਾਤਨ ਵਸਤਾਂ ਵਾਪਸ ਲਿਆਂਦੀਆਂ ਗਈਆਂ ਹਨ। ਮੇਘਵਾਲ ਨੇ ਕਿਹਾ ਕਿ ਸਰਕਾਰ ਨੇ ਸੰਸਦੀ ਕਮੇਟੀ ਦੀ ਰਿਪੋਰਟ ਪੜ੍ਹ ਲਈ ਹੈ ਤੇ ਕੋਹਿਨੂਰ ਬਾਰੇ ਵਿਚਾਰ ਹੋ ਰਿਹਾ ਹੈ।



ਦੱਸਣਯੋਗ ਹੈ ਕਿ ਟਰਾਂਸਪੋਰਟ, ਸੈਰ-ਸਪਾਟਾ ਤੇ ਸਭਿਆਚਾਰ ਬਾਰੇ ਸੰਸਦ ਦੀ ਸਥਾਈ ਕਮੇਟੀ ਨੇ ਚੋਰੀ ਹੋਈਆਂ ਵਿਰਾਸਤੀ ਚੀਜ਼ਾਂ ਬਾਰੇ ਆਪਣੀ ਰਿਪੋਰਟ ਵਿੱਚ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਕੋਹਿਨੂਰ ਨੂੰ ਵਾਪਸ ਲਿਆਉਣ ਲਈ ਹੋਰ ਕੰਮ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ 105.6 ਕੈਰੇਟ ਦਾ ਕੋਹਿਨੂਰ ਦੁਨੀਆਂ ਦੇ ਸਭ ਤੋਂ ਵੱਡੇ ਆਕਾਰ ਦੇ ਕੱਟੇ ਹੋਏ ਹੀਰਿਆਂ ਵਿੱਚ ਸ਼ਾਮਲ ਹੈ। ਇਹ ਵਰਤਮਾਨ ਵਿੱਚ ਯੂਕੇ ਦੇ 'ਕਰਾਊਨ ਜਿਊਲਜ਼' ਦਾ ਹਿੱਸਾ ਹੈ ਜਿਸ ਨੂੰ ਸ਼ਾਹੀ ਪਰਿਵਾਰ ਪਹਿਨਦਾ ਹੈ। ਵਾਈਐੱਸਆਰ (ਬਾਕੀ ਸਫ਼ਾ 30 'ਤੇ)

# ਪੰਜਾਬ ਸਣੇ ਸੱਤ ਸੂਬਿਆਂ 'ਚ ਪੜ੍ਹਾਈ ਵਿਚਾਲੇ ਛੱਡਣ ਦੀ ਦਰ ਕੌਮੀ ਔਸਤ ਤੋਂ ਜ਼ਿਆਦਾ

ਨਵੀਂ ਦਿੱਲੀ/ ਏ.ਟੀ.ਨਿਊਜ਼ : ਦੇਸ਼ ਦੇ ਸੱਤ ਸੂਬਿਆਂ 'ਚ ਸੈਕੰਡਰੀ ਪੱਧਰ 'ਤੇ ਵਿਦਿਆਰਥੀਆਂ ਵੱਲੋਂ ਪੜ੍ਹਾਈ ਵਿਚਾਲੇ ਹੀ ਛੱਡਣ ਦੀ ਦਰ ਸਾਲ 2021-22 'ਚ ਕੌਮੀ ਔਸਤ 12.6 ਫ਼ੀਸਦ ਤੋਂ ਵੱਧ ਹੈ। ਇਨ੍ਹਾਂ ਸੂਬਿਆਂ 'ਚ ਪੰਜਾਬ, ਗੁਜਰਾਤ, ਬਿਹਾਰ, ਕਰਨਾਟਕ ਅਤੇ ਅਸਾਮ ਆਦਿ ਸ਼ਾਮਲ ਹਨ। ਕੇਂਦਰ ਸਰਕਾਰ ਨੇ ਇਨ੍ਹਾਂ ਸੂਬਿਆਂ ਨੂੰ 'ਡਰਾਪ ਆਊਟ' ਦਰ ਘੱਟ ਕਰਨ ਲਈ ਵਿਸ਼ੇਸ਼ ਕਦਮ ਚੁੱਕਣ ਦਾ ਸੁਝਾਅ ਦਿੱਤਾ ਹੈ। ਸਮੱਗਰ ਸਿੱਖਿਆ ਪ੍ਰੋਗਰਾਮ ਬਾਰੇ ਸਿੱਖਿਆ ਮੰਤਰਾਲੇ ਤਹਿਤ ਪ੍ਰਾਜੈਕਟ ਮਨਜ਼ੂਰੀ ਬੋਰਡ (ਪੀਏਬੀ) ਦੀ ਸਾਲ 2023-24 ਦੀ ਕਾਰਜ ਯੋਜਨਾ ਸਬੰਧੀ ਮੀਟਿੰਗਾਂ ਦੇ ਦਸਤਾਵੇਜ਼ਾਂ ਤੋਂ ਇਹ ਜਾਣਕਾਰੀ ਮਿਲੀ ਹੈ। ਇਹ ਮੀਟਿੰਗਾਂ ਵੱਖ ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਮਾਰਚ ਅਤੇ ਮਈ ਦੌਰਾਨ ਹੋਈਆਂ ਸਨ। ਸਰਕਾਰ ਨਵੀਂ ਸਿੱਖਿਆ ਨੀਤੀ ਤਹਿਤ ਸਾਲ 2030 ਤੱਕ ਸਕੂਲੀ ਸਿੱਖਿਆ ਦੇ ਪੱਧਰ 'ਤੇ 100 ਫ਼ੀਸਦ ਕੁੱਲ ਐਨਰੋਲਮੈਂਟ ਦਰ (ਜੀਈਆਰ) ਹਾਸਲ ਕਰਨਾ ਚਾਹੁੰਦੀ ਹੈ ਪਰ ਬੱਚਿਆਂ ਦੇ ਪੜ੍ਹਾਈ ਵਿਚਾਲੇ ਹੀ ਛੱਡਣ ਨੂੰ



ਇਸ 'ਚ ਅੜਿੱਕਾ ਮੰਨ ਰਹੀ ਹੈ। ਪੀਏਬੀ ਦੀ ਮੀਟਿੰਗ ਦੇ ਦਸਤਾਵੇਜ਼ਾਂ ਮੁਤਾਬਕ ਸਾਲ 2021-22 'ਚ ਬਿਹਾਰ ਦੇ ਸਕੂਲਾਂ 'ਚ ਸੈਕੰਡਰੀ ਪੱਧਰ 'ਤੇ ਡਰਾਪ ਆਊਟ ਦਰ 20.46 ਫ਼ੀਸਦ, ਗੁਜਰਾਤ 'ਚ 17.85 ਫ਼ੀਸਦ, ਆਂਧਰਾ ਪ੍ਰਦੇਸ਼ 'ਚ 16.7 ਫ਼ੀਸਦ, ਅਸਾਮ 'ਚ 20.3 ਫ਼ੀਸਦ, ਕਰਨਾਟਕ 'ਚ 14.6 ਫ਼ੀਸਦ, ਪੰਜਾਬ 'ਚ 17.2 ਫ਼ੀਸਦ, ਮੇਘਾਲਿਆ 'ਚ 21.7 ਫ਼ੀਸਦ ਦਰਜ ਕੀਤੀ ਗਈ। ਦਸਤਾਵੇਜ਼ਾਂ ਮੁਤਾਬਕ ਦਿੱਲੀ ਦੇ ਸਕੂਲਾਂ 'ਚ ਮੁੱਢਲੇ ਪੱਧਰ 'ਤੇ ਐਨਰੋਲਮੈਂਟ 'ਚ ਕਰੀਬ ਤਿੰਨ ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਸੈਕੰਡਰੀ ਪੱਧਰ 'ਤੇ ਐਨਰੋਲਮੈਂਟ 'ਚ ਕਰੀਬ ਪੰਜ ਫ਼ੀਸਦ ਦੀ ਗਿਰਾਵਟ ਆਈ ਹੈ। ਇਸ 'ਚ ਕਿਹਾ ਗਿਆ ਹੈ ਕਿ ਦਿੱਲੀ 'ਚ ਸਕੂਲੀ ਸਿੱਖਿਆ ਦੇ ਘੇਰੇ ਤੋਂ ਬਾਹਰ ਵੱਡੀ ਗਿਣਤੀ 'ਚ ਵਿਦਿਆਰਥੀ ਹਨ। ਅਜਿਹੇ 'ਚ ਸਿੱਖਿਆ ਦੀ ਮੁੱਖ ਧਾਰਾ 'ਚ ਵਾਪਸ ਲਿਆਂਦੇ ਗਏ ਵਿਦਿਆਰਥੀਆਂ ਦੀ ਗਿਣਤੀ ਬਾਰੇ ਪ੍ਰਦੇਸ਼ ਨੂੰ (ਬਾਕੀ ਸਫ਼ਾ 31 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਿੱਚ ਗੁਰਮਤੇ ਅਤੇ ਪੰਚ ਪ੍ਰਧਾਨੀ ਦੀ ਬਹਾਲੀ ਜ਼ਰੂਰੀ: ਭਾਈ ਦਲਜੀਤ ਸਿੰਘ

## 28 ਜੂਨ ਨੂੰ ਮੀਰੀ ਪੀਰੀ ਦਿਵਸ ਮੌਕੇ ਹੋਵੇਗੀ ਵਿਸ਼ਵ ਸਿੱਖ ਇਕੱਤਰਤਾ

ਬਠਿੰਡਾ/ਏ.ਟੀ.ਨਿਊਜ਼ : ਪੰਥ ਸੇਵਕ ਸ਼ਖਸੀਅਤਾਂ ਵੱਲੋਂ ਗੁਰ-ਸੰਗਤ ਅਤੇ ਖ਼ਾਲਸਾ ਪੰਥ ਦੇ ਜਥਿਆਂ ਨਾਲ ਕੀਤੇ ਜਾ ਰਹੇ ਤਾਲਮੇਲ ਤਹਿਤ ਬੀਤੇ ਦਿਨੀਂ ਪਿੰਡ ਢਪਾਲੀ (ਜ਼ਿਲ੍ਹਾ ਬਠਿੰਡਾ) ਵਿਖੇ ਸਥਾਨਕ ਜਥਿਆਂ ਤੇ ਸਰਗਰਮ ਸਿੰਘਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਤਾਲਮੇਲ ਦਾ ਇਹ ਸਿਲਸਿਲਾ ਬੀਤੇ ਵਰ੍ਹੇ ਪੰਥ ਸੇਵਕ ਸ਼ਖਸੀਅਤਾਂ ਵੱਲੋਂ ਸਿੱਖ ਸਫ਼ਾ ਵਿੱਚ ਅੰਦਰੂਨੀ ਸੰਵਾਦ ਦੇ ਸ਼ੁਰੂ ਕੀਤੇ ਸਿਲਸਿਲੇ ਤਹਿਤ ਕੀਤਾ ਜਾ ਰਿਹਾ ਹੈ।

ਇਸ ਇਕੱਤਰਤਾ ਵਿੱਚ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਅੱਜ ਦਾ ਸਮਾਂ ਬਹੁਤ ਅਹਿਮ ਹੈ। ਇਸ ਸਮੇਂ ਪਹਿਲਾਂ ਤੋਂ ਚੱਲੇ ਆ ਰਹੇ ਢਾਂਚੇ ਢਹਿ ਰਹੇ ਹਨ ਤੇ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਅਜਿਹੇ ਸਮੇਂ ਸਿੱਖਾਂ ਲਈ ਚੁਨੌਤੀਆਂ ਅਤੇ ਸੰਭਾਵਨਾਵਾਂ ਦੋਵੇਂ ਹੀ ਮੌਜੂਦ ਹਨ।

ਉਹਨਾਂ ਕਿਹਾ ਕਿ ਦਿੱਲੀ ਦਰਬਾਰ ਸਿੱਖਾਂ ਨੂੰ ਸਟੇਟ ਦੇ ਢਾਂਚਿਆਂ ਤੇ ਸੰਸਥਾਵਾਂ ਵਿੱਚ ਹੀ ਉਲਝਾਈ ਰੱਖਣਾ ਚਾਹੁੰਦਾ ਹੈ ਜਦਕਿ ਅੱਜ ਦੇ ਸਮੇਂ ਸਿੱਖਾਂ ਨੂੰ ਆਪਣੀਆਂ ਖ਼ਾਲਸਾਈ ਸੰਸਥਾਵਾਂ ਸੁਰਜੀਤ ਅਤੇ ਮਜ਼ਬੂਤ



ਕਰਨ ਦੀ ਲੋੜ ਹੈ। ਸਿੱਖਾਂ ਸਾਹਮਣੇ ਇਸ ਵੱਲੇ ਵੱਡੀ ਚੁਣੌਤੀ ਅੰਦਰੂਨੀ ਖਿੰਡਾਓ ਦੀ ਹੈ। ਇਸ ਖਿੰਡਾਓ ਨੂੰ ਦੂਰ ਕਰਨ ਵਾਸਤੇ ਆਪਸ ਵਿੱਚ ਤਾਲਮੇਲ ਤੇ ਸੰਵਾਦ ਰਚਾਉਣ ਦੀ ਸਖ਼ਤ ਲੋੜ ਹੈ ਤਾਂ ਕਿ ਵੱਖ-ਵੱਖ ਹਿੱਸੇ ਆਪਸ ਵਿੱਚ ਭਰੋਸੇ ਯੋਗਤਾ ਪੈਦਾ ਕਰ ਸਕਣ ਤੇ ਆਪਣੇ-ਆਪਣੇ ਕਾਰਜ ਪਛਾਣ ਸਕਣ।

ਭਾਈ ਦਲਜੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਿ ਆਸ਼ੇ ਅਤੇ ਪੰਥਕ ਪਰੰਪਰਾ ਅਨੁਸਾਰ ਕਰਨ ਦੀ ਸਖ਼ਤ ਜ਼ਰੂਰਤ ਹੈ। ਇਸ ਵਾਸਤੇ ਆਉਂਦੀ 28 ਜੂਨ ਨੂੰ ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਦਾ ਸੱਦਾ ਦਿੱਤਾ ਗਿਆ ਹੈ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਿੱਚ ਗੁਰਮਤੇ ਅਤੇ ਪੰਚ ਪ੍ਰਧਾਨੀ ਅਗਵਾਈ ਦੀ ਮੁੜ-ਬਹਾਲੀ ਬਾਰੇ ਸਾਂਝਾ ਫੈਸਲਾ ਲੈਣ ਦਾ ਯਤਨ ਕੀਤਾ ਜਾਵੇਗਾ।ਇਸ ਇਕੱਤਰਤਾ ਵਿੱਚ ਭਾਈ ਹਰਦੀਪ ਸਿੰਘ ਮਹਿਰਾਜ ਅਤੇ ਭਾਈ ਰਾਮ ਸਿੰਘ ਢਪਾਲੀ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਭਾਈ ਹਰਦੀਪ ਸਿੰਘ ਮਹਿਰਾਜ ਨੇ ਸਥਾਨਕ ਜਥਿਆਂ ਤੇ ਸ਼ਖਸੀਅਤਾਂ ਨੂੰ 28 ਜੂਨ ਨੂੰ ਹੋਣ ਵਾਲੀ ਵਿਸ਼ਵ ਸਿੱਖ ਇਕੱਤਰਤਾ ਵਿੱਚ ਸ਼ਮੂਲੀਅਤ ਦਾ ਸੱਦਾ ਦਿੱਤਾ।

## ਪੂਰਨ ਆਜ਼ਾਦੀ ਲਈ ਖ਼ਾਲਸਾ ਪੰਥ ਅਕਾਲ ਤਖ਼ਤ ਸਾਹਿਬ ਨਾਲ ਜੁੜੇ: ਜਥੇ. ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਭਾਈ ਕਮਲਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪਾਵਨ ਹੁਕਮਨਾਮਾ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ।ਅਕਾਲ ਤਖ਼ਤ ਸਾਹਿਬ ਦੇ ਸਿਰਜਣਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1606 ਈ: ਵਿੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਥਾਪਨਾ ਕਰਕੇ ਸਿੱਖ ਕੌਮ ਨੂੰ ਆਜ਼ਾਦ ਹੋਂਦ ਹਸਤੀ ਦ੍ਰਿੜ ਕਰਵਾਈ। ਸੰਨ 1757,1762 ਅਤੇ ਫਿਰ 1764 ਵਿੱਚ ਤਿੰਨ ਵਾਰ ਮੁਗਲਾਂ ਨੇ 'ਸੱਚਾ ਦਰਬਾਰ' ਢਾਹ ਦਿੱਤਾ ਪਰ ਤਿੰਨ ਵਾਰ ਹੀ ਮੁੜ ਕੇ ਉਸਾਰਿਆ ਗਿਆ।ਇੰਦਰਾ ਸਰਕਾਰ ਦੌਰਾਨ ਜੂਨ 84 ਵਿੱਚ ਅਕਾਲ ਤਖਤ ਸਾਹਿਬ ਤੋਪਾਂ ਟੈਂਕਾਂ ਨਾਲ ਢਾਹਿਆ ਗਿਆ, ਹੁਣ ਵੀ ਜਦੋਂ ਸਿੱਖਾਂ ਨੂੰ ਕੋਈ ਅਨਿਆਂ ਹੁੰਦਾ ਜਾਪਦਾ ਹੈ ਉਹ ਜਬਰ ਦਾ ਟਾਕਰਾ ਕਰਨ ਲਈ ਅਕਾਲ ਤਖ਼ਤ ਸਾਹਿਬ (ਬਾਕੀ ਸਫ਼ਾ 30 'ਤੇ)

## ਹੁਣ ਪੰਜਾਬ ਵਿੱਚ ਹੋਵੇਗਾ ਸੂਫ਼ੀ ਉਤਸਵ ਦੇ ਨਾਲ 'ਨਿਹੰਗ ਤੇ ਛਿੰਝ ਉਲੰਪਿਕ'!

### ਸੈਰ ਸਪਾਟਾ ਤੇ ਸੱਭਿਆਚਾਰਕ ਮੰਤਰੀ ਅਨਮੋਲ ਗਗਨ ਮਾਨ ਨੇ ਕੀਤਾ ਐਲਾਨ

ਅਨੰਦਪੁਰ ਸਾਹਿਬ/ ਏ.ਟੀ.ਨਿਊਜ਼: ਸੈਰ ਸਪਾਟਾ ਤੇ ਸੱਭਿਆਚਾਰਕ ਮੰਤਰੀ ਅਨਮੋਲ ਗਗਨ ਮਾਨ ਨੇ ਐਲਾਨ ਕੀਤਾ ਕਿ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਹਰ ਸਾਲ 'ਨਿਹੰਗ ਉਲੰਪਿਕਸ' ਕਰਵਾਏ ਜਾਣਗੇ, ਜਿੱਥੇ ਨਿਹੰਗ ਸਿੰਘਾਂ ਦੇ ਮੁਕਾਬਲੇ ਕਰਵਾਏ ਜਾਣਗੇ।ਪੰਜਾਬ ਸਰਕਾਰ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਜਾਣਗੇ।

ਉਹਨਾਂ ਨੇ ਕਿਹਾ ਕਿ ਹੋਲਾ ਮਹੱਲਾ ਹੋਵੇ, ਚਾਹੇ ਵਿਸਾਖੀ ਹੋਵੇ, ਸਾਡੇ ਨਿਹੰਗ ਸਿੰਘਾਂ ਦੀ ਪ੍ਰਦਰਸ਼ਨਕਾਰੀ, ਕਲਾ ਬਹੁਤ ਸ਼ਲਾਘਾਯੋਗ ਹੁੰਦੀ ਹੈ ਪਰ ਉਨ੍ਹਾਂ ਲਈ ਸਰਕਾਰੀ ਤੌਰ ਉੱਤੇ ਮੁਕਾਬਲੇ



ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਸੀ, ਜਿਸ ਕਰਕੇ ਸਰਕਾਰ ਹੁਣ ਉਨ੍ਹਾਂ ਦੇ ਮੁਕਾਬਲੇ ਕਰਵਾਇਆ ਕਰੇਗੀ, ਜੇਤੂ ਟੀਮਾਂ ਲਈ ਵੱਡੇ ਇਨਾਮ ਐਲਾਨੇ ਜਾਣਗੇ।

ਉਨ੍ਹਾਂ ਨੇ ਇੱਕ ਹੋਰ ਐਲਾਨ ਕਰਦਿਆਂ ਕਿਹਾ ਕਿ ਤਰਨਤਾਰਨ ਵਿੱਚ ਦਾਰਾ ਸਿੰਘ ਛਿੰਝ ਉਲੰਪਿਕ ਕਰਵਾਏ ਜਾਣਗੇ, ਜਿਸ ਵਿੱਚ ਜੇਤੂ ਨੂੰ ਰੁਸਤਮ-ਏ-ਹਿੰਦ ਦੇ ਖਿਤਾਬ ਨਾਲ ਨਿਵਾਜਿਆ ਜਾਵੇਗਾ ਅਤੇ 10 ਲੱਖ ਰੁਪਏ ਦਾ ਇਨਾਮ ਵੀ ਦਿੱਤਾ ਜਾਵੇਗਾ।

ਅਨਮੋਲ ਗਗਨ ਮਾਨ ਨੇ ਘੋੜ ਸਵਾਰਾਂ ਲਈ ਵੀ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜਲੰਧਰ ਜ਼ਿਲ੍ਹੇ ਵਿੱਚ ਪਹਿਲੀ ਵਾਰ ਘੋੜ ਸਵਾਰ ਚੈਂਪੀਅਨਸ਼ਿਪ ਸ਼ੁਰੂ ਕੀਤੀ ਜਾਵੇਗੀ। ਜੇਤੂਆਂ ਨੂੰ ਪੰਜਾਬ ਸਰਕਾਰ ਵੱਲੋਂ ਇਨਾਮ ਵੀ ਦਿੱਤੇ ਜਾਣਗੇ। ਫਾਜ਼ਿਲਕਾ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਹੈਂਡੀਕਰਾਫਟ ਫੈਸਟੀਵਲ ਆਯੋਜਿਤ ਕੀਤਾ ਜਾਵੇਗਾ, ਜਿੱਥੇ ਪੂਰੇ ਪੰਜਾਬ ਵਿੱਚੋਂ ਹੈਂਡੀਕਰਾਫਟ ਆਰਟਿਸਟ ਹਿੱਸਾ ਲੈਣਗੇ।

ਉਨ੍ਹਾਂ ਨੇ ਕਿਹਾ ਕਿ ਰੋਪੜ ਅਤੇ ਪਠਾਨਕੋਟ ਵਿੱਚ ਪਹਿਲੀ ਵਾਰ ਸਾਲਾਨਾ ਐਂਡਵੈਂਚਰ ਸਪੋਰਟ ਫੈਸਟੀਵਲ ਸ਼ੁਰੂ ਕੀਤਾ ਜਾਵੇਗਾ। ਮਲੇਰਕੋਟਲਾ ਵਿੱਚ ਸੂਫ਼ੀ ਉਤਸਵ ਸ਼ੁਰੂ ਕੀਤਾ ਜਾਵੇਗਾ, ਜਿੱਥੇ ਕਲਾਸੀਕਲ ਗੀਤ ਸੰਗੀਤਕਾਰ ਵੱਧ ਚੜ ਕੇ ਹਿੱਸਾ ਲੈਣਗੇ। ਉਨ੍ਹਾਂ ਨੇ ਕਿਹਾ ਕਿ ਪਠਾਨਕੋਟ ਵਿੱਚ ਫੈਸਟੀਵਲ ਆਫ਼ ਰਿਵਰਜ਼ ਮਨਾਇਆ ਜਾਵੇਗਾ। ਗੁਰਦਾਸਪੁਰ ਵਿੱਚ ਹਰੀ ਸਿੰਘ ਨਲਵਾ ਜੋਸ਼ ਫੈਸਟੀਵੈਲ ਮਨਾਇਆ ਜਾਵੇਗਾ।

## ਬਰਗਾੜੀ ਬੇਅਦਬੀ ਮਾਮਲਿਆਂ ਦੇ ਮੁਲਜ਼ਮ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਕਤਲ ਕਾਂਡ ਦਾ ਮੁਖ ਦੋਸ਼ੀ ਗ੍ਰਿਫ਼ਤਾਰ



ਮੋਗਾ/ਏ.ਟੀ.ਨਿਊਜ਼: ਕੋਟਕਪੂਰਾ ਦੇ ਪਰਦੀਪ ਸਿੰਘ ਕਤਲ ਕਾਂਡ ਦੇ ਮਾਸਟਰ ਮਾਈਂਡ ਗੈਂਗਸਟਰ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਗ੍ਰਿਫਤਾਰ ਕੀਤਾ ਹੈ। ਮਾਸਟਰ ਮਾਈਂਡ ਦੀ ਪਛਾਣ ਗੈਂਗਸਟਰ ਹਰਪ੍ਰੀਤ ਸਿੰਘ ਵਜੋਂ ਹੋਈ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਟਵੀਟ ਕਰ ਦੱਸਿਆ ਕਿ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਭਗੌੜੇ ਗੈਂਗਸਟਰ ਗੋਲਡੀ ਬਰਾੜ ਦੇ ਕਰੀਬੀ ਸਾਥੀ ਅਤੇ ਕੋਟਕਪੂਰਾ ਦੇ ਪਰਦੀਪ ਸਿੰਘ ਕਤਲ ਕਾਂਡ ਦੇ ਮਾਸਟਰ ਮਾਈਂਡ ਗੈਂਗਸਟਰ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। (ਬਾਕੀ ਸਫ਼ਾ 30 'ਤੇ)

## ਪ੍ਰਿੰਸੀਪਲ ਬੁੱਧ ਰਾਮ 'ਆਪ' ਦੇ ਸੂਬਾਈ ਕਾਰਜਕਾਰੀ ਪ੍ਰਧਾਨ ਨਿਯੁਕਤ

### 'ਆਪ' ਨੇ ਸਿਆਸੀ ਪਾਰਟੀਆਂ ਅੱਗੇ ਕਿਸੇ ਦਲਿਤ ਨੂੰ ਸੂਬੇ ਦਾ ਪ੍ਰਧਾਨ ਬਣਾਉਣ ਦੀ ਖੜ੍ਹੀ ਕੀਤੀ ਚੁਣੌਤੀ



ਚੰਡੀਗੜ੍ਹ /ਏ.ਟੀ.ਨਿਊਜ਼: ਆਮ ਆਦਮੀ ਪਾਰਟੀ ਨੇ ਦੂਜੀ ਵਾਰ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੂੰ ਪਾਰਟੀ ਦਾ ਸੂਬਾਈ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਯੂਥ ਵਿੰਗ ਦਾ ਪ੍ਰਧਾਨ ਬਣਾਇਆ ਗਿਆ ਹੈ। ਆਪ ਦੇ ਸੂਬਾਈ ਪ੍ਰਧਾਨ ਮੁੱਖ ਮੰਤਰੀ ਭਗਵੰਤ ਮਾਨ ਹਨ, ਪਰ ਉਨ੍ਹਾਂ ਦੇ ਬਤੌਰ ਮੁੱਖ ਮੰਤਰੀ ਵੱਧ ਰੁਝੇਵੇਂ ਹੋਣ ਕਾਰਨ ਪਾਰਟੀ ਦਾ ਕੰਮ ਪ੍ਰਭਾਵਿਤ ਹੋ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਪਾਰਟੀ 'ਚ ਜਥੇਬੰਦਕ ਢਾਂਚੇ 'ਚ ਤਬਦੀਲੀ ਦੀ ਮੰਗ ਚੱਲ ਰਹੀ ਸੀ, ਜਿਸ ਕਰਕੇ ਆਗਾਮੀ ਲੋਕ ਸਭਾ, ਨਗਰ ਨਿਗਮਾਂ ਅਤੇ ਪੰਚਾਇਤਾਂ ਦੀਆਂ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਹਾਈ ਕਮਾਨ ਨੇ ਪ੍ਰਿੰਸੀਪਲ ਬੁੱਧ ਰਾਮ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਪਾਰਟੀ ਦੇ ਸਕੱਤਰ ਜਨਰਲ ਡਾ. ਸੰਦੀਪ ਪਾਠਕ ਨੇ ਪ੍ਰਿੰਸੀਪਲ ਬੁੱਧ ਰਾਮ, ਚਾਰ ਮੀਤ ਪ੍ਰਧਾਨਾਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ , ਜਸਬੀਰ ਸਿੰਘ ਰਾਜਾ ਗਿੱਲ, ਜਗਦੀਪ ਸਿੰਘ ਕਾਕਾ ਬਰਾੜ, ਤਰੁਣਪ੍ਰੀਤ ਸਿੰਘ ਸੌਂਧ ਅਤੇ ਜਗਰੂਪ ਸਿੰਘ ਸੇਖਵਾਂ ਨੂੰ ਜਰਨਲ ਸਕੱਤਰ ਨਿਯੁਕਤ ਕਰਨ ਦੀ ਜਾਣਕਾਰੀ ਦਿੱਤੀ ਹੈ।ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਪ੍ਰਿੰਸੀਪਲ ਬੁੱਧ ਰਾਮ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਪਾਰਟੀ ਹਾਈ ਕਮਾਨ ਨੇ ਸਿਆਸੀ ਸ਼ਰੀਕਾਂ ਵੱਲੋਂ ਕਿਸੇ ਦਲਿਤ ਨੂੰ ਉਪ ਮੁੱਖ ਮੰਤਰੀ ਨਾ ਬਣਾਏ ਜਾਣ ਦੇ ਦਿੱਤੇ ਜਾ ਰਹੇ ਉਲਾਂਭੇ ਨੂੰ ਖ਼ਤਮ ਕਰਨ ਦੇ ਨਾਲ-ਨਾਲ ਸਿਆਸੀ ਪਾਰਟੀਆਂ ਅੱਗੇ ਸੂਬੇ ਦਾ ਕਿਸੇ ਦਲਿਤ ਨੂੰ ਪ੍ਰਧਾਨ ਬਣਾਉਣ ਦੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਪ੍ਰਿੰਸੀਪਲ ਬੁੱਧ ਰਾਮ ਪਾਰਟੀ ਦੇ ਸੀਨੀਅਰ ਆਗੂ ਹਨ ਅਤੇ ਪਾਰਟੀ ਦੇ ਵਿਰੋਧੀ ਧਿਰ 'ਚ ਹੁੰਦਿਆਂ ਉਹ ਕਰੀਬ ਤਿੰਨ ਸਾਲ ਕੋਰ ਗਰੁੱਪ ਦੇ ਚੇਅਰਮੈਨ ਰਹੇ ਹਨ। ਸੀਨੀਅਰ ਹੋਣ ਦੇ ਬਾਵਜੂਦ ਪਾਰਟੀ ਬੁੱਧਰਾਮ ਨੂੰ ਭਗਵੰਤ ਮਾਨ ਦੀ ਕੈਬਨਿਟ ਵਿੱਚ ਥਾਂ ਨਹੀਂ ਦੇ ਸਕੀ। ਦੂਜੀ ਵਾਰ ਵਿਧਾਇਕ ਬਣਨ ਵਾਲਿਆਂ 'ਚੋਂ ਸਿਰਫ਼ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੂੰ ਹੀ ਕੈਬਨਿਟ 'ਚ ਥਾਂ ਮਿਲੀ ਹੈ। ਪਾਰਟੀ ਨੇ ਕਾਰਜਕਾਰੀ ਪ੍ਰਧਾਨ ਬਣਾ ਕੇ ਪ੍ਰਿੰਸੀਪਲ ਬੁੱਧ ਰਾਮ ਦਾ ਕੱਦ ਵਧਾ ਦਿੱਤਾ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਹਿਲਾਂ ਯੂਥ ਵਿੰਗ ਦੇ ਪ੍ਰਧਾਨ ਗੁਰਮੀਤ ਸਿੰਘ ਮੀਤ ਹੇਅਰ ਅਤੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਸਨ। ਸਰਕਾਰ ਬਣਨ ਪਿੱਛੋਂ ਜਿੱਥੇ ਮੀਤ ਹੇਅਰ ਕੈਬਨਿਟ ਮੰਤਰੀ ਬਣ ਗਏ ਹਨ ਉੱਥੇ ਹੀ ਬਰਸਟ ਮੰਡੀ ਬੋਰਡ ਦੇ ਚੇਅਰਮੈਨ ਬਣ ਗਏ ਹਨ। ਹਾਈ ਕਮਾਨ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਰਕਾਰ 'ਚ ਸ਼ਾਮਲ ਆਗੂਆਂ ਨੂੰ ਭਾਰਮੁਕਤ ਕਰਦੇ ਹੋਏ ਪਾਰਟੀ ਦੇ ਜਥੇਬੰਦਕ ਢਾਂਚੇ 'ਚ ਤਬਦੀਲੀ ਕਰ ਕੇ ਨਵੇਂ ਬੰਦਿਆਂ ਦੇ ਹੱਥ 'ਚ ਕਮਾਨ ਦਿੱਤੀ ਹੈ। ਉਧਰ ਮੁੱਖ ਮੰਤਰੀ ਅਤੇ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਟਵੀਟ ਕਰਕੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦੀ ਸਲਾਹ ਦਿੱਤੀ ਹੈ।

## ਦਰਪਣ ਝੂਠ ਨਹੀਂ ਬੋਲਦਾ

# ਭਾਜਪਾ ਟਿੱਚ ਜਾਣ ਰਹੀ ਹੈ ਬਾਦਲ ਦਲ ਨੂੰ

## ਬਾਦਲ ਦਲ ਮੋਦੀ ਵਿਰੋਧੀ ਗਠਜੋੜ ਨਾਲ ਸਾਂਝ ਬਾਰੇ ਸੋਚਣ ਲੱਗਿਆ

ਬਾਦਲਕਿਆਂ ਦੀ ਕੋਰ ਕਮੇਟੀ ਦਲਜੀਤ ਸਿੰਘ ਚੀਮਾ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ ਸਮੇਤ ਸੀਨੀਅਰ ਅਕਾਲੀ ਨੇਤਾਵਾਂ ਵਿੱਚ ਦਮ ਨਹੀਂ ਕਿ ਉਹ ਸਿੱਖ ਜਜ਼ਬੇ ਸੱਚੀ ਪਾਤਸ਼ਾਹੀ ਅਧੀਨ ਅਕਾਲੀ ਦਲ ਦੀ ਸਿਰਜਣਾ ਕਰਕੇ ਸਿਵਿਆਂ ਦੇ ਰਾਹ ਪਏ ਅਕਾਲੀ ਦਲ ਨੂੰ ਜਿਉਂਦਾ ਕਰ ਸਕਣ। ਵੱਡੇ ਬਾਦਲ ਦੀ ਪੂਜਾ ਕਰਨ ਵਾਲੀ ਸੱਤਾ ਦੀ ਖਾਤਰ ਪੰਥਕ ਕਿਰਦਾਰ ਤੋਂ ਨਿਘਰਨ ਵਾਲੀ ਇਹ ਕੋਰ ਕਮੇਟੀ ਸਿੱਖ ਜਜ਼ਬੇ ਤੇ ਗੁਰੂ ਜੀ ਦੀ ਰਾਜਨੀਤਕ ਵਿਚਾਰਧਾਰਾ ਨੂੰ ਸਮਝਣ ਦੀ ਥਾਂ ਅਕਾਲੀ ਦਲ ਦਾ ਗਾਂਧੀਵਾਦੀ ਇੰਦਰਾ ਨੁਮਾ ਧਰਮ ਨਿਰਪਖ ਚਿਹਰਾ ਬਣਾਈ ਬੈਠੀ ਹੈ। ਅਨੰਦਪੁਰ ਸਾਹਿਬ ਦਾ ਮਤਾ, ਪੰਜਾਬ ਤੇ ਰਾਜਾਂ ਦਾ ਖ਼ੁਦਮੁਖ਼ਤਿਆਰੀ ਢਾਂਚਾ, ਜੋ ਸੰਵਿਧਾਨ ਅਨੁਸਾਰ ਹੈ , ਉਹ ਇਹਨਾਂ ਨੂੰ ਹਿੰਦੂ ਰਾਸ਼ਟਰਵਾਦ ਦੇ ਪ੍ਰਭਾਵ ਅਧੀਨ ਕੱਟੜਵਾਦੀ ਜਾਪਦਾ ਹੈ। ਇਸ ਮਤੇ ਨੂੰ ਸੱਤਾ ਦੀ ਪੌੜੀ ਬਣਾ ਕੇ ਹਜ਼ਾਰਾਂ ਸਿੱਖਾਂ ਨੂੰ ਫਿਰਕੂ ਸਿਆਸਤ ਦੀ ਬਲਦੀ ਅੱਗ ਵਿੱਚ ਸੁੱਟਿਆ ਤੇ ਮੁੜਕੇ ਇਸ ਮਤੇ ਨੂੰ ਰੱਦ ਕਰਕੇ ਸਾਬਤ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਧਰਮਯੁੱਧ ਮੋਰਚਾ ਗਲਤ ਸੀ। 1996 ਵਿੱਚ ਜਦੋਂ ਕੇਂਦਰ ਵਿੱਚ ਕੁਝ ਦਿਨਾਂ ਦੀ ਵਾਜਪਾਈ



ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦਿੱਤਾ ਸੀ ਅਤੇ ਬਾਅਦ ਵਿੱਚ 1998 ਦੌਰਾਨ ਵਾਜਪਾਈ ਸਰਕਾਰ ਨੂੰ ਫੇਰ ਬਿਨਾਂ ਸ਼ਰਤ ਸਮਰਥਨ ਦਿੱਤਾ ਸੀ ਤਾਂ ਪੰਜਾਬ ਤਾਂ ਉਸ ਸਮੇਂ ਤੋਂ ਹੀ ਅਨਾਥ ਹੋ ਗਿਆ ਸੀ। ਪੰਜਾਬ ਦੀਆਂ ਜਿਨ੍ਹਾਂ ਮੰਗਾਂ ਲਈ ਪੰਜਾਬੀਆਂ ਨੇ ਅਕਾਲੀ ਦਲ ਦੀ ਲੀਡਰਸ਼ਿਪ ਦੀ ਅਗਵਾਈ ਵਿੱਚ ਮੋਰਚੇ ਲਾਏ ਸਨ। ਉਹਨਾਂ ਮੰਗਾਂ ਨੂੰ ਅਕਾਲੀ ਦਲ 'ਤੇ ਕਾਬਜ਼ ਬਾਦਲ ਪਰਿਵਾਰ ਨੇ ਅਣਡਿਠ ਹੀ ਕਰ ਦਿੱਤਾ ਸੀ। ਪੰਜਾਬ ਦੇ ਪਾਣੀਆਂ ਦੀ ਮੰਗ, ਡੈਮਾਂ ਦੇ ਕੰਟਰੋਲ ਦੀ ਮੰਗ, ਰਾਜਧਾਨੀ ਚੰਡੀਗੜ੍ਹ ਦੀ ਮੰਗ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨ ਦੀ ਮੰਗ ਨੂੰ ਵਾਜਪਾਈ ਸਰਕਾਰ ਰਾਹੀਂ ਹਲ ਕੀਤਾ ਜਾ ਸਕਦਾ ਸੀ। ਉਸ ਸਮੇਂ ਵਾਜਪਾਈ ਸਰਕਾਰ ਨੂੰ ਕਿਉਂ ਬਿਨਾਂ ਸ਼ਰਤ ਹਮਾਇਤ ਦਿੱਤੀ ਗਈ ਸੀ ਪਰ ਜਦੋਂ ਹੀ ਸ਼੍ਰੋਮਣੀ ਅਕਾਲੀ ਦਲ ਸੱਤਾਧਾਰੀ ਹੋਇਆ ਬਾਦਲ ਪਰਿਵਾਰ ਨੇ ਸਭ ਮੰਗਾਂ ਨੂੰ ਤਿਲਾਂਜਲੀ ਦੇ ਕੇ ਆਪਣੇ ਪਰਿਵਾਰਿਕ ਹਿੱਤ ਹੀ ਪਾਲਣੇ ਸ਼ੁਰੂ ਕਰ ਦਿੱਤੇ। ਮੋਦੀ ਰਾਜ ਦੌਰਾਨ ਪੰਥਕ ਸਮਰਥਨ ਘਟਣ ਕਾਰਨ ਅਕਾਲੀ ਦਲ ਦੇ ਪੰਜਾਬ ਵਿੱਚ ਸਿਆਸੀ ਹਾਲਤ ਵਿੱਚ ਨਿਘਾਰ ਆਉਣਾ ਸ਼ੁਰੂ ਹੋ ਗਿਆ। ਵੱਧ ਅਧਿਕਾਰਾਂ ਦੇ ਮੁਦਈ ਅਕਾਲੀ ਦਲ ਨੇ ਜੰਮੂ ਕਸ਼ਮੀਰ ਦੀ ਧਾਰਾ 370 ਨੂੰ ਖ਼ਤਮ ਕਰਨ ਦੇ ਮੁੱਦੇ 'ਤੇ ਵੀ ਚੁੱਪ ਸਾਧ ਲਈ ਸੀ। ਬੇਅਦਬੀਆਂ, ਸੌਦੇ ਸਾਧ ਅੱਗੇ ਡੰਡਾਉਤ ਬੰਦਨਾ ਕਰਨ ਕਾਰਨ ਸਿੱਖ ਪੰਥ ਬਾਦਲਕਿਆਂ ਨਾਲ ਕਾਫ਼ੀ ਨਰਾਜ਼ ਹੈ। ਨਾ ਭਾਜਪਾ ਨੇ ਹਿੰਦੂਤਵ ਛੱਡਿਆ ਨਾ ਕਾਂਗਰਸ ਨੇ, ਪਰ ਬਾਦਲਕਿਆਂ ਨੇ ਖਾਲਸਾ ਪੰਥ ਤੇ ਸੋਚ ਨੂੰ ਤਿਆਗ ਦਿੱਤਾ। ਹਾਲੇ ਕਿ ਬਾਦਲਕਿਆਂ ਨੂੰ ਇਸ ਦਾ ਹੋਰ ਵੱਡਾ ਸਿਆਸੀ ਮੁੱਲ ਤਾਰਨਾ ਪੈਣਾ ਹੈ। ਉਦੋਂ ਬਾਦਲ ਦਲ ਕੋਲ ਹੋਸ਼ ਜੋਗੇ ਸਾਹ ਨਹੀਂ ਬਚਣੇ। ਸੁਖਬੀਰ ਸੋਚੇ ਕਿ ਜੇਕਰ ਉਸ ਦੇ ਦਲ ਦਾ ਹਸ਼ਰ ਬੰਗਾਲ ਦੇ ਕਾਮਰੇਡਾਂ ਤੋਂ ਮਾੜਾ ਹੋ ਗਿਆ ਤਾਂ ਬਾਦਲ ਪਿੰਡ ਵਿੱਚ ਮਹੱਲ ਦਾ ਬੂਹਾ ਢੋਹ ਕੇ ਲੁਕ ਕੇ ਬੈਠਣਾ ਪੈਣਾ ਹੈ। ਬਾਦਲਕੇ ਵਾਰ ਵਾਰ ਭਾਜਪਾ ਦੀਆਂ ਲਿਲ੍ਹਕੜੀਆਂ ਕੱਢ ਰਹੇ ਹਨ ਕਿ ਮੋਦੀ ਸਾਹਿਬ ਸਾਡੇ ਨਾਲ ਸਮਝੌਤਾ ਕਰੋ, ਸਾਡੀ ਝੋਲੀ ਵਿੱਚ ਖੈਰ ਪਾਉ ਪਰ ਭਾਜਪਾ ਵਾਲੇ ਬਿਨਾਂ ਸਮਝੌਤਾ ਸੱਤਾ ਵਿੱਚ ਉਭਰ ਰਹੇ ਹਨ ਤਾਂ ਆਪਣੀ ਕੌਮ ਵਿੱਚ ਸਾਹ ਸਤ ਗੁਆ ਚੁੱਕੇ ਬਾਦਲ ਦਲ ਨਾਲ ਸਮਝੌਤਾ ਕਿਉਂ ਕਰਨ ? ਮੰਗਤਿਆਂ ਨੂੰ ਖੈਰ ਪਾਉਣ ਦਾ ਭਾਰਤੀ ਰਾਜਨੀਤੀ ਵਿੱਚ ਸੁਭਾਅ ਨਹੀਂ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦਾ ਕਹਿਣਾ ਸੀ ਕਿ ਅਕਾਲੀ ਦਲ ਵਾਲੇ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਭਾਜਪਾ ਦੀ ਇੱਛਾ ਨਹੀਂ ਕਿ ਉਹ ਅਕਾਲੀ ਦਲ ਨਾਲ ਗਠਜੋੜ ਕਰੇ। ਇਸ ਨਾਲ ਇਹਨਾਂ ਚਰਚਾਵਾਂ ਦਾ ਭੋਗ ਪੈ ਗਿਆ ਹੈ ਕਿ ਬੀਜੇਪੀ ਮੁੜ ਤੋਂ ਅਕਾਲੀ ਦਲ ਨਾਲ ਗਠਜੋੜ ਕਰ ਸਕਦੀ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਹੁਣੇ ਜਿਹੇ ਕਿਹਾ ਹੈ ਕਿ ਅਕਾਲੀ ਦੇ ਕਈ ਚੰਗੇ ਆਗੂ ਪਹਿਲਾਂ ਹੀ ਸਾਡੇ ਵਿੱਚ ਸ਼ਾਮਲ ਹੋ ਚੁੱਕੇ ਹਨ ਅਸੀਂ ਉਨ੍ਹਾਂ ਦੇ ਨਾਲ ਜਲੰਧਰ ਵਿੱਚ ਕੰਮ ਕੀਤਾ ਹੈ। ਜਲਦ ਹੀ ਅਕਾਲੀ ਦੇ ਕਈ ਵੱਡੇ ਆਗੂ ਬੀਜੇਪੀ ਵਿੱਚ ਸ਼ਾਮਲ ਹੋਣਗੇ। ਹਰਦੀਪ ਸਿੰਘ ਪੁਰੀ ਦੇ ਗਠਜੋੜ ਦੇ (ਬਾਕੀ ਸਫ਼ਾ 29 'ਤੇ)

## 2024 ਵਿੱਚ ਮੋਦੀ ਦੀ ਜਿੱਤ ਬਾਰੇ ਆਰ.ਐਸ.ਐਸ. ਦੁਚਿੱਤੀ 'ਚ

ਕੁਝ ਵੀ ਹੋਵੇ, ਹਾਰ ਮੰਨਣੀ ਹੀ ਪੈਂਦੀ ਹੈ। ਇਸ ਤੋਂ ਅੱਖਾਂ ਬੰਦ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਹਾਰ ਦੇ ਕਾਰਨਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਨੁਕਸਾਨ ਤੋਂ ਬਚਿਆ ਜਾ ਸਕੇ – ਜਨ ਸੰਘ ਦੇ ਸਿਧਾਂਤਕਾਰ ਪੰਡਿਤ ਦੀਨ ਦਿਆਲ ਉਪਾਧਿਆਏ ਦੇ ਇਸ ਕਥਨ ਨਾਲ ਸੰਘ ਦੇ ਮੁੱਖ ਪੱਤਰ 'ਦਿ ਆਰਗੇਨਾਈਜ਼ਰ' ਵਿੱਚ ਬੀਤੇ ਦਿਨੀਂ ਕਰਨਾਟਕ ਚੋਣ ਨਤੀਜਿਆਂ ਦੀ ਸਮੀਖਿਆ ਕਰਦੇ ਹੋਏ ਸੰਪਾਦਕੀ ਛਾਪਿਆ ਸੀ, ਜਿਸ ਦੀ ਰਾਜਨੀਤਕ ਹਲਕਿਆਂ ਵਿੱਚ ਕਾਫ਼ੀ ਚਰਚਾ ਹੋ ਰਹੀ ਹੈ। ਪ੍ਰਫੁੱਲ ਕੇਤਕਰ ਦੇ ਇਸ ਲੇਖ 'ਕਰਨਾਟਕ ਰਿਜਲਟਸ:ਅਪਰਾਚੂਨ ਟਾਈਮ ਫਾਰ ਇੰਟਰੋਸਪੈਕਸ਼ਨ' (ਕਰਨਾਟਕ ਨਤੀਜੇ: ਆਤਮ-ਨਿਰੀਖਣ ਦਾ ਮੌਕਾ) ਵਿੱਚ ਕੁਝ ਅਜਿਹਾ ਹੈ ਜੋ 2024 ਵਿੱਚ ਭਾਜਪਾ ਦੀ ਜਿੱਤ ਬਾਰੇ ਖ਼ਦਸ਼ੇ ਵਜੋਂ ਦੇਖਿਆ ਜਾ ਰਿਹਾ ਹੈ। ਹੁਣ ਸੰਘ ਨੂੰ ਆਪਣੀ ਹਿੰਦੂਤਵੀ ਰਾਜਨੀਤੀ ਨੂੰ ਖਿੰਡਰਨ ਦਾ ਖਤਰਾ ਜਾਪ ਰਿਹਾ ਹੈ।

23 ਮਈ ਤੋਂ ਬਾਅਦ ਹੁਣ ਮੀਡੀਆ ਦੇ ਇੱਕ ਹਿੱਸੇ ਵਿੱਚ ਇਸ ਸੰਪਾਦਕੀ ਕਾਰਨ ਬਹਿਸ ਜਾਰੀ ਹੈ ਕਿ ਕੀ 2024 ਦੀਆਂ ਚੋਣਾਂ ਵਿੱਚ ਸਿਰਫ਼ ਪ੍ਰਧਾਨ ਮੰਤਰੀ ਮੋਦੀ ਦਾ ਕ੍ਰਿਸ਼ਮਾ ਅਤੇ ਹਿੰਦੂਤਵ ਵਿਚਾਰਧਾਰਾ ਕੰਮ ਕਰੇਗੀ।'



2024 ਵਿੱਚ ਸਫ਼ਲਤਾ ਲਈ ਕੁਝ ਹੋਰ ਕਰਨ ਦੀ ਕੀ ਲੋੜ ਪਵੇਗੀ ਤਾਂ ਜੋ ਭਾਜਪਾ ਦੀ ਜਿੱਤ ਬਰਕਰਾਰ ਰਹਿ ਸਕੇ। ਇਸ ਬਾਰੇ ਆਰਗੇਨਾਈਜਰ ਸੰਘੀ ਮੈਗਜ਼ੀਨ ਦੀ ਸੰਪਾਦਕੀ ਖਮੋਸ਼ ਹੈ ਪਰ ਇਹ ਲੇਖ ਜਿਨ੍ਹਾਂ ਗੱਲਾਂ ਬਾਰੇ ਬੋਲ ਰਿਹਾ ਹੈ, ਉਹ ਇਸ ਤੱਥ ਨੂੰ ਉਜਾਗਰ ਕਰ ਰਿਹਾ ਹੈ ਕਿ ਕਰਨਾਟਕ ਵਿੱਚ ਕਾਂਗਰਸ ਦੀ ਸਫ਼ਲਤਾ ਅਤੇ ਵਿਰੋਧੀ ਪਾਰਟੀਆਂ ਦੀ ਏਕਤਾ ਦਾ ਧੁਰਾ ਬਣ ਰਹੇ ਆਰਥਿਕ-ਸਮਾਜਿਕ ਨਿਆਂ ਦਾ ਸਵਾਲ ਸੰਘ ਨੂੰ ਪ੍ਰੇਸ਼ਾਨ ਕਰ ਰਿਹਾ ਹੈ।

ਸੰਘ ਦੀ ਸੰਪਾਦਕੀ ਕਰਨਾਟਕ ਵਿੱਚ ਕਾਂਗਰਸ ਦੀ ਸਫਲਤਾ ਵਿੱਚ ਜਾਤੀ ਆਧਾਰਿਤ ਲਾਮਬੰਦੀ ਨੂੰ ਵੇਖਦੀ ਹੈ, ਪਰ ਉਸੇ ਚੋਣ ਵਿੱਚ ਸਮਾਜਿਕ ਨਿਆਂ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਰਾਹੁਲ ਗਾਂਧੀ ਦੇ ਜਿੱਤਣੀ ਭਾਰੀ ਅਬਾਦੀ, ਉਤਨੀ ਹਿੱਸੇਦਾਰੀ ਦੇ ਨਾਅਰੇ ਨੂੰ ਅੱਖੋਂ ਪਰੋਖੇ ਕਰਦੀ ਹੈ। ਜਾਤੀ-ਵਾਰ ਮਰਦਮਸ਼ੁਮਾਰੀ ਜਾਂ ਪਿਛਲੇ ਸਮਾਜਿਕ-ਆਰਥਿਕ ਸਰਵੇਖਣ ਦੇ ਨਤੀਜਿਆਂ ਨੂੰ ਜਨਤਕ ਕਰਨ ਦੀ ਵਧ ਰਹੀ ਲੋਕ ਮੰਗ ਬਾਰੇ ਸੰਪਾਦਕੀ ਖਾਮੋਸ਼ ਹੈ। ਭਾਜਪਾ ਦੇ ਰਣਨੀਤੀਕਾਰ ਚਿੰਤਤ ਹਨ ਕਿ ਹਿੰਦੂਤਵ ਦੀ ਮਦਦ ਨਾਲ 'ਮੋਦੀ ਨਾਮ ਕੇਵਲਮ' ਦਾ ਜਾਪ ਸ਼ਾਇਦ ਹੀ ਇਸ ਦੀ ਚੋਣ ਬੇੜੇ ਨੂੰ ਪਾਰ ਲੰਘਾ ਸਕੇ।

ਮੋਦੀ ਬ੍ਰਾਂਡ ਭਾਜਪਾ ਨੇ ਇਹ ਦਿਖਾ ਦਿੱਤਾ ਹੈ ਕਿ ਮੋਦੀ ਰਾਜਨੀਤੀ ਵਿਚੋਂ ਬਹੁਜਨ ਦੀ ਭਲਾਈ , ਰੁਜ਼ਗਾਰ ਗਾਇਬ ਹੈ। ਪਿਛਲੀ ਵਾਰ ਪੁਲਵਾਮਾ ਅਤੇ ਬਾਲਾਕੋਟ ਨੇ ਮਾਹੌਲ ਨੂੰ ਬਦਲਣ ਵਿੱਚ ਭਾਜਪਾ ਦੀ ਬਹੁਤ ਮਦਦ ਕੀਤੀ ਸੀ। ਮੋਦੀ ਜੀ ਨੇ ਆਪਣੀ ਸਿਆਸੀ ਚਤੁਰਾਈ ਨਾਲ ਜਿੱਤ ਦੀ ਨਵੀਂ ਕਹਾਣੀ ਲਿਖੀ ਸੀ। ਪਰ, ਇਸ ਵਾਰ...ਨਾ ਤਾਂ ਕਿਸੇ ਖਾਸ ਕਿਸਮ ਦਾ ਰਾਸ਼ਟਰਵਾਦ ਕੰਮ ਕਰ ਰਿਹਾ ਹੈ ਅਤੇ ਨਾ ਹੀ ਹਿੰਦੂਤਵ ਦਾ ਕੋਈ ਵੱਡਾ ਅਸਰ ਹੋਣ ਵਾਲਾ ਹੈ।

## ਕੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਦੀਆਂ ਸਾਜ਼ਿਸ਼ਾਂ ਮੁੜ ਜਾਰੀ ਨੇ ?

### ਹੁਣ ਹਿਮਾਚਲ ਨੂੰ ਪਾਣੀ ਵਰਤਣ ਲਈ ਨਹੀਂ ਲੈਣੀ ਪਵੇਗੀ ਐਨ.ਓ.ਸੀ. , ਕੇਂਦਰ ਨੇ ਦਿੱਤੀ ਇਜਾਜ਼ਤ

ਪੰਜਾਬ ਦਾ ਦਰਿਆਈ ਪਾਣੀਆਂ 'ਚੋਂ ਹਿੱਸਾ ਘਟਣ ਦੀ ਸੰਭਾਵਨਾ ਬਣ ਗਈ ਹੈ । ਕੇਂਦਰ ਸਰਕਾਰ ਵੱਲੋਂ ਜਾਰੀ ਪੱਤਰ ਅਨੁਸਾਰ ਹੁਣ ਹਿਮਾਚਲ ਪ੍ਰਦੇਸ਼ ਨੂੰ ਪਾਣੀ ਲਈ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ) ਤੋਂ ਐਨ.ਓ.ਸੀ. ਲੈਣ ਦੀ ਲੋੜ ਨਹੀਂ ਹੋਵੇਗੀ । ਡਿਪਟੀ ਡਾਇਰੈਕਟਰ ਮਨਿਸਟਰੀ ਆਫ਼ ਪਾਵਰ ਭਾਰਤ ਸਰਕਾਰ ਵੱਲੋਂ ਚੇਅਰਮੈਨ, ਭਾਖੜਾ ਬਿਆਸ ਪ੍ਰਬੰਧਨ ਬੋਰਡ ਨੂੰ 15 ਮਈ 2023 ਨੂੰ ਇਕ ਪੱਤਰ ਲਿਖਿਆ ਗਿਆ ਹੈ, ਜਿਸ ਅਨੁਸਾਰ ਭਾਰਤ ਸਰਕਾਰ ਵਲੋਂ ਇਹ ਫ਼ੈਸਲਾ ਲਿਆ ਗਿਆ ਹੈ ਕਿ ਹਿਮਾਚਲ ਪ੍ਰਦੇਸ਼ ਵੱਲੋਂ ਸਮੇਂ-ਸਮੇਂ 'ਤੇ ਪਾਣੀ ਦੀ ਲੋੜ ਲਈ ਬੀ.ਬੀ.ਐਮ.ਬੀ ਪਾਸੋਂ ਮੰਗੀ ਜਾਂਦੀ ਐਨ.ਓ.ਸੀ. ਇਤਰਾਜ਼ ਹੀਣਤਾ ਸਰਟੀਫਿਕੇਟ ਦੀ ਲੋੜ ਨੂੰ ਖ਼ਤਮ ਕਰ ਦਿੱਤਾ ਹੈ, ਬਸ਼ਰਤੇ ਕਿ ਹਿਮਾਚਲ ਪ੍ਰਦੇਸ਼ ਵਲੋਂ ਬੀ.ਬੀ.ਐਮ.ਬੀ ਪ੍ਰਾਜੈਕਟਾਂ ਤੋਂ ਚੁੱਕਿਆ ਜਾ ਰਿਹਾ ਪਾਣੀ ਕੁੱਲ ਪਾਣੀ ਦੇ 7.19 ਫ਼ੀਸਦੀ ਤੋਂ ਘੱਟ ਹੋਵੇ । ਬੀ.ਬੀ.ਐਮ.ਬੀ ਵੱਲੋਂ ਕੇਵਲ ਤਕਨੀਕੀ ਪੱਖ ਤੋਂ ਹੀ ਆਪਣੀ ਲੋੜ/ਟਿੱਪਣੀ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਦਿੱਤੀ ਜਾਣੀ ਹੈ, ਉਹ ਵੀ 60 ਦਿਨਾਂ ਦੇ ਅੰਦਰ-ਅੰਦਰ । ਇਹ ਪੱਤਰ ਬਿਜਲੀ ਅਤੇ



ਨਵਿਆਉਣਯੋਗ ਊਰਜਾ ਮੰਤਰੀ ਦੀ ਮਨਜ਼ੂਰੀ ਉਪਰੰਤ ਜਾਰੀ ਕੀਤਾ ਗਿਆ ਹੈ । ਹਿਮਾਚਲ ਪ੍ਰਦੇਸ਼ ਪਹਿਲਾਂ ਹੀ ਭਾਖੜਾ-ਨੰਗਲ ਅਤੇ ਬਿਆਸ ਪ੍ਰਾਜੈਕਟਾਂ ਤੋਂ ਪੈਦਾ ਹੋ ਰਹੀ ਬਿਜਲੀ ਦਾ 7.19 ਫ਼ੀਸਦੀ ਹਿੱਸਾ ਸਰਵ ਉੱਚ ਅਦਾਲਤ ਰਾਹੀਂ ਲੈ ਚੁੱਕਾ ਹੈ ਕਿਉਂਕਿ ਹੁਣ ਤੱਕ ਪਾਣੀਆਂ ਸੰਬੰਧੀ ਹੋਏ ਕਿਸੇ ਵੀ ਸਮਝੌਤੇ ਆਦਿ ਵਿੱਚ ਹਿਮਾਚਲ ਪ੍ਰਦੇਸ਼ ਨੂੰ ਬਿਜਲੀ ਅਤੇ ਪਾਣੀ ਦਾ ਕੋਈ ਹਿੱਸਾ ਨਹੀਂ ਸੀ ਦਿੱਤਾ ਗਿਆ ਅਤੇ ਜਦੋਂ ਵੀ ਹਿਮਾਚਲ ਪ੍ਰਦੇਸ਼ ਨੂੰ ਲੋੜ ਪੈਂਦੀ ਸੀ ਉਹ ਬੀ.ਬੀ.ਐਮ.ਬੀ ਬੋਰਡ ਦੀ ਮੀਟਿੰਗ ਵਿੱਚ ਆਪਣਾ ਏਜੰਡਾ ਪੇਸ਼ ਕਰਵਾ ਕੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਮੈਂਬਰਾਂ ਦੀ ਸਹਿਮਤੀ ਨਾਲ ਐਨ. ਓ. ਸੀ. ਪ੍ਰਾਪਤ ਕਰ ਲੈਂਦਾ ਸੀ । ਇੱਥੇ ਇਹ ਵੀ ਦੱਸਣਯੋਗ ਹੈ ਕਿ ਪਾਣੀ ਵਿਚਲਾ 7.19 ਫ਼ੀਸਦੀ ਹਿੱਸਾ ਵੀ ਬਿਜਲੀ ਦੀ ਤਰ੍ਹਾਂ ਕੇਵਲ ਪੰਜਾਬ ਅਤੇ ਹਰਿਆਣਾ ਦੇ ਹਿੱਸੇ ਵਿਚੋਂ ਹੀ ਕੱਟਣ ਦੀ ਸੰਭਾਵਨਾ ਹੈ, ਕਿਉਂਕਿ ਸਰਬਉੱਚ ਅਦਾਲਤ ਵੱਲੋਂ ਆਪਣੇ 27/9/11 ਦੇ ਫ਼ੈਸਲੇ ਵਿਚ ਇਸ ਦਾ ਆਧਾਰ ਪੰਜਾਬ ਪੁਨਰਗਠਨ ਐਕਟ 1966 ਅਨੁਸਾਰ ਸੰਯੁਕਤ ਪੰਜਾਬ ਦੀ 7.19 ਫ਼ੀਸਦੀ ਆਬਾਦੀ/ਇਲਾਕਾ ਹਿਮਾਚਲ ਪ੍ਰਦੇਸ ਨੂੰ ਮਿਲਣਾ ਮੰਨਿਆ ਗਿਆ ਹੈ । ਸੂਤਰਾਂ ਅਨੁਸਾਰ ਹੁਣ ਤੱਕ ਬੀ.ਬੀ.ਐਮ.ਬੀ ਵੱਲੋਂ ਕੁੱਲ 16 ਵਾਰ ਹਿਮਾਚਲ ਪ੍ਰਦੇਸ਼ ਨੂੰ ਕੁੱਲ 358 ਕਿਊਸਿਕ ਪਾਣੀ ਦੀ ਐਨ.ਓ.ਸੀ ਦਿੱਤੀ ਜਾ ਚੁੱਕੀ ਹੈ ਅਤੇ ਮੌਜੂਦਾ ਸਮੇਂ ਲਗਭਗ 500 ਕਿਊਸਿਕ ਪਾਣੀ ਹੋਰ ਲੈਣ ਲਈ ਕੇਸ ਮੁੜ ਬੀ.ਬੀ.ਐਮ.ਬੀ ਨੂੰ ਭੇਜਿਆ ਗਿਆ ਹੈ। (ਬਾਕੀ ਸਫ਼ਾ 29 'ਤੇ)

## ਅਜੀਬੋ ਗ਼ਰੀਬ ਦੁਨੀਆਂ

# ਦੁਨੀਆਂ ਦੇ 10 ਸਭ ਤੋਂ ਅਜੀਬ ਘਰ







ਇਸ ਦੁਨੀਆਂ 'ਚ ਬਹੁਤ ਕੁਝ ਅਜੀਬ ਹੁੰਦਾ ਹੈ, ਜਿਸ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਇਥੇ ਅਸੀਂ ਦੁਨੀਆਂ ਦੇ 10 ਸਭ ਤੋਂ ਅਜੀਬ ਘਰਾਂ ਬਾਰੇ ਜਾਣਕਾਰੀ ਦੇ ਰਹੇ ਹਾਂ।

**ਸਪੇਸ ਸ਼ਿਪ ਹਾਊਸ:** ਇਹ ਘਰ ਕਈ ਅਖਬਾਰਾਂ, ਰਸਾਲਿਆਂ ਅਤੇ ਟੀਵੀ ਸ਼ੋਆਂ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ। ਤੁਸੀਂ ਇਸ ਮਸ਼ਹੂਰ ਘਰ ਵਿੱਚ ਆਪਣੀਆਂ ਕਾਰਾਂ ਪਾਰਕ ਕਰ ਸਕਦੇ ਹੋ, ਇਹ ਛੇ ਸੀਮਿੰਟ ਦੇ ਖੰਭਿਆਂ ਉੱਤੇ ਲਟਕਿਆ ਹੋਇਆ ਹੈ।

**ਜੁੱਤੀ ਦਾ ਘਰ:** ਇਹ ਸ਼ਾਨਦਾਰ ਜੁੱਤੀ ਘਰ ਕਰਨਲ ਮਹਲੋਂਨ ਐਮ ਦੁਆਰਾ ਬਣਾਇਆ ਗਿਆ ਸੀ।

**ਨਟੀਲਸ ਹਾਊਸ:** ਮੈਕਸੀਕੋ ਸਿਟੀ ਦੇ ਨੇੜੇ ਮੈਕਸੀਕਨ ਆਰਕੀਟੈਕਟ ਜੇਵੀਅਰ ਸੇਨੋਸੀਅਨ ਦੁਆਰਾ ਇੱਕ ਸ਼ੈੱਲ-ਆਕਾਰ ਵਾਲਾ ਘਰ ਡਿਜ਼ਾਈਨ ਕੀਤਾ ਗਿਆ ।



**ਮਸ਼ਰੂਮ ਹਾਊਸ:** ਇਸ ਨੂੰ ਟ੍ਰੀ ਹਾਊਸ ਵੀ ਕਿਹਾ ਜਾਂਦਾ ਹੈ। ਇਸ ਨੂੰ ਆਰਕੀਟੈਕਚਰ ਅਤੇ ਇੰਟੀਰੀਅਰ ਡਿਜ਼ਾਈਨ ਦੇ ਪ੍ਰੋਫੈਸਰ ਟੈਰੀ ਬ੍ਰਾਊਨ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਇਹ ਮਸ਼ਰੂਮ ਹਾਊਸ ਸਿਨਸਿਨਾਟੀ ਵਿੱਚ ਸਥਿਤ ਹੈ।

**ਡੌਗ ਬਾਰਕ ਇਨ:** ਬੀਗਲ ਵਰਗਾ ਇੱਕ ਘਰ, 2003 ਵਿੱਚ ਡੈਨਿਸ ਸੁਲੀਵਾਨ ਅਤੇ ਫਰਾਂਸਿਸ ਕਿੰਕਲਿਨ ਦੁਆਰਾ ਬਣਾਇਆ ਗਿਆ ਸੀ।

**ਟਾਇਲਟ ਵਰਗਾ ਘਰ :** ਦੱਖਣੀ ਕੋਰੀਆ ਦੇ ਸੁਵੋਨ ਦੇ ਮੇਅਰ ਸਿਮ ਜੇ-ਡੁਕ ਨੇ ਵਰਲਡ ਟਾਇਲਟ ਐਸੋਸੀਏਸ਼ਨ ਦੇ 2007 ਦੇ ਉਦਘਾਟਨ ਦਾ ਜਸ਼ਨ ਮਨਾਉਣ ਲਈ, ਉਸਨੇ ਇੱਕ ਟਾਇਲਟ ਦੇ ਆਕਾਰ ਦਾ ਘਰ ਬਣਾਉਣ ਬਾਰੇ ਸੋਚਿਆ ਕਿਉਂਕਿ ਉਸਦਾ ਜਨਮ ਇੱਕ ਟਾਇਲਟ ਵਿੱਚ ਹੋਇਆ ਸੀ।

**ਬੀ. ਡਬਲਯੂ. ਬੀਟਲ ਹਾਊਸ:** ਇਹ ਬੀਟਲ ਹਾਊਸ ਮਾਸਟਰ ਬਿਲਡਰ ਮਾਰਕਸ ਵਾਲਗੀਟਰ ਦੁਆਰਾ ਬਣਾਇਆ ਗਿਆ ਸੀ ਅਤੇ ਆਸਟ੍ਰੀਆ ਦੇ ਨੇੜੇ ਗੀਗੀ ਵਿੱਚ ਸਥਿਤ ਸੀ।

**ਡਿੱਗਦੇ ਪਾਣੀ ਵਾਲਾ ਘਰ :** ਇਹ ਘਰ ਅਮਰੀਕੀ ਆਰਕੀਟੈਕਟ ਫਰੈਂਕ ਲੋਇਡ ਰਾਈਟ ਦੁਆਰਾ 1935 ਵਿੱਚ ਡਿਜ਼ਾਈਨ ਕੀਤਾ ਗਿਆ ਸੀ।

**ਸਟੀਲ ਹਾਊਸ:** ਸਟੀਲ ਹਾਊਸ ਨੂੰ ਆਰਕੀਟੈਕਟ ਅਤੇ ਮੂਰਤੀਕਾਰ ਰੌਬਰਟ ਬਰੂਨੋ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਇਹ ਥੋੜ੍ਹਾ ਜਿਹਾ ਸੂਰ ਵਰਗਾ ਲੱਗਦਾ ਹੈ। ਇਸ 'ਤੇ 110 ਟਨ ਸਟੀਲ ਦੀ ਵਰਤੋਂ ਕੀਤੀ ਗਈ।





DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



# ਪੰਜਾਬ ਦੇ ਗੱਭਰੂ ਰੋਜ਼ਾਨਾ ਪੀ ਜਾਂਦੇ ਨੇ ਤੇਰਾਂ ਕਰੋੜ ਦਾ ਚਿੱਟਾ

## ਨਾੜਾਂ ਵਿੱਚ ਨਸ਼ੇ ਦੇ ਟੀਕੇ ਲਾਉਣ ਕਰਕੇ ਨਾਮਰਦ ਤੇ ਏਡਜ਼ ਦੇ ਸ਼ਿਕਾਰ ਹੋ ਗਏ ਪੰਜਾਬੀ ਨੌਜਵਾਨ



ਮੋਹਨ ਸ਼ਰਮਾ

ਬਿਨਾਂ ਸ਼ੱਕ ਨਸ਼ਿਆਂ ਦੇ ਮਕੜਜਾਲ਼ ਨੇ ਪੰਜਾਬੀਆਂ ਨੂੰ ਆਰਥਿਕ, ਮਾਨਸਿਕ, ਸਮਾਜਿਕ, ਬੌਧਿਕ, ਪਰਿਵਾਰਕ ਅਤੇ ਸਰੀਰਕ ਪੱਖ ਤੋਂ ਖੋਖਲ਼ਾ ਕਰ ਦਿੱਤਾ ਹੈ। ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੀ ਗੋਲ਼ੀ ਲੈਣ ਵਾਲੇ ਨਸ਼ਈਆਂ ਦੀਆਂ ਲੰਬੀਆਂ ਲਾਈਨਾਂ, ਕੰਧਾਂ ਕੌਲਿਆਂ ਵਿੱਚ ਵੱਜਦੇ ਨਸ਼ਈ, ਲਾਵਾਰਿਸ ਬਿਲਡਿੰਗਾਂ, ਸਟੇਡੀਅਮਾਂ, ਖੋਲ਼ਿਆਂ ਅਤੇ ਸੜਕਾਂ ਉੱਤੇ ਓਵਰਡੋਜ਼ ਨਾਲ ਮੌਤ ਦਾ ਸ਼ਿਕਾਰ ਹੋਏ ਨੌਜਵਾਨਾਂ ਦੀਆਂ ਲਾਸ਼ਾਂ, ਮਾਵਾਂ ਦੇ ਦਿਲ ਕੰਬਾਊ ਕੀਰਨੇ, ਭੈਣਾਂ ਵੱਲੋਂ ਅੰਤਿਮ ਵਿਦਾਈ ਵੇਲੇ ਖ਼ੂਨ ਦੇ ਅੱਥਰੂ ਕੇਰਦਿਆਂ ਵੀਰਾਂ ਦੇ ਗੁੱਟ ’ਤੇ ਬੰਨ੍ਹੀਆਂ ਰੱਖੜੀਆਂ, ਕੁਆਰੇ ਵੀਰਾਂ ਦੀਆਂ ਲਾਸ਼ਾਂ ਦੇ ਚਿਹਰਿਆਂ ਤੇ ਬੰਨ੍ਹੇ ਸਿਹਰੇ, ਬੈਗ ਲਟਕਾਈ ਮਾਸੂਮ ਬੱਚਿਆਂ ਦਾ ਆਪਣੇ ਲਾਸ਼ ਬਣੇ ਪਿਤਾ ਨੂੰ ਹਲੂਣ ਕੇ ਕਹਿਣਾ, ਪਾਪਾ, ਮੈਨੂੰ ਸਕੂਲ ਛੱਡ ਆਉ! ਅਜਿਹੇ ਦਿਲ ਕੰਬਾਊ ਦ੍ਰਿਸ਼ ਪੱਥਰਾਂ ਨੂੰ ਵੀ ਰੁਆ ਦਿੰਦੇ ਹਨ। ਇੱਕ ਮਾਂ ਵੱਲੋਂ ਆਪਣੇ ਇਕਲੌਤੇ ਪੁੱਤ ਦੀ ਮੌਤ ’ਤੇ ਕੀਰਨੇ ਪਾਉਂਦਿਆਂ ਆਲੇ-ਦੁਆਲੇ ਖੜ੍ਹੇ ਲੋਕਾਂ ਨੂੰ ਵੰਗਾਰ ਕੇ ਕਹਿਣਾ, ਮੇਰਾ ਪੁੱਤ ਤਾਂ ਨਸ਼ੇ ਨੇ ਖਾ ਲਿਆ, ਹੋਰਾਂ ਦੇ ਪੁੱਤ ਬਚਾ ਲਵੋ। ਦਰਅਸਲ, ਅਜਿਹੇ ਬੋਲ ਜਿੱਥੇ ਸਮਾਜ ਦੋਖੀਆਂ, ਨਸ਼ੇ ਦੇ ਤਸਕਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਲਈ ਇੱਕ ਮਿਹਣਾ ਹੈ, ਉੱਥੇ ਹੀ ਸਮਾਜ ਸੇਵਕਾਂ, ਚਿੰਤਕਾਂ, ਬੁੱਧੀਜੀਵੀਆਂ, ਲੇਖਕਾਂ, ਅਧਿਆਪਕਾਂ, ਪੱਤਰਕਾਰਾਂ, ਅਧਿਕਾਰੀਆਂ ਅਤੇ ਸਮੇਂ ਦੀ ਸਰਕਾਰ ਨੂੰ ਰੋਸਿਆਂ ਭਰਪੂਰ ਅਰਜੋਈ ਹੈ।

ਜ਼ਿਲ੍ਹਾ ਲੁਧਿਆਣਾ ਦੇ ਇੱਕ ਪਿੰਡ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਘੁੰਮ ਰਹੀ ਹੈ, ਜਿਸ ਵਿੱਚ ਉਸ ਪਿੰਡ ਦਾ ਧਾਰਮਿਕ ਵਿਅਕਤੀ ਦਰਦ ਭਰੀ ਆਵਾਜ਼ ਵਿੱਚ ਲੋਕਾਂ ਨੂੰ ਹੋਕਾ ਦਿੰਦਿਆਂ ਕਹਿ ਰਿਹਾ ਹੈ, ਮੈਨੂੰ ਇਹ ਗੱਲ ਥੋੜੇ ਨਾਲ ਸਾਂਝੀ ਕਰਦਿਆਂ ਦੁੱਖ ਵੀ ਹੋ ਰਿਹਾ ਹੈ ਕਿ ਸਾਡੇ ਪਿੰਡ ਦੇ ਬਹੁਤ ਸਾਰੇ ਮੁੰਡੇ ਨਾੜਾਂ ਵਿੱਚ ਨਸ਼ੇ ਦੇ ਟੀਕੇ ਲਾਉਣ ਕਰਕੇ ਨਾਮਰਦ ਹੋ ਗਏ ਹਨ ਅਤੇ ਕਈ ਲਾਇਲਾਜ ਬਿਮਾਰੀ ਏਡਜ਼ ਤੋਂ ਪੀੜਤ ਹਨ। ਥੋਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਸਾਡੇ ਪਿੰਡ ਵਿੱਚ ਮੁੰਡੇ ਨੂੰ ਰਿਸ਼ਤਾ ਕਰਨ ਵੇਲੇ ਚੰਗੀ ਤਰ੍ਹਾਂ ਪੜਤਾਲ ਕਰ ਲਉ। ਐਵੇਂ ਆਪਣੀ ਕੁੜੀ ਨੂੰ ਨਰਕ ਵਿੱਚ ਨਾ ਸੁੱਟਿਉ।

ਦਰਅਸਲ ਇਹ ਕਹਾਣੀ



ਇੱਕ ਪਿੰਡ ਦੀ ਨਹੀਂ, ਸਗੋਂ ਬਹੁਤ ਸਾਰੇ ਪਿੰਡ ਇਸ ਮਾਰੂ ਦੁਖਾਂਤ ਦਾ ਸਾਹਮਣਾ ਕਰ ਰਹੇ ਹਨ। ਮੀਡੀਆ ਵਿੱਚ ਜਿੱਥੇ ਹਰ ਰੋਜ਼ ਚਾਰ-ਪੰਜ ਨੌਜਵਾਨਾਂ ਦੀ ਓਵਰਡੋਜ਼ ਨਾਲ ਮੌਤ ਕਾਰਨ ਵਿਛੇ ਸੱਥਰਾਂ ਦਾ ਜ਼ਿਕਰ ਹੁੰਦਾ ਹੈ ਉੱਥੇ ਹੀ ਦੂਜੇ ਪਾਸੇ ਪੁਲਿਸ ਵਿਭਾਗ ਵੱਲੋਂ ਭਾਰੀ ਮਾਤਰਾ ਵਿੱਚ ਤਸਕਰਾਂ ਕੋਲੋਂ ਫੜੇ ਨਸ਼ਿਆਂ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਹਨ। ਖ਼ਬਰਾਂ ਪੜ੍ਹ ਕੇ ਇੱਕ ਪ੍ਰਸ਼ਨ ਬਾਰ-ਬਾਰ ਸਾਹਮਣੇ ਆਉਂਦਾ ਹੈ ਕਿ ਜੇਕਰ ਭਾਰੀ ਮਾਤਰਾ ਵਿੱਚ ਨਸ਼ਾ ਫੜ ਕੇ ਤਸਕਰਾਂ ਨੂੰ ਸੀਖਾਂ ਅੰਦਰ ਕੀਤਾ ਜਾ ਰਿਹਾ ਹੈ, ਫਿਰ ਨੌਜਵਾਨਾਂ ਦੇ ਹੱਥਾਂ ਵਿੱਚ ਚਿੱਟਾ ਕਿੰਝ ਪਹੁੰਚ ਰਿਹਾ ਹੈ? ਸਪਲਾਈ ਲਾਈਨ ਜਿਉਂ ਦੀ ਤਿਉਂ ਕਿਉਂ ਕਾਇਮ ਹੈ?

ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਡੇ ਹੱਡੀਆਂ ਦਾ ਮੁੱਠ ਬਣੇ ਗੱਭਰੂ ਸਾਢੇ ਤੇਰਾਂ ਕਰੋੜ ਦਾ ਚਿੱਟਾ ਹਰ ਰੋਜ਼ ਪੀ ਜਾਂਦੇ ਹਨ, ਤੇਰਾਂ ਕਰੋੜ ਦੀ ਸ਼ਰਾਬ ਪੀ ਕੇ ਪੰਜਾਬੀ ਹੱਥਲ ਹੋ ਰਹੇ ਹਨ ਅਤੇ 50 ਕਰੋੜ ਰੋਜ਼ਾਨਾ ਪਰਵਾਸ ਦੇ ਲੇਖੇ ਲੱਗ ਰਿਹਾ ਹੈ। ਇਕਲੌਤੇ ਪੁੱਤ ਨੂੰ 15-20 ਲੱਖ ਦਾ ਜੁਗਾੜ ਫਿੱਟ ਕਰਕੇ ਵਿਦੇਸ਼ ਭੇਜਣ ਵਾਲੇ ਮਾਪੇ ਹੌਕਾ ਭਰ ਕੇ ਸੋਚਦੇ ਹਨ, ਅੱਖਾਂ ਤੋਂ ਦੂਰ ਸਹੀ, ਨਸ਼ਿਆਂ ਦੀ ਮਾਰ ਤੋਂ ਬਚਿਆ ਤਾਂ ਰਹੂ। ਇੱਧਰ ਰਿਹਾ ਤਾਂ ਹੋਰਾਂ ਮੁੰਡਿਆਂ ਵਾਂਗ ਸਿਵਿਆਂ ਦੇ ਰਾਹ ਨਾ ਪੈ ਜਾਵੇ।



ਸਰਵੇਖਣ ਅਨੁਸਾਰ ਪੰਜਾਬ ਵਿੱਚ ਅੰਦਾਜ਼ਨ 15-35 ਸਾਲ ਦੀ ਅਮਰ ਦੇ 30 ਲੱਖ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਆਏ ਹੋਏ ਹਨ, ਜੋ ਪੰਜਾਬ ਦੀ ਕੁੱਲ ਆਬਾਦੀ ਦਾ 15.4 ਫੀਸਦੀ ਬਣਦਾ ਹੈ। ਪੰਜਾਬ ਸਰਕਾਰ ਦੇ ਸਿਹਤ ਵਿਭਾਗ ਨੇ 478 ਓਟ ਸੈਂਟਰਾਂ ਰਾਹੀਂ ਜੀਭ ਉੱਤੇ ਰੱਖਣ ਵਾਲੀ ਗੋਲੀ ਦੇ ਕੇ ਇਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਓਟ ਸੈਂਟਰਾਂ ਵਿੱਚ ਨਸ਼ਈ ਮਰੀਜ਼ਾਂ ਨੂੰ ਦਵਾਈ ਮੁਫ਼ਤ ਦਿੱਤੀ ਜਾਂਦੀ ਹੈ ਜਦੋਂ ਕਿ ਪ੍ਰਾਈਵੇਟ ਸੈਂਟਰਾਂ ਵਿੱਚ ਇਹ ਦਵਾਈ ਨਿਰਧਾਰਿਤ ਕੀਮਤ ’ਤੇ ਵੇਚੀ ਜਾਂਦੀ ਹੈ। ਸਰਕਾਰੀ ਰਿਕਾਰਡ ਅਨੁਸਾਰ ਪੌਣੇ ਨੌਂ ਲੱਖ ਨਸ਼ਈ ਵੱਖ-ਵੱਖ ਓਟ ਸੈਂਟਰਾਂ ਤੋਂ ਇਹ ਦਵਾਈ ਪ੍ਰਾਪਤ ਕਰਦੇ ਹਨ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਪਿਛਲੇ ਸਵਾ ਛੇ ਸਾਲਾਂ ਵਿੱਚ ਜਿਹੜੇ ਨੌਂ ਲੱਖ ਮਰੀਜ਼ਾਂ ਨੂੰ ਇਹ ਦਵਾਈ ਦਿੱਤੀ ਗਈ, ਉਨ੍ਹਾਂ ਵਿੱਚੋਂ ਸਿਰਫ਼ 4105 ਨਸ਼ਈ ਮਰੀਜ਼ (1/2 ਫ਼ੀਸਦੀ ਤੋਂ ਵੀ ਘੱਟ) ਠੀਕ ਹੋਏ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਹ ਦਵਾਈ ਤੋੜ ਘਟਾਉਣ ਵਿੱਚ ਤਾਂ ਸਹਾਈ ਹੁੰਦੀ ਹੈ, ਪਰ ਨਸ਼ਾ ਛੱਡਣ ਲਈ ਇੱਛਾ ਸ਼ਕਤੀ ਨਹੀਂ ਵਧਾਉਂਦੀ। ਇਸ ਕਾਰਨ ਹੀ ਬਹੁਤ ਸਾਰੇ ਨਸ਼ਈ ਮਰੀਜ਼ ਪਿਛਲੇ 8-10 ਸਾਲਾਂ ਤੋਂ ਇਹ ਗੋਲੀ ਖਾ ਰਹੇ ਹਨ, ਪਰ ਨਸ਼ਾ ਮੁਕਤ ਨਹੀਂ ਹੋਏ।

ਗੰਭੀਰ ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਨਸ਼ੇ ਕਾਰਨ ਜਿੱਥੇ ਬਹੁਤ ਸਾਰੇ ਨਸ਼ਈ ਨਿਪੁੰਸਕ ਹੋ ਰਹੇ ਹਨ, ਉੱਥੇ ਹੀ ਇੱਕੋ ਸਰਿੰਜ ਨਾਲ ਕਈ ਕਈ ਨਸ਼ਈਆਂ ਵੱਲੋਂ ਨਸ਼ੇ ਦਾ ਟੀਕਾ ਲਾਉਣਾ ਅਤੇ ਹੱਦੋਂ ਵੱਧ ਚਿੱਟੇ ਦੇ ਨਾਲ ਨਾਲ ਹੋਰ ਮਾਰੂ ਨਸ਼ਿਆਂ ਦੀ ਵਰਤੋਂ ਕਰਨ ਕਰਕੇ 2022-23 ਵਿੱਚ 16136 ਨਸ਼ਈ ਮਰੀਜ਼ ਕਾਲੇ ਪੀਲੀਏ ਦੀ ਲਪੇਟ ਵਿੱਚ ਆ ਗਏ ਅਤੇ 27 ਫ਼ੀਸਦੀ ਜੇਲ੍ਹਾਂ ਵਿੱਚ ਬੰਦ ਕੈਦੀਆਂ ਦਾ ਇਸ ਰੋਗ ਨਾਲ ਪੀੜਤ ਹੋਣਾ ਗੰਭੀਰ ਖ਼ਤਰੇ ਦੀ ਨਿਸ਼ਾਨੀ ਹੈ।

ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਪਿੰਜਰ ਬਣੇ ਬਹੁਤ ਸਾਰੇ ਨੌਜਵਾਨ ਹੁਣ ਫੌਜੀ ਅਤੇ ਪੁਲਿਸ ਭਰਤੀ ਦੇ ਵੀ ਯੋਗ ਨਹੀਂ ਰਹੇ। ਫੌਜ ਦੇਸ਼ ਦੀ ਬਾਹਰੀ ਸੁਰੱਖਿਆ ਕਰਦੀ ਹੈ ਅਤੇ ਪੁਲਿਸ ਅੰਦਰੂਨੀ ਸੁਰੱਖਿਆ। ਭਲਾ ਜਦੋਂ ਸਾਡੇ ਜਵਾਨ ਦੇਸ਼ ਦੀ ਬਾਹਰੀ ਅਤੇ ਅੰਦਰੂਨੀ ਸੁਰੱਖਿਆ ਕਰਨ ਲਈ ਯੋਗ ਹੀ ਨਹੀਂ ਹੋਣਗੇ ਤਾਂ ਦੇਸ਼ ਦੀ ਸੁਰੱਖਿਆ ਲਈ ਬਣਦਾ ਯੋਗਦਾਨ ਕਿੰਜ ਪਾਉਣਗੇ? ਕਦੇ ਪੰਜਾਬੀ ਨੌਜਵਾਨਾਂ ਦੀ ਭਰਤੀ 17 ਫ਼ੀਸਦੀ ਹੁੰਦੀ ਸੀ ਅਤੇ ਹੁਣ ਸਿਮਟ ਕੇ 4.5 ਫ਼ੀਸਦੀ ’ਤੇ ਆ ਗਈ ਹੈ। ਇਸ ਸਬੰਧ ਵਿੱਚ ਹੀ 07.2.2023 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੀਫ਼ ਲੈਫਟੀਨੈਂਟ ਨਾਲ ਮੁਲਾਕਾਤ ਵਿੱਚ ਫੌਜੀ ਭਰਤੀ ਘਟਣ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਸੀ।

ਹੁਣ ਸਾਡੇ ਅੱਗੇ ਗੰਭੀਰ ਪ੍ਰਸ਼ਨ ਹੈ ਕਿ ਜਵਾਨੀ ਨੂੰ ਨਸ਼ੇ ਦੇ ਪ੍ਰਕੋਪ ਤੋਂ ਕਿੰਝ ਬਚਾਇਆ ਜਾਵੇ? ਗੰਭੀਰਤਾ ਨਾਲ ਸੋਚਣ ’ਤੇ ਸਾਡੇ ਸਾਹਮਣੇ ਆਉਂਦਾ ਹੈ ਕਿ ਸਭ ਤੋਂ ਪਹਿਲਾ ਅਸਰ ਬੱਚਿਆਂ ਉੱਤੇ ਘਰ ਦੇ ਮਾਹੌਲ ਦਾ ਪੈਂਦਾ ਹੈ। ਜੇਕਰ ਮਾਪੇ ਚਾਹੁੰਦੇ ਹਨ ਕਿ ਸਾਡੀ ਔਲਾਦ ਨਸ਼ਾ ਰਹਿਤ ਹੋਵੇ, ਨੈਤਿਕ ਕਦਰਾਂ ਕੀਮਤਾਂ ਦੀ ਧਾਰਨੀ ਹੋਵੇ ਤਾਂ ਉਨ੍ਹਾਂ ਨੂੰ ਆਪਣੀ ਔਲਾਦ ਲਈ ਰੋਲ ਮਾਡਲ ਬਣਨਾ ਹੋਵੇਗਾ। ਇਹ ਕੌੜੀ ਸਚਾਈ ਹੈ ਕਿ ਪਦਾਰਥਕ ਦੌੜ ਦਾ ਸ਼ਿਕਾਰ ਹੋਏ ਮਾਪੇ ਇਹ ਭੁੱਲੀ ਬੈਠੇ ਹਨ ਕਿ ਉਨ੍ਹਾਂ ਦਾ ਅਸਲੀ ਸਰਮਾਇਆ ਉਨ੍ਹਾਂ ਦੀਆਂ ਫੁੱਲੀਆਂ ਜੇਬਾਂ ਨਹੀਂ, ਸਗੋਂ ਔਲਾਦ ਹੈ। ਉਨ੍ਹਾਂ ਨੂੰ ਮਹਿੰਗਾ ਮੋਬਾਇਲ, ਮੋਟਰਸਾਈਕਲ, ਮਹਿੰਗੀ ਟਿਊਸ਼ਨ ਅਤੇ ਖੁੱਲ੍ਹਾ ਜੇਬ ਖਰਚ ਦੇਣ ਨਾਲ ਫਰਜ਼ ਦੀ ਪੂਰਤੀ ਨਹੀਂ ਹੋ ਜਾਂਦੀ ਸਗੋਂ ਉਨ੍ਹਾਂ ਲਈ ਆਪ ਇੱਕ ਆਦਰਸ਼ਕ ਬਾਪ ਬਣ ਕੇ ਆਪਣੇ ਫ਼ਰਜ਼ ਦੀ ਪੂਰਤੀ ਕਰਨਾ ਹੈ। ਅੱਜ ਦੇ ਬੱਚੇ ਸੁਣਨ ਸੁਣਾਉਣ ਵਿੱਚ ਨਹੀਂ, ਨਕਲ ਕਰਨ ਵਿੱਚ (ਬਾਕੀ ਸਫ਼ਾ 31 ’ਤੇ)

# ਪੰਜਾਬ ਪੁਲਿਸ ਨੇ 11 ਮਹੀਨਿਆਂ ’ਚ 14952 ਤਸਕਰ ਫੜੇ

## 11.83 ਕਰੋੜ ਰੁਪਏ ਦੀ ਡਰੱਗ ਮਨੀ ਕੀਤੀ ਬਰਾਮਦ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਪੁਲਿਸ ਨੇ 5 ਜੁਲਾਈ 2022 ਤੋਂ ਹੁਣ ਤੱਕ 2132 ਵੱਡੇ ਸਮਗਲਰਾਂ ਸਮੇਤ 14952 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕੁੱਲ 11147 ਐਫਆਈਆਰ ਦਰਜ ਕੀਤੀਆਂ ਹਨ, ਜਿਨ੍ਹਾਂ ਵਿੱਚੋਂ 1313 ਕਮਰਸ਼ੀਅਲ ਕੁਆਂਟਿਟੀ ਨਾਲ ਸਬੰਧਿਤ ਹਨ।

ਪੁਲਿਸ ਹੈੱਡਕੁਆਟਰ ਦੇ ਇੰਸਪੈਕਟਰ ਜਨਰਲ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ ਤੋਂ ਨਸ਼ਾ ਪ੍ਰਭਾਵਿਤ ਇਲਾਕਿਆਂ ਵਿੱਚ ਨਾਕੇ ਲਗਾਏ ਅਤੇ ਘੇਰਾਬੰਦੀ ਤੇ ਤਲਾਸ਼ੀ ਅਭਿਆਨ ਚਲਾ ਕੇ 987.75 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਤੋਂ ਇਲਾਵਾ, ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੇ ਬੰਦਰਗਾਹਾਂ ਤੋਂ 147.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ , ਜਿਸ ਨਾਲ ਸਿਰਫ਼ 11 ਮਹੀਨਿਆਂ ਵਿੱਚ ਹੈਰੋਇਨ ਦੀ ਕੁੱਲ ਬਰਾਮਦਗੀ 1135.25 ਕਿਲੋਗ੍ਰਾਮ ਹੋ ਗਈ ਹੈ। ਆਈ.ਜੀ.ਪੀ. ਨੇ ਦੱਸਿਆ ਕਿ ਪੁਲਿਸ ਨੇ ਸੂਬੇ ਭਰ ਵਿੱਚੋਂ 731 ਕਿਲੋ ਅਫ਼ੀਮ, 840.76 ਕਿਲੋ ਗਾਂਜਾ, 350.40 ਕੁਇੰਟਲ ਭੁੱਕੀ ਅਤੇ 62.49 ਲੱਖ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਬਰਾਮਦ ਕੀਤੀਆਂ ਹਨ। ਪੁਲਿਸ ਨੇ ਇਨ੍ਹਾਂ 11 ਮਹੀਨਿਆਂ ਵਿੱਚ ਫੜੇ ਗਏ ਨਸ਼ਾ ਤਸਕਰਾਂ ਕੋਲੋਂ 11.83 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।



ਇਸ ਦੌਰਾਨ ਹਫਤਾਵਾਰੀ ਜਾਣਕਾਰੀ ਦਿੰਦੇ ਹੋਏ ਆਈਜੀਪੀ ਨੇ ਦੱਸਿਆ ਕਿ ਪਿਛਲੇ ਇੱਕ ਹਫ਼ਤੇ ਵਿੱਚ, ਪੁਲਿਸ ਨੇ 234 ਐਫਆਈਆਰਜ਼, ਜਿਨ੍ਹਾਂ ਵਿੱਚ 31 ਕਮਰਸ਼ੀਅਲ ਕੁਆਂਟਿਟੀ ਨਾਲ ਸਬੰਧਿਤ ਹਨ, ਦਰਜ ਕਰਕੇ 308 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 33.73-ਕਿਲੋਗ੍ਰਾਮ ਹੈਰੋਇਨ, 13.90-ਕਿਲੋ ਅਫ਼ੀਮ , 16.12 ਕਿਲੋ ਗਾਂਜਾ, 5.85 ਕੁਇੰਟਲ ਭੁੱਕੀ, 39004 ਗੋਲੀਆਂ/ਕੈਪਸੂਲ/ਟੀਕੇ/ਫਾਰਮਾਂ ਓਪੀਔਡਜ਼ ਦੀਆਂ ਸ਼ੀਸ਼ੀਆਂ ਤੋਂ ਇਲਾਵਾ 10.48 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ।

ਉਨ੍ਹਾਂ ਕਿਹਾ ਕਿ ਪਿਛਲੇ ਇੱਕ ਹਫ਼ਤੇ ਵਿੱਚ 10 ਹੋਰ ਭਗੌੜੇ ਐਨਡੀਪੀਐਸ ਕੇਸਾਂ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਦੇ ਨਾਲ, 5 ਜੁਲਾਈ, 2022 ਨੂੰ ਪੀਓਜ਼/ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਤੋਂ ਬਾਅਦ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ ਹੁਣ 906 ਤੱਕ ਪਹੁੰਚ ਗਈ ਹੈ।

ਜ਼ਿਕਰਯੋਗ ਹੈ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਉਹ ਹਰੇਕ ਮਾਮਲੇ ਵਿੱਚ, ਖਾਸ ਤੌਰ ’ਤੇ ਨਸ਼ਿਆਂ ਦੀ ਬਰਾਮਦਗੀ ਨਾਲ ਸਬੰਧਿਤ ਅਗਲੀਆਂ-ਪਿਛਲੀਆਂ ਕੜੀਆਂ ਦੀ ਬਾਰੀਕੀ ਨਾਲ ਜਾਂਚ ਕਰਨ, ਭਾਵੇਂ ਉਨ੍ਹਾਂ ਕੋਲੋਂ ਮਾਮੂਲੀ ਮਾਤਰਾ ਵਿੱਚ ਵੀ ਨਸ਼ਾ ਬਰਾਮਦ ਹੋਇਆ ਹੋਵੇ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਦਿਸ਼ਾ-ਨਿਰਦੇਸ਼ਾਂ ’ਤੇ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਵਿਆਪਕ ਨਸ਼ਾ ਵਿਰੋਧੀ ਮੁਹਿੰਮ ਚਲਾਈ ਜਾ ਰਹੀ ਹੈ।

ਡੀਜੀਪੀ ਨੇ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਖ਼ਤੀ ਨਾਲ ਹੁਕਮ ਦਿੱਤੇ ਹਨ ਕਿ ਉਹ ਉਨ੍ਹਾਂ ਸਾਰੇ ਹਾਟਸਪਾਟਸ ਦੀ ਸ਼ਨਾਖ਼ਤ ਕਰਨ ਜਿੱਥੇ ਨਸ਼ੇ ਦਾ ਰੁਝਾਨ ਹੈ ਅਤੇ ਉਨ੍ਹਾਂ ਦੇ ਅਧਿਕਾਰ ਖੇਤਰਾਂ ਵਿੱਚ ਸਾਰੇ ਵੱਡੇ ਨਸ਼ਾ ਤਸਕਰਾਂ ਦੀ ਪਛਾਣ ਕੀਤੀ ਜਾਵੇ। ਉਨ੍ਹਾਂ ਪੁਲਿਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਫੜੇ ਗਏ ਸਾਰੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ ਤਾਂ ਜੋ ਉਨ੍ਹਾਂ ਦੇ ਨਾਜਾਇਜ਼ ਪੈਸੇ ਨੂੰ ਬਰਾਮਦ ਕੀਤਾ ਜਾ ਸਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

14 ਜੂਨ ਤੋਂ 20 ਜੂਨ, 2023

# ਬਿਮਾਰੀ ਦੂਰ ਕਰੀਏ, ਬਿਮਾਰੀ ਦੇ ਲੱਛਣ ਆਪੇ ਦੂਰ ਹੋ ਜਾਣਗੇ

ਲੰਘੇ ਦਿਨ ਭਾਈ ਧਿਆਨ ਸਿੰਘ ਮੰਡ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਇੱਕ ਪੱਤਰ ਲਿਖਿਆ ਗਿਆ ਹੈ ਜਿਸ ਵਿੱਚ ਪਹਿਲਾਂ ਆਪਸੀ ਏਕਾ ਕਰਨ ਦੀ ਗੱਲ ਕਹੀ ਗਈ ਅਤੇ ਫਿਰ ਪੰਥਕ ਫਰਜ਼ ਨਿਭਾਉਣ ਦੀ ਗੱਲ ਕੀਤੀ ਗਈ ਹੈ। ਇਸੇ ਤਰ੍ਹਾਂ ਗਾਹੇ-ਬਗਾਹੇ ਵੱਖ-ਵੱਖ ਜਥੇਬੰਦੀਆਂ ਜਾਂ ਸ਼ਖਸੀਅਤਾਂ ਵੱਲੋਂ ਏਕਤਾ ਕਰਨ ਦੀ ਗੱਲ ਕੀਤੀ ਜਾਂਦੀ ਹੈ। ਕਈ ਦਫ਼ਾ ਯਤਨ ਵੀ ਕੀਤੇ ਜਾਂਦੇ ਹਨ, ਜਥੇਬੰਦੀਆਂ ਭੰਗ ਕਰਕੇ ਜਾਂ ਇਕੱਠੀਆਂ ਕਰਕੇ ਜਾਂ ਅਜਿਹੇ ਹੋਰ ਤਰੀਕੇ ਵਰਤ ਕੇ ਪਰ ਸਫਲਤਾ ਨਹੀਂ ਮਿਲਦੀ। ਬਤੌਰ ਸਿੱਖ ਸਾਨੂੰ ਇਹ ਗੱਲ ਜਰੂਰ ਮਹਿਸੂਸ ਕਰਨੀ ਚਾਹੀਦੀ ਹੈ ਸਿੱਖ ਲਈ ਏਕਤਾ ਦੇ ਮਾਅਨੇ ਕੀ ਹਨ ? ਸਿੱਖ ਲਈ ਏਕਤਾ ਮਹਿਜ ਕੋਈ ਜਥੇਬੰਦੀ ਬਣਾਉਣਾ ਜਾਂ ਭੰਗ ਕਰਨਾ ਨਹੀਂ ਹੈ, ਬਲਕਿ ਸਿੱਖ ਲਈ ਏਕਤਾ ਦਾ ਪੈਮਾਨਾ ਸਿਧਾਂਤ ਹੈ। ਸਾਨੂੰ ਆਪਣੀ ਊਰਜਾ ਅਸਲ ਬਿਮਾਰੀ 'ਤੇ ਲਾਉਣੀ ਚਾਹੀਦੀ ਹੈ ਨਾ ਕਿ ਬਿਮਾਰੀ ਦੇ ਲੱਛਣਾਂ 'ਤੇ।

ਅਸੀਂ ਪਿਛਲੇ ਲੰਮੇ ਸਮੇਂ ਤੋਂ ਆਪਣੇ ਅਸਲ ਤਰੀਕਾਕਾਰ, ਆਪਣੀ ਰਵਾਇਤ ਤੋਂ ਆਪਣੇ ਸਿਧਾਂਤਾਂ ਨੂੰ ਦੂਰੀ ਬਣਾਈ ਹੈ ਜਿਸ ਕਰਕੇ ਸਾਡੀ ਊਰਜਾ ਏਕਤਾ ਕਰਨ, ਜਥੇ/ਜਥੇਬੰਦੀਆਂ ਭੰਗ ਕਰਨ ਜਾਂ ਬਣਾਉਣ ਵਿੱਚ ਲੱਗ ਰਹੀ ਹੈ। ਗੁਰੂ ਪਾਤਸ਼ਾਹ ਨੇ ਸਾਨੂੰ ਅਗਵਾਈ ਦਾ ਤਰੀਕਾਕਾਰ ਦਿੱਤਾ ਹੈ, ਸਾਡੀ ਫੈਸਲੇ ਕਰਨ ਦੀ ਇੱਕ ਰਵਾਇਤ ਹੈ, ਆਗੂ ਚੁਣਨ ਦੀ ਇੱਕ ਰਵਾਇਤ ਹੈ। ਇਸ ਰਵਾਇਤ ਵੱਲ ਨੂੰ ਮੋੜਾ ਪਾਏ ਬਿਨਾਂ ਅਸੀਂ ਜੋ ਮਰਜ਼ੀ ਕਰੀ ਜਾਈਏ, ਗੁਰੂ ਦੀ ਬਖਸ਼ਿਸ਼ ਦੇ ਪਾਤਰ ਨਹੀਂ ਬਣ ਸਕਾਂਗੇ।

ਅਕਾਲ ਪੁਰਖ ਦੀ ਮੌਜ ਵਿੱਚ ਖਾਲਸਾ ਪ੍ਰਗਟਿਆ, ਆਪੇ ਗੁਰੂ ਚੇਲਾ ਦੇ ਅਜਬ ਦ੍ਰਿਸ਼ ਨੇ ਸਾਡੀ ਅਗਵਾਈ ਵੱਲ ਇਸ਼ਾਰਾ ਕੀਤਾ। ਗੁਰਿਆਈ ਦੇਣ ਦਾ ਵਕਤ ਆਇਆ ਤਾਂ ਗੁਰੂ ਸਾਹਿਬ ਨੇ ਗੁਰਿਆਈ ਸਾਂਝੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਪੰਥ ਨੂੰ ਬਖਸ਼ਿਸ਼ ਕੀਤੀ। ਗੁਰ-ਜੋਤ ਸ਼ਬਦ ਰੂਪ ਵਿੱਚ ਗੁਰੂ ਗ੍ਰੰਥ ਵਿੱਚ ਵਿਦਮਾਨ ਹੈ ਤੇ ਦੇਹ-ਰੂਪ ਵਿੱਚ ਗੁਰੂ ਪੰਥ ਵਿੱਚ ਪ੍ਰਕਾਸ਼ਵਾਨ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਤੋਰਨ ਵਕਤ ਵੀ ਪੰਜ ਪਿਆਰਿਆਂ ਦੀ ਅਗਵਾਈ ਸੀ। ਸਾਡੀ ਅਗਵਾਈ ਦਾ ਇਹ ਤਰੀਕਾ ਗੁਰੂ ਜੀ ਨੇ ਸਾਨੂੰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੁੜਿਆ ਖਾਲਸਾ ਪੂਰਨ ਰੂਪ ਵਿੱਚ ਗੁਰੂ ਹੈ। ਤਦ ਹੀ ਇੱਥੇ ਹੋਏ ਫੈਸਲੇ ਨੂੰ 'ਗੁਰਮਤਾ' ਕਿਹਾ ਜਾਂਦਾ ਹੈ। 'ਗੁਰਮਤਾ' - ਗੁਰੂ ਦੀ ਮੱਤ। ਸਾਡੀ ਕੋਈ ਵੀ ਗੱਲ ਇਹਨਾਂ ਦੋ ਅਹਿਮ ਗੱਲਾਂ ਤੋਂ ਬਿਨਾਂ ਨਾ ਸ਼ੁਰੂ ਹੋ ਸਕਦੀ ਹੈ ਅਤੇ ਨਾ ਹੀ ਖਤਮ - ਸਾਡੀ ਅਗਵਾਈ ਦਾ ਤਰੀਕਾ ਅਤੇ ਸਾਡੀ ਫੈਸਲੇ ਕਰਨ ਦੀ ਰਵਾਇਤ। ਇਹਨਾਂ 'ਤੇ ਹੀ ਸਾਡਾ ਇਤਿਹਾਸ ਹੈ ਅਤੇ ਇਹਨਾਂ ਨਾਲ ਹੀ ਸਾਡਾ ਭਵਿੱਖ ਤੈਅ ਹੋਣਾ ਹੈ।

ਬੰਦਾ ਸਿੰਘ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਗੋਂ ਉਸ ਦੇ ਸਾਰੇ ਸਿੰਘਾਂ ਕੋਲ ਘੋੜੇ ਵੀ ਪੂਰੇ ਨਹੀਂ ਸਨ, ਸਿਰਫ਼ ਲੰਮੇ ਨੇਜੇ, ਤੀਰ ਕਮਾਨ, ਕਿਰਪਾਨਾਂ ਆਦਿ ਹੀ ਸਨ। ਜੇਕਰ ਕੁਝ ਹੈ ਸੀ ਤਾਂ ਉਹ ਸੀ 'ਗੁਰੂ ਦੀ ਬਖਸ਼ਿਸ਼' ਜਿਸ ਸਦਕਾ ਸਰਹਿੰਦ ਨੂੰ ਜਾਣ ਵਕਤ ਸਿੰਘ ਆਪਣੇ ਭਾਂਡੇ, ਡੰਗਰ ਅਤੇ ਜ਼ਮੀਨਾਂ ਵੇਚ ਕੇ ਸ਼ਸਤਰ, ਘੋੜੇ ਖਰੀਦ ਜੰਗ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਜਿਹੜਾ ਵੀ ਇਲਾਕਾ ਫ਼ਤਿਹ ਕਰ ਲਿਆ ਜਾਂਦਾ ਓਥੇ ਗੁਰਦੁਆਰਾ ਸਾਹਿਬ ਬਣਾਇਆ ਜਾਂਦਾ ਅਤੇ ਖਾਲਸਾ ਪੰਚਾਇਤ ਕਾਇਮ ਕੀਤੀ ਜਾਂਦੀ। ਗੁਰੂ ਦੀ ਓਟ, ਗੁਰੂ 'ਤੇ ਭਰੋਸਾ, ਆਪਣੀ ਪਰੰਪਰਾ ਅਤੇ ਸ਼ਹਾਦਤ ਦੇ ਚਾਅ ਨਾਲ ਖ਼ਾਲਸੇ ਦਾ ਰਾਜ ਹੋਇਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੰਘ ਜੰਗਲਾਂ ਵਿੱਚ ਰਹਿਣ ਲੱਗੇ, ਓਥੇ ਕੁਝ ਵੀ ਨਹੀਂ ਸੀ, ਬਸ ਗੁਰੂ ਦਾ ਭਰੋਸਾ ਸੀ। 17-18 ਸਾਲ ਦਾ ਇਹ ਸਮਾਂ ਬਣਦਾ ਹੈ, ਇੱਕ ਪੀੜੀ ਜਵਾਨ ਹੁੰਦੀ ਹੈ, ਖ਼ਾਲਸੇ ਦੇ ਚੜ੍ਹਦੀਕਲਾ ਦੇ ਬੋਲੇ ਕਾਇਮ ਹੁੰਦੇ ਹਨ, ਛੋਲੇ ਬਦਾਮ ਬਣਦੇ ਹਨ ਅਤੇ ਮੁੱਖ ਦਰਬਾਰ ਸਾਹਿਬ ਵੱਲ ਨੂੰ ਹੁੰਦਾ ਹੈ। ਜਦੋਂ ਘਰਾਂ ਨੂੰ ਪਰਤਣਾ ਸ਼ੁਰੂ ਹੋਇਆ ਤਾਂ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਗਏ, ਓਥੋਂ ਦੀ ਸੇਵਾ ਸੰਭਾਲ ਲਈ ਉੱਦਮ ਹੋਏ, ਕਾਫ਼ੀ ਜੱਦੋ ਜਹਿਦ ਹੋਈ। ਗੁਰਮਤਾ ਅਤੇ ਸਰਬੱਤ ਖਾਲਸਾ ਲਈ ਯਤਨ ਸ਼ੁਰੂ ਹੋਏ। ਭਾਈ ਮਨੀ ਸਿੰਘ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਕਰਦੇ ਸਨ, ਉਹਨਾਂ ਨੇ ਸਿੱਖਾਂ ਨੂੰ ਛੋਟੇ-ਛੋਟੇ ਜਥਿਆਂ ਦੇ ਰੂਪ ਵਿੱਚ ਜਥੇਬੰਦ ਕਰਨਾ ਸ਼ੁਰੂ ਕੀਤਾ। ਫਿਰ ਭਾਈ ਮਨੀ ਸਿੰਘ ਜੀ ਨੇ ਸਰਬੱਤ ਖਾਲਸਾ ਸੱਦਿਆ ਸੀ ਜੋ ਹਕੂਮਤ ਨੇ ਅਸਫਲ ਕਰ ਦਿੱਤਾ, ਉਹਨਾਂ ਨੇ ਇਸ ਗੱਲ ਪਿੱਛੇ ਸ਼ਹਾਦਤ ਦਿੱਤੀ। ਫਿਰ ਪੰਥ ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਨੇ ਸਰਬੱਤ ਖਾਲਸਾ ਸੱਦਿਆ ਅਤੇ ਪੰਥ ਦੀ ਰਜਾ ਅਨੁਸਾਰ ਭਾਈ ਕਪੂਰ ਸਿੰਘ ਨੂੰ ਨਵਾਬੀ ਦੀ ਪੇਸ਼ਕਸ਼ ਸੌਂਪੀ ਗਈ। ਫਿਰ ਨਵਾਬ ਕਪੂਰ ਸਿੰਘ ਜੀ ਦੇ ਸੱਦੇ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖ਼ਾਲਸਾ ਕੀਤਾ ਗਿਆ। ਇਸ ਵਿੱਚ ਸਮੁੱਚੇ ਦਲ ਨੂੰ 11 ਜਥਿਆਂ ਵਿੱਚ ਜਥੇਬੰਦ ਕੀਤਾ ਗਿਆ। ਫਿਰ ਰਾਖੀ ਪ੍ਰਬੰਧ ਸਥਾਪਤ ਕਰਨ ਦਾ ਗੁਰਮਤਾ ਕੀਤਾ ਗਿਆ, ਜੋ ਪ੍ਰਬੰਧ ਬਾਅਦ ਵਿੱਚ ਰਾਜ ਵਿੱਚ ਬਦਲ ਗਿਆ। ਜਦੋਂ ਮਿਸਲਾਂ ਦਾ ਰਾਜ ਸਥਿਰ ਹੋ ਗਿਆ, ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਹਨਾਂ ਕੋਲ ਹੀ ਰਹੀ ਜੋ ਦੁਨਿਆਵੀ ਅਹੁਦਿਆਂ ਦੇ ਚੱਕਰ ਵਿੱਚ ਨਹੀਂ ਸਨ, ਭਾਵ ਅਕਾਲੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਦੇ ਰਹੇ।

ਅੰਗ੍ਰੇਜ਼ਾਂ ਨੇ ਨਿੱਠ ਕੇ ਅਕਾਲ ਤਖ਼ਤ 'ਤੇ ਗੁਰਮਤਾ ਕਰਨ ਅਤੇ ਅਕਾਲੀਆਂ ਨੂੰ ਖਤਮ ਕਰਨ ਦੇ ਯਤਨ ਕੀਤੇ। ਸ੍ਰੀ ਅਕਾਲ ਤਖ਼ਤ ਸਾਹਿਬ ਜੋ ਸਿੱਖਾਂ ਦਾ ਫੈਸਲੇ ਲੈਣ ਦਾ ਕੇਂਦਰੀ ਸਥਾਨ ਸੀ, ਉਥੇ ਸਰਬਰਾਹ ਲਗਾ ਕੇ ਤਖਤ ਦੀ ਪੂਜਾ ਜਾਂ ਪ੍ਰਬੰਧ ਤੱਕ ਸੀਮਤ ਕਰ ਦਿੱਤਾ ਅਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਮਤੇ ਸੋਧਣ ਦੀ ਪਰੰਪਰਾ ਬੰਦ ਕਰਵਾ ਦਿੱਤੀ।

ਹੁਣ ਜਦੋਂ ਅਸੀਂ ਭਵਿੱਖ ਦੀ ਕੋਈ ਗੱਲ ਕਰਨੀ ਹੈ ਤਾਂ ਉਹ ਸਾਡੀ ਅਗਵਾਈ ਅਤੇ ਫੈਸਲੇ ਦੇ ਤਰੀਕੇ ਨਾਲ ਹੀ ਹੋਣੀ ਹੈ, ਉਸ ਤੋਂ ਬਿਨਾਂ ਗੁਰੂ ਦਾ ਥਾਪੜਾ ਸਾਡੇ ਕੋਲ ਨਹੀਂ ਹੋਵੇਗਾ। ਜਦੋਂ ਗੁਰੂ ਦਾ ਥਾਪੜਾ ਨਹੀਂ ਹੋਣਾ ਫਿਰ ਸਾਡੇ ਕੋਲ ਕੱਖ ਵੀ ਨਹੀਂ। ਭਾਈ ਧਿਆਨ ਸਿੰਘ ਮੰਡ ਅਤੇ ਗਿਆਨੀ ਹਰਪ੍ਰੀਤ ਸਿੰਘ ਦੋਵੇਂ ਹੀ ਪੰਥਕ ਰਵਾਇਤ ਅਨੁਸਾਰ ਇਹਨਾਂ ਅਹੁਦਿਆਂ 'ਤੇ ਨਹੀਂ ਗਏ ਜਿਨ੍ਹਾਂ ਅਹੁਦਿਆਂ ਦਾ ਨਾਮ ਉਹ ਆਪਣੇ ਨਾਵਾਂ ਨਾਲ ਲਿਖਦੇ ਹਨ। ਸੋ, ਜਿਹੜੀਆਂ ਵੀ ਸ਼ਖਸੀਅਤਾਂ ਏਕੇ ਲਈ ਤਤਪਰ ਹਨ ਜਾਂ ਪੰਥ ਲਈ ਦਿਲੋਂ ਕੁਝ ਕਰਨਾ ਲੋਚਦੇ ਹਨ ਉਹਨਾਂ ਨੂੰ ਜਰੂਰ ਤਿਆਗ ਦੀ ਭਾਵਨਾ ਨਾਲ ਪਹਿਲਾਂ ਸਾਡੀਆਂ ਰਵਾਇਤਾਂ ਦੀ ਬਹਾਲੀ ਲਈ ਉੱਦਮ ਕਰਨੇ ਚਾਹੀਦੇ ਹਨ ਜਿੱਥੇ ਪੰਥ ਦੇ ਸਾਰੇ ਮਸਲਿਆਂ ਦੀ ਜੜ੍ਹ ਪਈ ਹੋਈ ਹੈ, ਜੋ ਅਸਲ ਬਿਮਾਰੀ ਹੈ ਬਾਕੀ ਸਭ ਤਾਂ ਬਿਮਾਰੀ ਦੇ ਲੱਛਣ ਹਨ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਅਮਰੀਕਾ ਫੇਰੀ ਦੌਰਾਨ ਰਾਹੁਲ ਗਾਂਧੀ ਨੇ ਪ੍ਰਵਾਸੀ ਭਾਰਤੀਆਂ ਤੋਂ ਕੀ ਸਹਿਯੋਗ ਮੰਗਿਆ ?



**ਕਲਿਆਣੀ ਸ਼ੰਕਰ**




ਭਾਰਤੀ ਰਾਜਨੇਤਾ ਸੰਯੁਕਤ ਰਾਜ ਅਮਰੀਕਾ ਅਤੇ ਹੋਰ ਥਾਂਵਾਂ 'ਤੇ ਪ੍ਰਵਾਸੀ ਭਾਰਤੀਆਂ ਨੂੰ ਕਿਉਂ ਲੁਭਾਉਂਦੇ ਹਨ ? ਪ੍ਰਵਾਸੀ ਭਾਰਤੀ, ਜੋ ਭਾਰਤ ਵਿੱਚ ਵੋਟਾਂ ਨਹੀਂ ਪਾ ਸਕਦੇ, ਆਪਣੀ ਮਾਤ ਭੂਮੀ ਵਿੱਚ ਰੁਚੀ ਕਿਉਂ ਲੈਂਦੇ ਹਨ ? ਅਜਿਹਾ ਸ਼ਾਇਦ ਇਸ ਲਈ ਹੈ, ਕਿਉਂਕਿ ਜਿਵੇਂ-ਜਿਵੇਂ ਭਾਰਤ ਦੀ ਜੀ.ਡੀ.ਪੀ. ਵਧਦੀ ਹੈ, ਉਵੇਂ-ਉਵੇਂ ਭਾਰਤ ਦੀ ਵਿਦੇਸ਼ ਨੀਤੀ 'ਚ ਪ੍ਰਵਾਸੀ ਭਾਰਤੀਆਂ ਦੀ ਭੂਮਿਕਾ ਵੀ ਵਧਦੀ ਜਾ ਰਹੀ ਹੈ। ਹਰ ਸਾਲ 25 ਲੱਖ ਭਾਰਤੀ (ਵੱਧ ਤੋਂ ਵੱਧ ਸਾਲਾਨਾ ਗਿਣਤੀ) ਦੂਜੇ ਦੇਸ਼ਾਂ 'ਚ ਪ੍ਰਵਾਸ ਕਰਦੇ ਹਨ। ਫਰਵਰੀ 2023 ਤੱਕ ਉਨ੍ਹਾਂ ਦੀ ਇਕੱਤਰਤਾ ਐਨ.ਆਰ.ਆਈ. ਜਮ੍ਹਾਂ ਰਾਸ਼ੀ 136 ਅਰਬ ਅਮਰੀਕੀ ਡਾਲਰ ਸੀ।

ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ, ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰ ਨਿੱਕੀ ਹੈਲੀ ਅਤੇ ਵਿਵੇਕ ਰਾਮਾਸਵਾਮੀ ਜਿਹੇ ਭਾਰਤੀ ਅਮਰੀਕੀ ਤੇਜ਼ੀ ਨਾਲ ਮਹੱਤਵਪੂਰਨ ਰਾਜਨੀਤਕ ਭੂਮਿਕਾ ਨਿਭਾਅ ਰਹੇ ਹਨ। ਕਾਰਪੋਰੇਟ ਜਗਤ ਵਿੱਚ ਸੱਤਿਆ ਨਡੇਲਾ (ਮਾਈਕ੍ਰੋਸਾਫ਼ਟ), ਸੁੰਦਰ ਪਿਚਾਈ (ਗੂਗਲ), ਅਤੇ ਸ਼ਾਂਤਨੂ ਨਾਰਾਇਣ (ਅਡੋਬ) ਹੁਣ ਵਿਸ਼ਾਲ ਅਮਰੀਕੀ ਬਹੁ ਰਾਸ਼ਟਰੀ ਨਿਗਮਾਂ ਦੇ ਪ੍ਰਮੁੱਖ ਹਨ। ਅਜੇ ਸਿੰਘ ਬੰਗਾ ਹਾਲ ਹੀ ਵਿੱਚ ਵਿਸ਼ਵ ਬੈਂਕ ਦੇ ਪ੍ਰਧਾਨ ਬਣੇ ਹਨ। ਭਾਰਤੀ ਜਨਤਾ ਪਾਰਟੀ ਨੇ ਪ੍ਰਵਾਸੀ ਭਾਰਤੀਆਂ ਦੇ ਮਹੱਤਵ ਨੂੰ ਬਹੁਤ ਪਹਿਲਾਂ ਹੀ



ਸਮਝ ਲਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਮਲਾਵਰ ਢੰਗ ਨਾਲ ਉਨ੍ਹਾਂ ਨੂੰ ਲੁਭਾ ਚੁੱਕੇ ਹਨ। ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਨਿਯਮਿਤ ਅਮਰੀਕੀ ਦੂਤ ਤੋਂ ਇਲਾਵਾ ਇਕ ਭਾਰਤੀ ਅਮਰੀਕੀ ਨੂੰ 'ਵਿਸ਼ੇਸ਼ ਰਾਜਦੂਤ' ਦੇ ਰੂਪ 'ਚ ਉਥੇ ਨਿਯੁਕਤ ਕੀਤਾ। ਹਾਲਾਂ ਕਿ ਉਨ੍ਹਾਂ ਨੂੰ ਵਾਪਸ ਲੈ ਲਿਆ ਗਿਆ, ਕਿਉਂਕਿ ਅਮਰੀਕੀ ਸਰਕਾਰ ਨੇ ਉਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ ਸੀ।

ਦਿਲਚਸਪ ਗੱਲ ਇਹ ਹੈ ਕਿ ਕਾਂਗਰਸ ਪਾਰਟੀ ਨੇ ਪਰਵਾਸੀਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਆਜ਼ਾਦੀ ਤੋਂ ਬਾਅਦ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ 'ਗ੍ਰੈਂਡਓਲਡ ਪਾਰਟੀ' ਨੇ ਦੇਸ਼ 'ਤੇ ਸ਼ਾਸਨ ਕੀਤਾ। ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਨੂੰ ਆਪਣੀ ਅੰਤਰਰਾਸ਼ਟਰੀ ਦਿੱਖ ਲਈ ਇਸ ਮੁਹਿੰਮ ਦੀ ਜ਼ਰੂਰਤ ਨਹੀਂ ਪਈ।

ਪਰ ਰਾਹੁਲ ਗਾਂਧੀ 2017 'ਚ ਆਪਣੇ ਸਫਲ ਅਮਰੀਕੀ ਦੌਰੇ ਤੋਂ ਬਾਅਦ ਤੋਂ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮਾਰਚ ਵਿੱਚ ਉਨ੍ਹਾਂ ਦੀ ਬਰਤਾਨੀਆ (ਯੂ.ਕੇ.) ਅਤੇ ਇਸ ਹਫ਼ਤੇ ਅਮਰੀਕਾ ਦੀ ਯਾਤਰਾ ਉਸ ਦਿੱਖ ਨਿਰਮਾਣ ਅਭਿਆਸ ਦਾ ਹਿੱਸਾ ਹੈ। ਸੈਮ ਪਿਤਰੋਦਾ ਦੀ ਅਗਵਾਈ ਵਾਲੀ ਠੰਢੀ ਪਈ ਓਵਰਸੀਜ਼ ਕਾਂਗਰਸ ਸਰਗਰਮ ਹੋ ਗਈ ਹੈ। ਰਾਹੁਲ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ ਆਪਣੀ ਸਫਲ 'ਭਾਰਤ ਜੋੜੋ ਯਾਤਰਾ' ਤੋਂ ਬਾਅਦ ਇੱਕ ਅਹਿਮ ਸ਼ਖ਼ਸੀਅਤ ਦਾ ਦਰਜਾ ਹਾਸਿਲ ਕਰ ਲਿਆ ਹੈ। ਇਸ ਦੇ ਨਾਲ ਹੀ ਹਾਲ ਹੀ ਵਿੱਚ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਵੱਡੀ ਜਿੱਤ ਨਾਲ ਵੀ ਉਨ੍ਹਾਂ ਦਾ ਮਹੱਤਵ ਵਧਿਆ ਹੈ। ਕਾਂਗਰਸ ਪਾਰਟੀ ਨੇ ਮਹਿਸੂਸ ਕੀਤਾ ਕਿ ਉਸ ਨੂੰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਵਾਸੀ ਭਾਰਤੀਆਂ ਨਾਲ ਗੰਭੀਰਤਾ ਨਾਲ ਜੁੜਨਾ ਚਾਹੀਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਮੋਦੀ ਦੀ ਅਧਿਕਾਰਤ ਯਾਤਰਾ ਤੋਂ ਤਿੰਨ ਹਫ਼ਤੇ ਪਹਿਲਾਂ ਰਾਹੁਲ ਗਾਂਧੀ ਅਮਰੀਕਾ ਗਏ ਹਨ। ਵਾਈਟ ਹਾਊਸ ਵਿੱਚ ਰਾਸ਼ਟਰਪਤੀ ਜੋ ਬਾਈਡਨ ਪ੍ਰਧਾਨ ਮੰਤਰੀ ਦੀ ਮੇਜ਼ਬਾਨੀ ਕਰਨਗੇ। ਸ਼ੋਅ ਮੈਨ ਹੋਣ ਦੇ ਨਾਤੇ, ਮੋਦੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਅੰਤਿਮ ਯਾਤਰਾ ਵਿੱਚ ਸੁਰਖ਼ੀਆਂ 'ਚ ਆਉਣ ਦੀ ਪੂਰੀ ਕੋਸ਼ਿਸ਼ ਕਰਨਗੇ।

ਮੋਦੀ ਨੇ ਪਿਛਲੇ 9 ਸਾਲਾਂ ਵਿਚ 2014 ਦੌਰਾਨ ਨਿਊਯਾਰਕ ਵਿੱਚ ਆਪਣੀ ਮੈਡੀਸਨ ਸਕੁਏਅਰ ਗਾਰਡਨ ਬੈਠਕ ਅਤੇ 2019 ਵਿੱਚ ਹਿਓਸਟਨ 'ਚ ਆਪਣੀ 'ਹਾਊਡੀ ਮੋਦੀ ਰੈਲੀ' ਨਾਲ ਅਮਰੀਕੀ ਪਰਵਾਸੀਆਂ ਦੇ ਨਾਲ ਸੰਬੰਧਾਂ ਦੇ ਮਾਮਲੇ ਵਿੱਚ ਹੈਰਾਨੀਜਨਕ ਸਫਲਤਾ ਹਾਸਿਲ ਕੀਤੀ ਸੀ। ਉਨ੍ਹਾਂ ਨੇ ਤਿੰਨ ਅਮਰੀਕੀ ਰਾਸ਼ਟਰਪਤੀਆਂ ਦੇ ਨਾਲ ਪ੍ਰਥਮ-ਨਾਮ ਦਾ ਆਧਾਰ ਵਿਕਸਿਤ ਕੀਤਾ-ਓਬਾਮਾ, ਟਰੰਪ ਅਤੇ ਬਾਈਡਨ।

ਰਾਹੁਲ ਨੇ ਆਪਣੇ ਤਾਜ਼ਾ ਦੌਰੇ ਦੌਰਾਨ ਵੱਖ-ਵੱਖ ਬੈਠਕਾਂ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਕਾਂਗਰਸੀਆਂ ਅਤੇ ਬੁੱਧੀਜੀਵੀਆਂ ਦੇ ਨਾਲ ਇੱਕ ਨਵੀਂ ਗੱਲਬਾਤ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। ਆਤਮ ਨਿਰਭਰਤਾ ਨਾਲ ਲਬਰੇਜ਼ ਅਤੇ ਖ਼ੁਸ਼ਮਿਜ਼ਾਜ਼ੀ ਦੇ ਨਾਲ ਉਨ੍ਹਾਂ ਨੇ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ ਮਜ਼ਾਕ ਉਡਾਇਆ। ਗਾਂਧੀ ਨੇ ਪ੍ਰਵਾਸੀ ਭਾਰਤੀਆਂ ਦੀ ਪ੍ਰਸ਼ੰਸਾ ਕੀਤੀ।

ਕੈਲੀਫੋਰਨੀਆ, ਨਿਊਯਾਰਕ ਅਤੇ ਵਾਸ਼ਿੰਗਟਨ ਸ਼ਹਿਰਾਂ ਦਾ ਉਨ੍ਹਾਂ ਨੇ ਦੌਰਾ ਕੀਤਾ, ਉੱਥੇ ਉਨ੍ਹਾਂ ਦੀਆਂ ਬੈਠਕਾਂ ਵਿੱਚ ਇੱਕ ਛੁਪੀ ਹੋਈ ਅੰਤਰ ਧਾਰਾ ਸੀ। ਉਨ੍ਹਾਂ ਨੇ ਕਿਹਾ ਕਿ ਇਕ ਮਿੰਟ ਦੇ ਲਈ ਵੀ ਮੈਨੂੰ ਨਹੀਂ ਲਗਦਾ ਕਿ ਭਾਜਪਾ ਨੂੰ ਹਰਾਇਆ ਨਹੀਂ ਜਾ ਸਕਦਾ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਇਸ ਨੂੰ ਸੰਭਵ ਕਰ ਦਿਖਾਵੇਗੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਤਾ ਤੋਂ ਹਟਾ ਦੇਵੇਗੀ।

ਵਾਸ਼ਿੰਗਟਨ ਵਿੱਚ ਨੈਸ਼ਨਲ ਪ੍ਰੈੱਸ ਕਲੱਬ ਦੀ ਬੈਠਕ 'ਚ ਗਾਂਧੀ ਨੇ ਆਉਣ ਵਾਲੀਆਂ ਚੋਣਾਂ ਵਿੱਚ ਆਪਣੀ ਪਾਰਟੀ ਦੀ ਮਜ਼ਬੂਤ ਵਾਪਸੀ ਦੀ ਉਮੀਦ ਜਤਾਈ। ਗਾਂਧੀ ਨੇ ਚੀਨ ਅਤੇ ਰੂਸ ਨਾਲ ਭਾਰਤ ਦੇ ਸੰਬੰਧਾਂ ਬਾਰੇ ਵੀ ਗੱਲ ਕੀਤੀ।

ਗਾਂਧੀ ਨੇ ਮੈਨਹਟਨ 'ਚ ਜੈਕਬਜ਼ੇਵਿਟਸ ਸੈਂਟਰ ਵਿੱਚ ਇੱਕ ਪ੍ਰੋਗਰਾਮ ਵਿੱਚ ਕਿਹਾ ਕਿ ਲੋਕਾਂ ਲਈ ਬੁਰਾ ਹੋਣਾ, ਹੰਕਾਰੀ ਹੋਣਾ, ਹਿੰਸਕ ਹੋਣਾ, ਇਹ ਭਾਰਤੀ ਕਦਰਾਂ-ਕੀਮਤਾਂ ਨਹੀਂ ਹਨ। ਉਨ੍ਹਾਂ ਨੇ ਅਮਰੀਕੀ ਅਤੇ ਦੇਸ਼ ਵਿੱਚ ਭਾਰਤੀਆਂ ਨੂੰ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਲਈ ਖੜ੍ਹੇ ਹੋਣ ਦਾ ਸੱਦਾ ਦਿੱਤਾ। ਨਿਊਯਾਰਕ ਵਿੱਚ ਦੁਨੀਆ ਦੇ ਸਭ ਤੋਂ ਰੌਣਕ ਵਾਲੀ ਅਤੇ ਸਭ ਤੋਂ ਪ੍ਰਸਿੱਧ ਚੌਕਾਂ 'ਚੋਂ ਇਕ, ਪ੍ਰਸਿੱਧ ਟਾਈਮ ਸਕੁਏਅਰ ਬਿਲਬੋਰਡ 'ਤੇ ਉਨ੍ਹਾਂ ਦੀ ਭਾਰਤ ਜੋੜੋ ਯਾਤਰਾ ਦੇ ਦ੍ਰਿਸ਼ਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ।

ਇਕ ਰਾਜਨੇਤਾ ਜੋ ਹੁਣ ਸੰਸਦ ਮੈਂਬਰ ਵੀ ਨਹੀਂ ਹੈ, ਪ੍ਰੋਗਰਾਮਾਂ ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਚੋਖੀ ਭੀੜ ਜੁਟਾਈ। ਗਾਂਧੀ ਦੁਆਰਾ ਵਿਦੇਸ਼ ਵਿੱਚ ਮੋਦੀ ਦੀ ਆਲੋਚਨਾ ਤੋਂ ਭਾਜਪਾ ਖ਼ਫ਼ਾ ਹੈ।

ਰਾਹੁਲ ਨੇ ਪ੍ਰਵਾਸੀ ਭਾਰਤੀਆਂ ਨੂੰ ਕਿਹਾ ਕਿ ਮੈਨੂੰ ਚੋਣਾਂ ਲੜਨ ਲਈ ਸੰਸਥਾਗਤ ਢਾਂਚੇ ਦੀ ਜ਼ਰੂਰਤ ਹੈ। ਮੈਨੂੰ ਇਕ ਨਿਆਇਕ ਪ੍ਰਣਾਲੀ ਦੀ ਜ਼ਰੂਰਤ ਹੈ, ਜੋ ਮੇਰੀ ਰੱਖਿਆ ਕਰੇ। ਮੈਨੂੰ ਇਕ ਮੀਡੀਆ ਦੀ ਜ਼ਰੂਰਤ ਹੈ, ਜੋ ਵਾਜਬ ਤੌਰ 'ਤੇ ਸੁਤੰਤਰ ਹੋਵੇ। ਮੈਨੂੰ ਵਿੱਤੀ ਸਮਾਨਤਾ ਦੀ ਜ਼ਰੂਰਤ ਹੈ, ਇਕ ਰਾਜਨੀਤਕ ਦਲ ਦੇ ਰੂਪ ਵਿੱਚ। ਗਾਂਧੀ ਨੇ ਕਿਹਾ ਕਿ ਮੇਰੇ ਕੋਲ ਇਹ ਸਭ ਨਹੀਂ ਹੈ।

ਰਾਹੁਲ ਦੇ ਅਮਰੀਕੀ ਦੌਰੇ ਤੋਂ ਕਾਂਗਰਸ ਖ਼ੁਸ਼ ਹੈ, ਪਰ ਉਨ੍ਹਾਂ ਨੂੰ ਮੋਦੀ ਨੂੰ ਕੋਸਣ ਤੋਂ ਜ਼ਿਆਦਾ ਕੁਝ ਕਰਨ ਦੀ ਜ਼ਰੂਰਤ ਹੈ। ਨਾਲ ਹੀ ਉਨ੍ਹਾਂ ਨੂੰ ਆਪਣੀ ਗੱਲਬਾਤ ਕਹਿਣ ਦੇ ਅੰਦਾਜ਼ ਵਿੱਚ ਵੀ ਸੁਧਾਰ ਕਰਨਾ ਹੋਵੇਗਾ। ਕਹਾਣੀ ਦਾ ਇਕ ਹਿੱਸਾ ਅਮਰੀਕਾ ਅਤੇ ਯੂ.ਕੇ. ਜਾਣ ਦੇ ਬਾਰੇ ਵਿੱਚ ਹੈ ਅਤੇ ਦੂਜਾ ਪ੍ਰਵਾਸੀ ਭਾਰਤੀਆਂ ਦੇ ਨਾਲ ਆਪਣੇ ਮਨ ਦੀ ਗੱਲ ਕਹਿਣ ਦੇ ਬਾਰੇ ਵਿੱਚ ਹੈ, ਪਰ ਗਾਂਧੀ ਨੂੰ ਭਾਰਤ ਸੰਬੰਧੀ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਰੂਪ ਵਿੱਚ ਦੱਸਣਾ ਚਾਹੀਦਾ ਹੈ ਅਤੇ ਭਾਰਤੀ ਵੋਟਰਾਂ ਦੇ ਰੋਜ਼ੀ-ਰੋਟੀ ਦੇ ਮੁੱਦਿਆਂ ਨੂੰ ਸੰਬੋਧਿਤ ਕਰਨਾ ਚਾਹੀਦਾ ਹੈ। ਸੰਖੇਪ ਵਿੱਚ, ਰਾਹੁਲ ਨੂੰ ਇਸ ਮੌਕੇ ਦਾ ਲਾਭ ਪ੍ਰਵਾਸੀ ਭਾਰਤੀਆਂ ਅਤੇ ਭਾਰਤੀਆਂ ਨੂੰ ਇਹ ਸਮਝਾਉਣ ਦੇ ਲਈ ਚੁੱਕਣਾ ਚਾਹੀਦਾ ਹੈ ਕਿ ਉਹ ਮੋਦੀ ਦਾ ਮੁਕਾਬਲਾ ਕਰਨ ਲਈ ਸਹੀ ਵਿਅਕਤੀ ਹਨ।

# ਪੰਜਾਬ ਦੀ ਸਿਆਸਤ ’ਚ ਨਿੱਜੀ ਦੂਸ਼ਣਬਾਜੀ ਦਾ ਸ਼ੁਰੂ ਹੋਇਆ ਮੰਦਭਾਗਾ ਰੁਝਾਨ



## ਮੁੱਖ ਮੰਤਰੀ ਦੇ ਵਕਾਰੀ ਅਹੁਦੇ ਦੀ ਮਰਿਆਦਾ ਦਾ ਵੀ ਨਹੀਂ ਰੱਖਿਆ ਜਾ ਰਿਹੈ ਖ਼ਿਆਲ

### ਪੁਰਾਣੇ ਸਿਆਸੀ ਆਗੂ ਹਮੇਸ਼ਾ ਇਕ ਦੂਜੇ ਦਾ ਕਰਦੇ ਸਨ ਮਾਣ-ਸਤਿਕਾਰ





ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀ ਸਿਆਸਤ ’ਚ ਇਸ ਸਮੇਂ ਨਿੱਜੀ ਦੂਸ਼ਣਬਾਜੀ ਦਾ ਮੰਦਭਾਗਾ ਰੁਝਾਨ ਸ਼ੁਰੂ ਹੋ ਚੁੱਕਿਆ ਹੈ, ਜੋ ਕਿ ਲੋਕ-ਤੰਤਰ ਦੀਆਂ ਕਦਰਾਂ ਕੀਮਤਾਂ ਅਨੁਸਾਰ ਸਹੀ ਨਹੀਂ ਹੈ। ਭਾਰਤ ਵਿੱਚ ਸੰਵਿਧਾਨ ਰਾਹੀਂ ਬੋਲਣ ਦੀ ਆਜ਼ਾਦੀ ਦਿੱਤੀ ਗਈ ਹੈ ਅਤੇ ਇਸ ਆਜ਼ਾਦੀ ਦੀ ਇੱਕ ਮਰਿਆਦਾ ਹੈ ਪਰ ਪੰਜਾਬ ਦੇ ਸਿਆਸੀ ਆਗੂ ਆਪਸ ਵਿੱਚ ਜਿਸ ਤਰੀਕੇ ਨਾਲ ਮਿਹਣੋ ਮਿਹਣੀ ਹੋ ਰਹੇ ਹਨ, ਉਸ ਤਰਾਂ ਤਾਂ ਪਿੰਡਾਂ ’ਚ ਅਨਪੜ੍ਹ ਜ਼ਨਾਨੀਆਂ ਵੀ ਨਹੀਂ ਲੜਦੀਆਂ। ਬੀਤੇ ਦਿਨਾਂ ਦੌਰਾਨ ਜਲੰਧਰ ਵਿਖੇ ਵਿਰੋਧੀ ਸਿਆਸੀ ਪਾਰਟੀਆਂ ਦੀ ਸਾਂਝੀ ਮੀਟਿੰਗ ਦੌਰਾਨ ਜਿਥੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਵਿਅੰਗ ਕਰਦਿਆਂ ਕਿਹਾ ਸੀ ਕਿ ਉਹਨਾਂ ਨੇ ਬਦਲਾਓ ਦੇ ਨਾਂਅ ’ਤੇ ਸਿਰਫ਼ ਦੂਜਾ ਵਿਆਹ ਕਰਵਾਇਆ ਹੈ। ਇਸ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਦੇ ਪਿਤਾ ਜੀ ਨੇ ਵੀ ਬਦਲਾਓ ਲਿਆਉਂਦਿਆਂ ਦੂਜਾ ਵਿਆਹ ਕਰਵਾਇਆ ਸੀ ਅਤੇ ਨਵਜੋਤ ਸਿੰਘ ਸਿੱਧੂ ਆਪਣੇ ਪਿਤਾ ਦੀ ਦੂਜੀ ਪਤਨੀ ਦੀ ਔਲਾਦ ਹਨ। ਮੁੱਖ ਮੰਤਰੀ ਨੇ ਇਸੇ ਦੌਰਾਨ ਜਲੰਧਰ ਦੇ ਇੱਕ ਅਖ਼ਬਾਰ ਦੇ ਪ੍ਰਬੰਧਕੀ ਸੰਪਾਦਕ ਬਾਰੇ ਵੀ ਕਿਹਾ ਕਿ ਉਸ ਦੇ ਪਿਤਾ ਜੀ ਨੇ ਵੀ ਦੋ ਵਿਆਹ ਕਰਵਾਏ ਸਨ। ਮੁੱਖ ਮੰਤਰੀ ਮਾਨ ਨੇ ਇਸ ਵਿਵਾਦ ’ਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਬਾਰੇ ਵੀ ਕਹਿ ਦਿੱਤਾ ਕਿ ਜੇ ਰਾਹੁਲ ਗਾਂਧੀ ਦਾ ਵਿਆਹ ਨਹੀਂ ਹੁੰਦਾ ਤਾਂ ਇਸ ਵਿੱਚ ਆਮ ਆਦਮੀ ਪਾਰਟੀ ਦਾ ਕੀ ਕਸੂਰ ਹੈ।

ਇਸ ਤਰਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਅਜਿਹੇ ਬਿਆਨਾਂ ਦੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਕਾਫ਼ੀ ਵਾਇਰਲ ਹੋ ਰਹੀਆਂ ਹਨ। ਜਿਥੇ ਵੱਡੀ ਗਿਣਤੀ ਲੋਕ ਇਹਨਾਂ ਵੀਡੀਓ ਨੂੰ ਦੇਖ ਕੇ ਆਨੰਦ ਲੈ ਰਹੇ ਹਨ, ਉਥੇ ਪੰਜਾਬ ਦੇ ਸੂਝਵਾਨ ਲੋਕ ਕਹਿ ਰਹੇ ਹਨ ਕਿ ਪੰਜਾਬ ਦੀ ਸਿਆਸਤ ਕਿਹੜੇ ਰਾਹ ਤੁਰ ਪਈ ਹੈ ਅਤੇ ਸਿਆਸੀ ਆਗੂਆਂ ’ਚ ਨਿੱਜੀ ਦੂਸ਼ਣਬਾਜੀ ਦਾ ਵੱਧ ਰਿਹਾ ਰੁਝਾਨ ਪੰਜਾਬ ਲਈ ਮੰਦਭਾਗਾ ਹੈ।

ਇਸ ਤੋਂ ਇਲਾਵਾ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਆਮ ਆਦਮੀ ਪਾਰਟੀ ਦੇ ਭਦੌੜ ਤੋਂ ਵਿਧਾਇਕ ਬਾਰੇ ਕੀਤੀ ਗਈ ਨਿੱਜੀ ਟਿੱਪਣੀ ਕਾਰਨ ਵੀ ਰੋਸ ਫੈਲਿਆ ਹੋਇਆ ਹੈ ਅਤੇ ਆਮ ਆਦਮੀ ਪਾਰਟੀ ਨੇ ਬਾਜਵਾ ਨੂੰ ਮਾਫ਼ੀ ਮੰਗਣ ਜਾਂ ਕਾਨੂੰਨੀ ਕਾਰਵਾਈ ਲਈ ਤਿਆਰ ਰਹਿਣ ਲਈ ਅਲਟੀਮੇਟਮ ਦਿੱਤਾ ਹੋਇਆ ਹੈ।

ਨਿੱਜੀ ਦੂਸ਼ਣਬਾਜੀ ਕਰਦਿਆਂ ਮੁੱਖ ਮੰਤਰੀ ਮਾਨ ਜਿਥੇ ਆਪਣੇ ਸੰਵਿਧਾਨਕ ਅਹੁਦੇ ਦੀ ਮਰਿਆਦਾ ਦਾ ਖ਼ਿਆਲ ਨਹੀਂ ਰੱਖ ਰਹੇ, ਉਥੇ ਵਿਰੋਧੀ ਆਗੂ ਵੀ ਮੁੱਖ ਮੰਤਰੀ ਵਰਗੇ ਇੱਜ਼ਤਦਾਰ ਅਤੇ ਵਕਾਰੀ ਅਹੁਦੇ ’ਤੇ ਬੈਠੇ ਇਨਸਾਨ ਬਾਰੇ ਨਿੱਜੀ ਦੂਸ਼ਣਬਾਜੀ ਕਰਕੇ ਸਿਆਸਤ ਦੀ ਮਰਿਆਦਾ ਦੀ ਉਲੰਘਣਾ ਕਰ ਰਹੇ ਹਨ। ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਸ ਵਿੱਚ ਪੁਰਾਣੇ ਸਮੇਂ ਤੋਂ ਸਿਆਸਤ ਵਿੱਚ ਵੀ ਸਿਆਸੀ ਆਗੂਆਂ ਵੱਲੋਂ ਇੱਕ ਮਰਿਆਦਾ ਦੀ ਪਾਲਣਾ ਕੀਤੀ ਜਾਂਦੀ ਰਹੀ ਹੈ, ਪਰ ਮੌਜੂਦਾ ਸਮੇਂ ਤਾਂ ਪੰਜਾਬ ਦੇ ਸਿਆਸੀ ਆਗੂ ਸਭ ਮਰਿਆਦਾਵਾਂ ਭੁੱਲ ਚੁੱਕੇ ਹਨ ਅਤੇ ਹਰ ਦਿਨ ਇੱਕ ਦੂਜੇ ’ਤੇ ਨਿੱਜੀ ਦੂਸ਼ਣਬਾਜੀ ਕਰਦੇ ਰਹਿੰਦੇ ਹਨ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਪੰਜਾਬ ’ਚ ਨਿੱਜੀ ਦੂਸ਼ਣਬਾਜੀ ਦਾ ਰੁਝਾਨ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਸਮੇਂ ਸ਼ੁਰੂ ਹੋਇਆ। ਕੈਪਟਨ ਅਮਰਿੰਦਰ ਸਿੰਘ ਸਮੇਂ ਹੀ ਅਖ਼ਬਾਰਾਂ ’ਚ ਪੇਡ ਨਿਊਜ਼ ਦਾ ਰੁਝਾਨ ਸ਼ੁਰੂ ਹੋਇਆ। ਉਸ ਸਮੇਂ ਕੈਪਟਨ ਸਮਰਥਕਾਂ ਵੱਲੋਂ ਵੱਖ ਵੱਖ ਅਖ਼ਬਾਰਾਂ ’ਚ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਦੇ ਕਾਰਟੂਨ ਬਣਾ ਕੇ ਇਸ਼ਤਿਹਾਰ ਛਪਵਾਏ ਗਏ। ਜਿਸ ਦੇ ਜਵਾਬ ਵਿੱਚ ਅਕਾਲੀ ਦਲ ਵੱਲੋਂ ਵੀ ਕੈਪਟਨ ਅਮਰਿੰਦਰ ਸਿੰਘ ਅਤੇ ਉਹਨਾਂ ਦੇ ਬਜ਼ੁਰਗਾਂ ਬਾਰੇ ਇਸ਼ਤਿਹਾਰ ਅਖ਼ਬਾਰਾਂ ’ਚ ਛਪਵਾਏ ਗਏ। ਉਸ ਸਮੇਂ ਵੀ ਪੰਜਾਬ ਦੇ ਸੂਝਵਾਨ ਲੋਕਾਂ ਨੇ ਕੈਪਟਨ ਅਤੇ ਬਾਦਲ ਸਮਰਥਕਾਂ ਵੱਲੋਂ ਇਕ ਦੂਜੇ ਵਿਰੁੱਧ ਛਪਵਾਏ ਜਾਂਦੇ ਅਜਿਹੇ ਇਸ਼ਤਿਹਾਰਾਂ ਦਾ ਵਿਰੋਧ ਕੀਤਾ ਸੀ ਅਤੇ ਇਸ ਨੂੰ ਪੰਜਾਬ ਦੀ ਸਿਆਸਤ ਲਈ ਮੰਦਭਾਗਾ ਕਿਹਾ ਸੀ।

ਮਰਹੂਮ ਅਕਾਲੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿੱਚ ਇਹ ਬਹੁਤ ਵੱਡਾ ਗੁਣ ਸੀ ਕਿ ਉਹ ਜੇ ਆਪਣੇ ਵਿਰੋਧੀ ਆਗੂਆਂ ਦੀ ਨਿਖੇਧੀ ਵੀ ਕਰਦੇ ਸਨ ਤਾਂ ਬਹੁਤ ਨਿਮਰਤਾ ਅਤੇ ਮਰਿਆਦਾ ਸਹਿਤ ਕਰਦੇ ਸਨ। (ਬਾਕੀ ਸਫ਼ਾ 31 ’ਤੇ)

# ਪੰਜਾਬ ਲਈ ਮੰਦਭਾਗਾ ਹੈ ਮੁੱਖ ਮੰਤਰੀ ਤੇ ਰਾਜਪਾਲ ਵਿਚਾਲੇ ਵਿਵਾਦ

ਚੰਡੀਗੜ੍ਹ /ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਇੱਕ ਵਾਰ ਮੁੜ ਆਹਮੋ-ਸਾਹਮਣੇ ਹੋ ਗਏ ਹਨ। ਰਾਜਪਾਲ ਬਨਵਾਰੀਲਾਲ ਪੁਰੋਹਿਤ ਵੱਲੋਂ ਮੇਰੀ ਸਰਕਾਰ ਦੇ ਮਾਮਲੇ ਸਬੰਧੀ ਦਿੱਤੇ ਗਏ ਬਿਆਨ ’ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਟਵੀਟ ਕਰ ਕੇ ਜਵਾਬ ਦਿੱਤਾ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਮਾਣਯੋਗ ਰਾਜਪਾਲ ਸਾਬ੍ਹ ਜੀ ਤੁਹਾਡੀ ਮੰਗ ਅਨੁਸਾਰ ਲਓ ਵੀਡੀਓ ਸਬੂਤ। ਮਾਨ ਨੇ ਕਿਹਾ ਕਿ ਪਹਿਲਾਂ ਤੁਸੀਂ ‘ਮਾਈ ਗਵਰਨਮੈਂਟ’ ਕਿਹਾ, ਫਿਰ ਵਿਰੋਧੀ ਧਿਰ ਦੇ ਕਹਿਣ ’ਤੇ ਤੁਸੀਂ ਸਿਰਫ ‘ਗਵਰਨਮੈਂਟ’ ਕਹਿਣ ਲੱਗ ਪਏ। ਇਸ ਦੌਰਾਨ ਜਦੋਂ ਮੈਂ ਤੁਹਾਨੂੰ ਸੁਪਰੀਮ ਕੋਰਟ ਦੇ ਆਦੇਸ਼ ਬਾਰੇ ਦੱਸਿਆ ਕਿ ਜੋ ਲਿਖਿਆ ਹੈ, ਓਹੀ ਬੋਲਣਾ ਪਵੇਗਾ ਤਾਂ ਤੁਸੀਂ ਮੈਨੂੰ ਸਹੀ ਠਹਿਰਾਉਂਦੇ ਹੋਏ ‘ਮਾਈ ਗਵਰਨਮੈਂਟ’ ਕਹਿਣ ਲੱਗ ਪਏ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਰਾਜਪਾਲ ਸਾਬ੍ਹ ਮੈਂ ਤੱਥਾਂ ਤੋਂ ਬਿਨਾਂ ਨਹੀਂ ਬੋਲਦਾ। ਜ਼ਿਕਰਯੋਗ ਹੈ ਕਿ ਬੀਤੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਮੰਤਰੀ ਮੰਡਲ ਦੀ ਮੀਟਿੰਗ ’ਚ ਸਰਕਾਰ ਦੀਆਂ ਜੋ ਪ੍ਰਾਪਤੀਆਂ ਹੁੰਦੀਆਂ ਹਨ, ਉਹ ਲਿਖ ਕੇ ਰਾਜਪਾਲ ਨੂੰ ਦਿੱਤੀਆਂ ਜਾਂਦੀਆਂ ਹਨ ਕਿ ‘ਮੇਰੀ ਸਰਕਾਰ’ ਦੀਆਂ ਪ੍ਰਾਪਤੀਆਂ ਹਨ। ਮਾਨ ਨੇ ਕਿਹਾ ਕਿ ਰਾਜਪਾਲ ਨੇ ਵਿਧਾਨ ਸਭਾ ’ਚ ਆ ਕੇ ਕਿਹਾ ਕਿ ਮੈਂ ‘ਮੇਰੀ ਸਰਕਾਰ’ ਨਹੀਂ ਕਹਾਂਗਾ, ਇਸ ’ਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਫਿਰ ਕਿਸ ਦੀ ਸਰਕਾਰ ਹੈ ਤੇ ਇਸ ਨੂੰ ਲੈ ਕੇ ਮੈਨੂੰ ਸੁਪਰੀਮ ਕੋਰਟ ਜਾਣਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮੰਤਰੀ ਮੰਡਲ ਵੱਲੋਂ ਪਾਸ ਕੀਤਾ ਗਿਆ ਭਾਸ਼ਣ ਹੈ ਤੇ ਤੁਹਾਨੂੰ ਇਹ ਅੱਖਰ ਅੱਖਰ ਇਸੇ ਤਰ੍ਹਾਂ ਪੜ੍ਹਨਾ ਪਵੇਗਾ, ਇਸ ਤੋਂ ਬਾਅਦ ਰਾਜਪਾਲ ਨੂੰ ਜੋ ਲਿਖਿਆ ਸੀ, ਉਹੀ ਬੋਲਣਾ ਪਿਆ।ਰਾਜਪਾਲ ਨੇ ਚੰਡੀਗੜ੍ਹ ਸਕੱਤਰੇਤ ’ਚ ਪੰਜਾਬ ਵਿਧਾਨ ਸਭਾ ਦੇ ਅੰਦਰ ‘ਮੇਰੀ ਸਰਕਾਰ’ ਦੇ ਮਸਲੇ ’ਤੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਮਸਲਾ ਯਾਦ ਨਹੀਂ ਹੈ। ਰਾਜਪਾਲ ਤੋਂ ਪੁੱਛਿਆ ਗਿਆ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਰਾਜਪਾਲ ਨੇ ਵਿਧਾਨ ਸਭਾ ਦੇ ਅੰਦਰ ‘ਮੇਰੀ ਸਰਕਾਰ’ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ’ਤੇ ਰਾਜਪਾਲ ਨੇ ਕਿਹਾ ਕਿ ਇਹ ਉਨ੍ਹਾਂ ਨੂੰ ਯਾਦ ਨਹੀਂ ਆ ਰਿਹਾ ਹੈ ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਉਨ੍ਹਾਂ ਨੂੰ ਯਾਦ ਹੁੰਦਾ। ਰਾਜਪਾਲ ਨੇ ਇੱਥੋਂ ਤਕ ਕਿਹਾ ਕਿ ਉਹ ਸਪੀਚ ਦੇ ਰਹੇ ਸਨ ਤਾਂ ਬਾਕੀਆਂ ਨੇ ਵੀ ਤਾਂ ਸੁਣਿਆ ਹੀ ਹੋਵੇਗਾ। ਇਸ ਦੀ ਵੀਡੀਓ ਵੀ ਹੋਵੇਗੀ। ਹਾਲਾਂਕਿ ਰਾਜਪਾਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਮੇਰੀ ਸਰਕਾਰ ਬੋਲਣ ’ਤੇ ਕੋਈ ਸੰਕੋਚ ਨਹੀਂ ਹੈ ਕਿਉਂਕਿ ਇਹ ਮੇਰੀ ਹੀ ਸਰਕਾਰ ਹੈ। ਮੈਂ ਰਾਜਪਾਲ ਹਾਂ ਅਤੇ ਮੇਰੇ ਹੀ ਨਾਂ ਤੋਂ ਸਾਰੇ ਆਰਡਰ ਨਿਕਲਦੇ ਹਨ। ਇਸ ਲਈ ਮੇਰੀ ਸਰਕਾਰ ਨੂੰ ਵੀ ਮੇਰੇ ਨਾਲ ਉਂਝ ਹੀ ਵਰਤਾਓ ਵੀ ਕਰਨਾ ਚਾਹੀਦਾ ਹੈ।



## ਕਈ ਸੂਬਿਆਂ ’ਚ ਰਾਜਪਾਲ ਅਤੇ ਮੁੱਖ ਮੰਤਰੀ ਵਿਚਾਲੇ ਹੈ ਵਿਵਾਦ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਪੁਰੋਹਿਤ ਵਿਚਾਲੇ ਪਹਿਲਾਂ ਵੀ ਕਈ ਵਾਰ ਵੱਖ- ਵੱਖ ਮੁੱਦਿਆਂ ’ਤੇ ਵਿਵਾਦ ਪੈਦਾ ਹੋ ਚੁੱਕਿਆ ਹੈ, ਜਿਸ ਦਾ ਅਸਰ ਪੰਜਾਬ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਕੰਮਾਂ ’ਤੇ ਵੀ ਪੈਂਦਾ ਹੈ। ਜਿਸ ਕਰਕੇ ਪੰਜਾਬ ਦੇ ਵਿਕਾਸ ਕੰਮ ਅਤੇ ਲੋਕ ਭਲਾਈ ਦੇ ਕੰਮ ਵੀ ਪ੍ਰਭਾਵਿਤ ਹੁੰਦੇ ਹਨ। ਸਿਰਫ਼ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਹੋਰ ਕਈ ਸੂਬਿਆਂ ’ਚ ਵੀ ਉਥੋਂ ਦੀਆਂ ਲੋਕਾਂ ਵੱਲੋਂ ਚੁਣੀਆਂ ਹੋਈਆਂ ਸਰਕਾਰਾਂ ਅਤੇ ਉਥੋਂ ਦੇ ਰਾਜਪਾਲ ਵਿਚਾਲੇ ਵਿਵਾਦ ਹੁੰਦੇ ਰਹਿੰਦੇ ਹਨ। ਅਸਲ ਵਿੱਚ ਜਿਹੜੇ ਸੂਬਿਆਂ ’ਚ ਭਾਜਪਾ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਥੇ ਕੇਂਦਰ ਵੱਲੋਂ ਰਾਜਪਾਲ ਦੁਆਰਾ ਸ਼ਾਸ਼ਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਦੋਸ਼ ਲਗਾਇਆ ਜਾ ਰਿਹਾ ਹੈ ਕਿ ਕੁਝ ਸੂਬਿਆ ’ਚ ਰਾਜਪਾਲ ਵੀ ਕੇਂਦਰ ਸਰਕਾਰ ਦੇ ਏਜੰਟ ਵਜੋਂ ਕੰਮ ਕਰ ਰਹੇ ਹਨ। ਦਿੱਲੀ ਦੇ ਉਪ ਰਾਜਪਾਲ ਅਤੇ ਮੁੱਖ ਮੰਤਰੀ ਕੇਜਰੀਵਾਲ ਵਿਚਾਲੇ ਵਿਵਾਦ ਕਾਫ਼ੀ ਸਮੇਂ ਤੋਂ ਚਲ ਰਿਹਾ ਹੈ। ਹੁਣ ਦਿੱਲੀ ਵਿੱਚ ਕੇਂਦਰ ਸਰਕਾਰ ਵੱਲੋਂ ਇੱਕ ਆਰਡੀਨੈਂਸ ਰਾਹੀਂ ਮੁੱਖ ਮੰਤਰੀ ਦੀਆਂ ਵਧੇਰੇ ਸ਼ਕਤੀਆਂ ਰਾਜਪਾਲ ਨੂੰ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਆਰਡੀਨੈਂਸ ਦਾ ਕੇਜਰੀਵਾਲ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤ ਕਰਕੇ ਉਹਨਾਂ ਦਾ ਸਮਰਥਣ ਮੰਗਿਆ ਜਾ ਰਿਹਾ ਹੈ। ਕੇਜਰੀਵਾਲ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਵੀ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤ ਕਰ ਰਹੇ ਹਨ। ਕੇਜਰੀਵਾਲ ਦਾ ਕਹਿਣਾ ਹੈ ਕਿ ਅੱਜ ਜੋ ਸਾਡੇ ਨਾਲ ਹੋ ਰਿਹਾ ਹੈ, ਉਹ ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਨਾਲ ਵੀ ਹੋ ਸਕਦਾ ਹੈ।



# ਵਾਰਸ਼ ਸ਼ਾਹ ਜਿਥੇ ਜੁੜਨ ਮਜਲਿਸਾਂ
# ਮੁੜ-ਮੁੜ ਯਾਦ ਆਵੇ ਪਿੰਡ ਵਾਲੀ ਸੱਥ ਦੀ

ਪੰਜਾਬ ਡਾਇਰੀ



ਜਗਮੋਹਨ ਸਿੰਘ
9463819174

ਸ਼ਹਿਰੀਕਰਨ ਦਾ ਦੈਂਤ ਭਾਵੇਂ ਵੱਡੀ ਗਿਣਤੀ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਨਿਗਲ ਚੁੱਕਿਆ ਹੈ, ਜਿਸ ਕਾਰਨ ਵੱਡੀ ਗਿਣਤੀ ਪਿੰਡ ਸ਼ਹਿਰਾਂ ਦੀ ਇੱਕ ਕਾਲੋਨੀ ਬਣ ਕੇ ਰਹਿ ਗਏ ਹਨ। ਇਸ ਦੇ ਨਾਲ ਹੀ ਆਧੁਨਿਕਤਾ ਦੀ ਹਨੇਰੀ ਵੱਲੋਂ ਵੀ ਪਿੰਡਾਂ ਤੋਂ ਉਹਨਾਂ ਦਾ ਪੁਰਾਤਨ ਸੱਭਿਆਚਾਰ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ 'ਚ ਵੱਡੀ ਗਿਣਤੀ ਪਿੰਡ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਪੁਰਾਤਨ ਵਿਰਸੇ ਅਤੇ ਸੱਭਿਆਚਾਰ ਨੂੰ ਪੂਰੀ ਤਰਾਂ ਸੰਭਾਲਿਆ ਹੋਇਆ ਹੈ। ਪਿੰਡਾਂ ਦੀਆਂ ਸੱਥਾਂ ਵੀ ਪੇਂਡੂ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਭਾਵੇਂ ਕਿ ਵੱਡੀ ਗਿਣਤੀ ਪਿੰਡਾਂ ਵਿਚੋਂ ਸੱਥਾਂ ਹੁਣ ਗਾਇਬ ਹੋ ਚੁੱਕੀਆਂ ਹਨ ਅਤੇ ਲੋਕਾਂ ਕੋਲ ਏਨਾ ਸਮਾਂ ਹੀ ਨਹੀਂ ਕਿ ਉਹ ਸੱਥਾਂ ਵਿੱਚ ਬੈਠ ਸਕਣ ਪਰ ਪੰਜਾਬ ਦੇ ਅਨੇਕਾਂ ਪਿੰਡਾਂ 'ਚ ਅਜੇ ਵੀ ਸੱਥਾਂ ਦਾ ਵਜੂਦ ਹੈ, ਜਿਥੇ ਪੂਰੀ ਤਰਾਂ ਜਿੰਦਗੀ ਧੜਕਦੀ ਹੈ। ਇਹਨਾਂ ਸੱਥਾਂ 'ਚ ਬੈਠ ਕੇ ਪਿੰਡ ਵਾਸੀ ਆਪਣੇ ਦੁੱਖ ਸੁੱਖ ਫਰੋਲਦੇ ਹਨ ਅਤੇ ਦੁਨੀਆਂ ਭਰ ਦੀਆਂ ਗੱਲਾਂ ਕਰਦੇ ਹਨ। ਅਸਲ ਵਿੱਚ ਸੱਥ ਪਿੰਡ ਦੀ ਸਾਂਝੀ ਥਾਂ ਨੂੰ ਕਿਹਾ ਜਾਂਦਾ ਹੈ।







ਪਿੰਡਾਂ ਦੀਆਂ ਸੱਥਾਂ ਸਾਡੀ ਪੇਂਡੂ ਮਾਨਸਿਕਤਾ ਦੀ ਸਹੀ, ਸਾਦ-ਮੁਰਾਦੀ ਤੇ ਸਾਦਗੀ ਭਰੀ ਤਸਵੀਰ ਹਨ।ਅਸਲ ਵਿੱਚ ਜਦੋਂ ਵੀ ਪਿੰਡ ਦੀ ਗਲ ਤੁਰਦੀ ਹੈ ਤਾਂ ਸਾਡੀਆਂ ਅੱਖਾਂ ਸਾਹਮਣੇ ਸਾਡਾ ਆਪਣਾ ਪਿੰਡ ਆ ਜਾਂਦਾ ਹੈ। ਇਸ ਦੇ ਨਾਲ ਹੀ ਪਿੰਡ ਦੇ ਹਰਿਆਲੀ ਭਰੇ ਦੂਰ ਦੂਰ ਤਕ ਫੈਲੇ ਖੇਤਾਂ, ਤੂਤ, ਪਿੱਪਲ, ਬੋਹੜ, ਖੂਹ, ਹਲਟੀ, ਗਲੀਆਂ, ਬਲਦ ਅਤੇ ਬਲਦਾਂ ਦੀਆਂ ਟੱਲੀਆਂ, ਬੈਲ ਗੱਡੀਆਂ, ਸੁਹਾਗੇ , ਦੌਣ ਵਾਲੇ ਮੰਜੇ , ਛੱਪੜ - ਟੋਭੇ , ਮੱਝਾਂ , ਸੱਥਾਂ , ਖਾਲ਼ਿਆਂ , ਕੁੱਪ , ਕੁੰਨੂੰ , ਗੁਹਾਰੇ, ਚਾਟੀ ਤੇ ਮਧਾਣੀਆਂ, ਦੁੱਧ ਦੇ ਛੰਨੇ, ਦੁੱਧ ਰਿੜਕਦੀਆਂ ਚੂੜੇ ਵਾਲੀਆਂ ਸੱਜ ਵਿਆਹੀਆਂ ਦੇ ਦ੍ਰਿਸ਼ ਵੀ ਅੱਖਾਂ ਸਾਹਮਣੇ ਘੁੰਮਣ ਲੱਗਦੇ ਹਨ। ਜੇ ਹੁਣ ਪਿੰਡ ਦੀ ਸੱਥ ਦੀ ਗਲ ਕੀਤੀ ਜਾਵੇ ਤਾਂ ਪਿੰਡਾਂ ਦੀਆਂ ਸੱਥਾਂ ਪੇਂਡੂ ਜੀਵਨ ਰੂਪੀ ਨਾਟਕ ਦਾ ਵੱਡਾ ਦ੍ਰਿਸ਼ ਹਨ। ਜਿਹੜੀਆਂ ਗੱਲਾਂ ਆਮ ਘਰਾਂ 'ਚ ਨਹੀਂ ਕੀਤੀਆਂ ਜਾਂਦੀਆਂ, ਉਹ ਪਿੰਡਾਂ ਦੀਆਂ ਸੱਥਾਂ ਵਿੱਚ ਹੁੰਦੀਆਂ ਹਨ। ਪਿੰਡ ਦੀ ਹਰ ਗਲ ਦਾ ਪਤਾ ਪਿੰਡ ਦੀ ਸੱਥ ਵਿਚੋਂ ਪਤਾ ਲੱਗ ਜਾਂਦਾ ਹੈ।

ਜਜ਼ਬਿਆਂ ਦੀ ਕੋਈ ਜਾਤ ਨਹੀਂ ਹੁੰਦੀ ਜਿਥੇ ਜਜ਼ਬੇ ਬੈਠ ਗਏ, ਮੁਹੱਬਤ ਜਾਗ ਪੈਂਦੀ ਹੈ।ਪੇਂਡੂ ਸੱਥਾਂ ਵੀ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਦਾ ਮੁੱਖ ਸਾਧਨ ਹਨ। ਇਹ ਸੱਥਾਂ ਕਿਸੇ ਇਕ ਧਰਮ ਜਾਂ ਜਾਤ ਤਕ ਸੀਮਿਤ ਨਹੀਂ, ਸਗੋਂ ਇਹਨਾਂ ਦਾ ਰੂਪ ਸਾਂਝਾ ਹੁੰਦਾ ਹੈ ਅਤੇ ਸੱਥ ਵਿੱਚ ਹਰ ਧਰਮ ਅਤੇ ਹਰ ਜਾਤ ਦਾ ਵਿਅਕਤੀ ਮੌਜੂਦ ਹੁੰਦਾ ਹੈ, ਜੋ ਕਿ ਆਪੋ ਆਪਣੀ ਸਮਝ ਅਨੁਸਾਰ ਗੱਲਬਾਤ ਕਰਦਾ ਹੈ।

ਸੱਥ ਆਮ ਤੌਰ 'ਤੇ ਪੇਂਡੂ ਲੋਕਾਂ ਦੇ ਰਲ ਮਿਲ ਕੇ ਬੈਠਣ ਵਾਲੀ ਸਾਂਝੀ ਥਾਂ ਨੂੰ ਕਿਹਾ ਜਾਂਦਾ ਹੈ। ਵੱਖ ਵੱਖ ਪਿੰਡਾਂ 'ਚ ਪੁਰਾਤਨ ਬੋਹੜ, ਪਿੱਪਲ ਦੇ ਹੇਠਾਂ ਅਕਸਰ ਸੱਥ ਜੁੜਦੀ ਹੈ। ਅਕਸਰ ਇਹਨਾਂ ਬੋਹੜਾਂ ਅਤੇ ਪਿੱਪਲਾਂ ਦੁਆਲੇ ਇੱਟਾਂ ਦਾ ਚੌਂਤਰਾ ਬਣਾਇਆ ਹੁੰਦਾ ਹੈ ਤਾਂ ਪਿੰਡ ਵਾਸੀ ਉਸ ਚੌਂਤਰੇ 'ਤੇ ਬੈਠ ਸਕਣ। ਇਸ ਤੋਂ ਇਲਾਵਾ ਕਈ ਪਿੰਡਾਂ ਦੀ ਸੱਥ ਵਿੱਚ ਲੱਕੜ ਦੇ ਤਖ਼ਤਪੋਸ਼ ਵੀ ਰੱਖੇ ਹੁੰਦੇ ਹਨ। ਅਕਸਰ ਪਿੰਡਾਂ ਦੀ ਸੱਥ ਵਿੱਚ ਲੋਕ ਵਿਹਲਾ ਸਮਾਂ ਪਾਸ ਕਰਦੇ ਹਨ ਅਤੇ ਕਈ ਵਾਰ ਉਥੇ ਲੋਕਾਂ ਵੱਲੋਂ ਤਾਸ਼ ਵੀ ਖੇਡੀ ਜਾਂਦੀ ਹੈ।

ਸੱਥ ਦਾ ਪਿੰਡ ਦੇ ਨਾਲ ਪਿਉ-ਪੁੱਤ ਵਾਲਾ ਰਿਸ਼ਤਾ ਰਿਹਾ ਹੈ। ਇਥੇ ਪਿੰਡ ਦੇ ਲੋਕਾਂ ਦੇ ਸਰਬ ਸਾਂਝੇ ਫੈਸਲੇ ਲਏ ਜਾਂਦੇ ਹਨ।ਸੱਥ ਦਾ ਪਿੰਡ ਦੇ ਨਾਲ ਗੂੜ੍ਹਾ ਸੰਬੰਧ ਰਿਹਾ ਹੈ। ਦੋਵੇਂ ਇੱਕ ਦੂਜੇ ਤੋਂ ਬਿਨ੍ਹਾਂ ਅਧੂਰੇ ਹਨ।ਪਿੰਡਾਂ ਦੀਆਂ ਸੱਥਾਂ 'ਚ ਹੀ ਮੌਸਮ,ਖੇਤੀਬਾੜੀ, ਤਿਉਹਾਰ, ਖੇਡਾਂ, ਜੰਵ ਦਾ ਉੱਤਰਨਾ, ਮਸਲੇ, ਪੰਚਾਇਤੀ ਮਾਮਲੇ ਆਦਿ ਵਿਚਾਰੇ ਜਾਂਦੇ ਹਨ। ਗਰਮੀਆਂ 'ਚ ਲੋਕ ਦੁਪਹਿਰ ਸਮੇਂ ਸੱਥਾਂ 'ਚ ਦੁਪਹਿਰਾ ਕੱਟਦੇ ਹੁੰਦੇ ਸਨ ਅਤੇ ਸਰਦੀਆਂ 'ਚ ਸੱਥਾਂ 'ਚ ਬੈਠ ਕੇ ਧੂਣੀ ਸੇਕਦੇ ਹੁੰਦੇ ਸਨ। ਪਿੰਡਾਂ ਦੀਆਂ ਸੱਥਾਂ 'ਚ ਬੈਠੇ ਬਜ਼ੁਰਗਾਂ ਨੂੰ ਪਿੰਡਾਂ ਦੇ ਸੀਸੀਟੀਵੀ ਕੈਮਰੇ ਵੀ ਕਿਹਾ ਜਾਂਦਾ ਹੈ, ਇਹਨਾਂ ਬਜ਼ੁਰਗਾਂ ਕੋਲ ਪਿੰਡ ਦੀ ਹਰ ਗਲ ਦੀ ਜਾਣਕਾਰੀ ਹੁੰਦੀ ਹੈ। ਇਹਨਾਂ ਬਜ਼ੁਰਗਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਕਿਹੜੇ ਘਰ ਕੌਣ ਪਰਾਉਣਾ ਆਇਆ ਹੈ।



ਪਿੰਡਾਂ ਦੀਆਂ ਸੱਥਾਂ ਦਾ ਮੁਟਿਆਰਾਂ ਦਾ ਨਾਲ ਗੂੜ੍ਹਾ ਸਬੰਧ ਰਿਹਾ ਹੈ। ਤੀਆਂ, ਤ੍ਰਿੰਝਣ ਵੀ ਸੱਥ ਦਾ ਰੂਪ ਮੰਨੇ ਜਾਂਦੇ ਹਨ। ਕੁਝ ਸਮਾਂ ਪਹਿਲਾਂ ਤਕ ਕੁੜੀਆਂ ਚਿੜੀਆਂ ਇੱਕਠੀਆਂ ਹੋ ਕੇ ਚਰਖਾ ਕੱਤਦੀਆਂ ਹੁੰਦੀਆਂ ਸਨ ਅਤੇ ਕੋਈ ਮੁਟਿਆਰ ਆਪਣੀ ਲੰਬੀ ਹੇਕ ਨਾਲ ਸੁਰੀਲੀ ਆਵਾਜ਼ ਵਿੱਚ ਗੀਤ ਗਾਉਂਦੀ ਹੁੰਦੀ ਸੀ। ਚਰਖੇ ਦੀ ਘੂਕਰ ਦੇ ਨਾਲ ਮੁਟਿਆਰ ਦੇ ਗੀਤ ਦੀ ਆਵਾਜ਼ ਇੱਕ ਮਿੱਕ ਹੋ ਕੇ ਵਾਤਾਵਰਣ ਵਿੱਚ ਵੱਖਰਾ ਹੀ ਸੰਗੀਤ ਘੋਲਦੇ ਸਨ। ਪਿੰਡਾਂ ਦੀਆਂ ਬਜ਼ੁਰਗ ਔਰਤਾਂ ਵੀ ਇੱਕਠੀਆਂ ਹੋ ਕੇ ਆਪਣੇ ਦੁੱਖ ਸੁੱਖ ਫਰੋਲਦੀਆਂ ਹਨ ਅਤੇ ਇਕ ਦੂਜੀ ਤੋਂ ਆਉਣ ਵਾਲੇ ਤਿਉਹਾਰਾਂ ਦੀ ਜਾਣਕਾਰੀ ਲੈਂਦੀਆਂ ਹਨ।

ਅਕਸਰ ਪਿੰਡਾਂ ਦੀਆਂ ਸੱਥਾਂ 'ਚ ਪੰਚਾਇਤਾਂ ਵੀ ਜੁੜਦੀਆਂ ਹਨ, ਜਿਥੇ ਕਿ ਪਿੰਡ ਦੇ ਅਹਿਮ ਮਸਲੇ ਅਤੇ ਮੁੱਦੇ ਵਿਚਾਰੇ ਜਾਂਦੇ ਹਨ ਅਤੇ ਪੰਚਾਇਤੀ ਫੈਸਲੇ ਲਏ ਜਾਂਦੇ ਹਨ। ਇਸ ਤੋਂ ਇਲਾਵਾ ਸੱਥਾਂ 'ਚ ਬਜ਼ੁਰਗਾਂ ਵੱਲੋਂ ਨੌਜਵਾਨਾਂ ਅਤੇ ਅੱਲ੍ਹੜਾਂ ਨੂੰ ਆਪਣੇ ਤਜਰਬੇ ਦਸੇ ਜਾਂਦੇ ਹਨ ਅਤੇ ਦੁਨੀਆਂ ਭਰ ਦਾ ਗਿਆਨ ਦਿੱਤਾ ਜਾਂਦਾ ਹੈ, ਜਿਸ ਨੂੰ ਸੁਣ ਕੇ ਅਕਸਰ ਅੱਲ੍ਹੜ ਮੁੰਡੇ ਅਤੇ ਨੌਜਵਾਨ ਹੈਰਾਨ ਹੁੰਦੇ ਹਨ।

ਸ਼ਹਿਰਾਂ 'ਚ ਆਪਣੇ ਬੱਚਿਆਂ ਕੋਲ ਰਹਿੰਦੇ ਪੇਂਡੂ ਬਜ਼ੁਰਗ ਪਿੰਡਾਂ ਦੀਆਂ ਸੱਥਾਂ ਨੂੰ ਯਾਦ ਕਰਦੇ ਹਨ ਅਤੇ ਉਹ ਸ਼ਹਿਰਾਂ ਦੇ ਪਾਰਕਾਂ 'ਚ ਬੈਠ ਕੇ ਉਥੇ ਹੀ ਆਪਣੀ ਪੇਂਡੂ ਸੱਥ ਲਗਾ ਲੈਂਦੇ ਹਨ, ਜਿਥੇ ਕਿ ਸਿਆਸਤ ਤੋਂ ਲੈ ਕੇ ਦੁਨੀਆਂ ਭਰ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਇੱਕ ਦੂਜੇ ਨਾਲ ਆਪਣਾ ਦੁੱਖ ਸੁੱਖ ਸਾਂਝਾ ਕੀਤਾ ਜਾਂਦਾ ਹੈ।

ਹੁਣ ਗਲ ਕਰਦੇ ਹਾਂ ਵਿਦੇਸ਼ਾਂ ਦੀ, ਤਾਂ ਦੁਨੀਆਂ ਦੇ ਵੱਖ- ਵੱਖ ਮੁਲਕਾਂ 'ਚ ਵਸੇ ਹੋਏ ਪੰਜਾਬੀ ਖ ਾਸ ਕਰਕੇ ਪੰਜਾਬੀ ਬਜ਼ੁਰਗ, ਜਿਨ੍ਹਾਂ ਦਾ ਬਚਪਣ ਅਤੇ ਜਵਾਨੀ ਪੰਜਾਬ ਦੇ ਪਿੰਡਾਂ 'ਚ ਬੀਤੇ ਹੁੰਦੇ ਹਨ, ਵੀ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਨੂੰ ਬਹੁਤ ਯਾਦ ਕਰਦੇ ਹਨ। ਵਿਦੇਸ਼ਾਂ ਦੀ ਚਕਾਚੌਂਧ ਭਰੀ ਦੁਨੀਆਂ 'ਚ ਸੱਥਾਂ ਦਾ ਵਜੂਦ ਨਹੀਂ ਹੁੰਦਾ, ਇਸ ਕਰਕੇ ਵਿਦੇਸ਼ਾਂ ਵਿੱਚ 'ਓਲਡ ਏਜ਼ ਹੋਮ ' ਵਿੱਚ ਅਤੇ ਵਿਦੇਸ਼ਾਂ ਦੇ ਪਾਰਕਾਂ 'ਚ ਬੈਠੇ ਪੰਜਾਬੀ ਬਜ਼ੁਰਗ ਪਿੰਡ ਦੀ ਸੱਥ ਵਰਗਾ ਮਾਹੌਲ ਬਣਾਉਣ ਦਾ ਯਤਨ ਕਰਦੇ ਹਨ ਅਤੇ ਪੰਜਾਬ ਵਿਚਲੇ ਆਪਣੇ ਪਿੰਡ ਦੀ ਸੱਥ ਨੂੰ ਯਾਦ ਕਰਦੇ ਹਨ।

ਇਹ ਅਸਲੀਅਤ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਪਿੰਡਾਂ 'ਚੋਂ ਸੱਥਾਂ ਅਲੋਪ ਹੋ ਚੁੱਕੀਆਂ ਹਨ ਪਰ ਫਿਰ ਵੀ ਅਨੇਕਾਂ ਪਿੰਡਾਂ 'ਚ ਅਜੇ ਵੀ ਸੱਥਾਂ ਮੌਜੂਦ ਹਨ, ਜਿਥੇ ਕਿ ਪੂਰੀ ਤਰਾਂ ਜਿੰਦਗੀ ਧੜਕਦੀ ਹੈ। ਪੰਜਾਬ ਦੇ ਕਈ ਪਿੰਡਾਂ ਦੇ ਬੱਸ ਅੱਡਿਆਂ 'ਤੇ ਬੋਹੜ ਜਾਂ ਪਿੱਪਲ ਹੇਠਾਂ ਬੱਸਾਂ ਉਡੀਕਦੇ ਲੋਕ ਵੀ ਬੈਠੇ / ਖੜੇ ਹੁੰਦੇ ਹਨ, ਇਸ ਦੇ ਨਾਲ ਹੀ ਬਰੋਟੇ ਜਾਂ ਪਿੱਪਲ ਹੇਠਾਂ ਬਣੇ ਚੌਂਤਰੇ ਜਾਂ ਲੱਕੜ ਦੇ ਤਖ਼ਤਪੋਸ਼ਾਂ 'ਤੇ ਅਜਿਹੇ ਲੋਕ ਵੀ ਬੈਠੇ ਹੁੰਦੇ ਹਨ, ਜਿਨ੍ਹਾਂ ਨੇ ਕਿਤੇ ਵੀ ਜਾਣਾ ਨਹੀਂ ਹੁੰਦਾ ਪਰ ਆਉਂਦੇ ਜਾਂਦੇ ਲੋਕਾਂ ਨੂੰ ਜ਼ਰੂਰ ਉਹ ਵੇਖਦੇ ਰਹਿੰਦੇ ਹਨ। ਇਹਨਾਂ ਵਿਹਲੇ ਬੈਠੇ ਲੋਕਾਂ ਨੂੰ ਹਰ ਬੱਸ ਦੇ ਆਉਣ ਜਾਣ ਦਾ ਸਹੀ ਟਾਇਮ ਪਤਾ ਹੁੰਦਾ ਹੈ ਅਤੇ ਬੱਸਾਂ ਦੀ ਉਡੀਕ ਕਰ ਰਹੇ ਲੋਕਾਂ ਨੂੰ ਇਹ ਬੱਸਾਂ ਦਾ ਟਾਈਮ ਟੇਬਲ ਦੱਸਦੇ ਰਹਿੰਦੇ ਹਨ ਅਤੇ ਹੋਰ ਗੱਲਾਂ ਬਾਤਾਂ ਕਰਦੇ ਰਹਿੰਦੇ ਹਨ। ਇਸ ਤਰਾਂ ਇਹਨਾਂ ਪੇਂਡੂ ਬੱਸ ਅੱਡਿਆਂ 'ਤੇ ਵੀ ਇੱਕ ਤਰਾਂ ਸੱਥ ਵਰਗਾ ਮਾਹੌਲ ਬਣ ਜਾਂਦਾ ਹੈ।





# ਪੰਜਾਬੀਆਂ ਨੂੰ ਸ਼ੌਂਕ ਹਥਿਆਰਾਂ ਦਾ

## ਪੰਜਾਬ 'ਚ ਤੇਜ਼ੀ ਨਾਲ ਵਧ ਰਿਹੈ ਗੰਨ ਕਲਚਰ

## ਹਥਿਆਰਾਂ ਨੂੰ ਸਟੇਟਸ ਸਿੰਬਲ ਸਮਝਣ ਲੱਗ ਪਏ ਹਨ ਪੰਜਾਬੀ





ਪਟਿਆਲਾ/ਏ.ਟੀ. ਨਿਊਜ਼ : ਪੰਜਾਬੀਆਂ ਨੂੰ ਹਥਿਆਰ ਰੱਖਣ ਦਾ ਬਹੁਤ ਸ਼ੌਂਕ ਹੈ। ਹੁਣ ਪੰਜਾਬੀ ਹਥਿਆਰਾਂ ਨੂੰ ਸਟੇਟਸ ਸਿੰਬਲ ਸਮਝਣ ਲੱਗ ਪਏ ਹਨ, ਇਸ ਕਾਰਨ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਗੰਨ ਕਲਚਰ ਤੇਜ਼ੀ ਨਾਲ ਵਧਿਆ ਹੈ। ਪੰਜਾਬੀ ਲੋਕਾਂ ਨੂੰ ਮਹਿੰਗੇ ਅਤੇ ਆਟੋਮੈਟਿਕ ਹਥਿਆਰ ਪਸੰਦ ਹਨ। ਪੁਰਾਣੀ ਪੀੜ੍ਹੀ ਦੇ ਲੋਕਾਂ ਕੋਲ ਜ਼ਿਆਦਾਤਰ ਰਾਈਫ਼ਲਾਂ ਹੁੰਦੀਆਂ ਹਨ, ਜਦੋਂ ਕਿ ਹੁਣ ਛੋਟੇ ਹਥਿਆਰਾਂ ਦਾ ਜ਼ਿਆਦਾ ਸ਼ੌਂਕ ਹੈ। ਪੰਜਾਬ ਵਿੱਚ ਭਾਰਤ ਦੀ 2 ਫੀਸਦੀ ਆਬਾਦੀ ਹੈ ਪਰ ਦੇਸ਼ ਦੀਆਂ ਬੰਦੂਕਾਂ ਦਾ 10 ਫੀਸਦੀ ਹਿੱਸਾ ਪੰਜਾਬ ਕੋਲ ਹੈ। ਗ੍ਰਹਿ ਮੰਤਰਾਲੇ ਦੀ ਰਿਪੋਰਟ ਅਨੁਸਾਰ ਜਨਵਰੀ 2022 ਤੱਕ ਪੰਜਾਬ ਵਿੱਚ 3.90 ਲੱਖ ਤੋਂ ਵੱਧ ਲਾਇਸੈਂਸੀ ਬੰਦੂਕਾਂ ਹਨ। ਹਥਿਆਰ ਰੱਖਣ ਦੇ ਮਾਮਲੇ ਵਿੱਚ ਪੰਜਾਬੀਆਂ ਨੇ ਸਭ ਨੂੰ ਪਿੱਛੇ ਛੱਡ ਦਿੱਤਾ ਹੈ। ਪਿਛਲੇ ਕੁੱਝ ਸਾਲਾਂ ਤੋਂ ਪੰਜਾਬ 'ਚ ਜਿੰਨੇ ਅਸਲਾ ਲਾਈਸੈਂਸ ਬਣੇ ਹਨ, ਜੰਮੂ-ਕਸ਼ਮੀਰ ਨੂੰ ਛੱਡ ਕੇ ਦੇਸ਼ ਦੇ ਹੋਰ ਕਿਸੇ ਸੂਬੇ 'ਚ ਨਹੀਂ ਬਣੇ। ਦੇਸ਼ ਭਰ 'ਚ 40 ਲੱਖ ਦੇ ਕਰੀਬ ਅਸਲਾ ਲਾਈਸੈਂਸ ਹਨ, ਜਦੋਂ ਕਿ ਪੰਜਾਬ 'ਚ ਹੁਣ ਅਸਲਾ ਲਾਈਸੈਂਸਾਂ ਦੀ ਗਿਣਤੀ 4 ਲੱਖ ਤੋਂ ਵੱਧ ਹੋ ਗਈ ਹੈ। ਉੱਤਰ ਪ੍ਰਦੇਸ਼ 'ਚ ਦੇਸ਼ ਭਰ 'ਚੋਂ ਸਭ ਤੋਂ ਵੱਧ 12.88 ਲੱਖ ਅਸਲਾ ਲਾਈਸੈਂਸ ਹਨ ਅਤੇ ਇੰਨੇ ਵੱਡੇ ਸੂਬੇ 'ਚ 2017 ਤੋਂ ਹੁਣ ਤੱਕ ਸਿਰਫ਼ 15 ਹਜ਼ਾਰ ਨਵੇਂ ਲਾਈਸੈਂਸ ਅਸਲੇ ਬਣੇ ਹਨ, ਜਦਕਿ ਪੰਜਾਬ 'ਚ ਇਨ੍ਹਾਂ ਵਰ੍ਹਿਆਂ ਦੌਰਾਨ 30 ਹਜ਼ਾਰ ਤੋਂ ਵੱਧ ਅਸਲਾ ਲਾਈਸੈਂਸ ਬਣੇ ਹਨ। ਦੋ ਸਾਲਾਂ ਦੌਰਾਨ ਹਰਿਆਣਾ 'ਚ ਸਿਰਫ਼ 10,238 ਅਤੇ ਰਾਜਸਥਾਨ 'ਚ ਸਿਰਫ਼ 6390 ਅਸਲਾ ਲਾਈਸੈਂਸ ਬਣੇ ਹਨ। ਹਥਿਆਰਾਂ ਦੇ ਮਾਮਲੇ 'ਚ ਪੰਜਾਬ ਦੇਸ਼ ਭਰ ਵਿਚੋਂ ਤੀਜੇ ਨੰਬਰ 'ਤੇ ਹੈ। ਪਹਿਲਾ ਨੰਬਰ ਉੱਤਰ ਪ੍ਰਦੇਸ਼ ਦਾ ਹੈ, ਜਦੋਂ ਕਿ ਦੂਜਾ ਸਥਾਨ ਜੰਮੂ-ਕਸ਼ਮੀਰ ਦਾ ਹੈ। ਪੰਜਾਬ 'ਚ 2017 ਦੌਰਾਨ 3,59,349 ਲੋਕਾਂ ਕੋਲ ਲਾਈਸੈਂਸੀ ਅਸਲਾ ਸੀ। ਇਸ ਤੋਂ ਪਹਿਲਾਂ 2011 'ਚ 3,23,492 ਲੋਕਾਂ ਕੋਲ ਅਸਲਾ ਸੀ।

**55 ਲੱਖ ਪਰਿਵਾਰਾਂ 'ਤੇ ਚਾਰ ਲੱਖ ਅਸਲਾ ਲਾਇਸੈਂਸ**

ਪੰਜਾਬ 'ਚ ਪਿਛਲੇ ਇਕ ਦਹਾਕੇ ਦੌਰਾਨ ਲਗਭਗ ਇਕ ਲੱਖ ਨਵੇਂ ਲਾਈਸੈਂਸ ਬਣੇ ਹਨ। ਪੰਜਾਬ ਵਿੱਚ ਕਰੀਬ 55 ਲੱਖ ਪਰਿਵਾਰ ਹਨ ਅਤੇ 3 ਲੱਖ 90 ਹਜ਼ਾਰ ਤੋਂ ਵੱਧ ਅਸਲਾ ਲਾਇਸੈਂਸ ਹਨ। ਇਸ ਹਿਸਾਬ ਨਾਲ ਪੰਜਾਬ ਦੇ ਔਸਤਨ ਹਰ 14ਵੇਂ ਪਰਿਵਾਰ ਕੋਲ ਅਸਲਾ ਲਾਈਸੈਂਸ ਹਨ। ਪੰਜਾਬ ਵਿੱਚ ਔਸਤਨ 80 ਲੋਕਾਂ ਪਿੱਛੇ ਇਕ ਅਸਲਾ ਲਾਈਸੈਂਸ ਹੈ। ਇਹ ਵੀ ਖ਼ਬਰ ਸਾਹਮਣੇ ਆਈ ਹੈ ਕਿ ਅਸਲਾ ਲਾਈਸੈਂਸ ਬਣਾਉਣ ਲਈ ਲੋਕ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀਆਂ ਸਿਫਾਰਿਸ਼ਾਂ ਵੀ ਪਵਾਉਂਦੇ ਹਨ। ਦਿੱਲੀ ਵਿੱਚ ਅਸਲਾ ਲਾਈਸੈਂਸਾਂ ਦੀ ਗਿਣਤੀ 40,620 ਅਤੇ ਚੰਡੀਗੜ੍ਹ ਵਿੱਚ ਇਹ ਗਿਣਤੀ 80,858 ਹੈ। ਕੇਰਲ ਵਿੱਚ 10,600 ਅਸਲਾ ਲਾਈਸੈਂਸ ਹਨ, ਜਦੋਂ ਕਿ ਗੁਜਰਾਤ ਵਿੱਚ 63,138 ਅਸਲਾ ਲਾਈਸੈਂਸ ਹਨ।

**ਪੰਜਾਬ 'ਚ ਗੈਰ ਕਾਨੂੰਨੀ ਹਥਿਆਰ**

ਪੰਜਾਬ 'ਚ ਗੈਰ ਕਾਨੂੰਨੀ ਹਥਿਆਰ ਤਾਂ ਅਣਗਿਣਤ ਹਨ। ਇੱਥੇ ਦੇਸੀ ਕੱਟੇ ਤੋਂ ਲੈ ਕੇ ਪਿਸਤੌਲ ਤਾਂ ਆਮ ਦੇਖਣ ਨੂੰ ਮਿਲਦੇ ਹਨ। ਪੰਜਾਬ 'ਚ ਜਿਹੜੇ ਲੋਕਾਂ ਕੋਲ ਗੈਰ ਕਾਨੂੰਨੀ ਹਥਿਆਰ ਹਨ, ਉਹਨਾਂ ਦੀ ਕੋਈ ਗਿਣਤੀ ਨਹੀਂ ਹੈ। ਇਸ ਕਰਕੇ ਪੰਜਾਬ 'ਚ ਲਾਇਸੈਂਸੀ ਹਥਿਆਰਾਂ ਦੇ ਨਾਲ ਗੈਰ ਕਾਨੂੰਨੀ ਹਥਿਆਰ ਵੀ ਪ੍ਰਚਲਿਤ ਹਨ।

ਇੱਥੇ ਇਹ ਗੱਲ ਹੈਰਾਨ ਕਰ ਦੇਣ ਵਾਲੀ ਹੈ ਕਿ ਜਿਸ ਤਰ੍ਹਾਂ ਦੇ ਵਿਦੇਸ਼ੀ ਹਥਿਆਰ ਲੋਕਾਂ ਕੋਲ ਹਨ, ਅਜਿਹੇ ਹਥਿਆਰ ਪੁਲਿਸ ਕੋਲ ਵੀ ਨਹੀਂ ਹਨ। ਪੁਲਿਸ ਕੋਲ ਇੰਡੀਅਨ ਆਰਡੀਨੈਂਸ ਫੈਕਟਰੀ 'ਚ ਬਣੀਆਂ ਪਿਸਤੌਲਾਂ ਹਨ, ਜਦੋਂ ਕਿ ਲੋਕਾਂ ਕੋਲ ਅਜਿਹੀਆਂ ਪਿਸਤੌਲਾਂ ਹਨ, ਜੋ ਬੇਹੱਦ ਮਾਰੂ ਹਨ। ਪੰਜਾਬ ਦੇ ਨੌਜਵਾਨਾਂ 'ਚ ਹਥਿਆਰਾਂ ਨੂੰ ਲੈ ਕੇ ਜ਼ਿਆਦਾ ਕਰੇਜ਼ ਦੇਖਣ ਨੂੰ ਮਿਲਦਾ ਹੈ।

**ਮਜਬੂਰੀ ਬਣੀ ਸ਼ੌਂਕ**

ਪੰਜਾਬ ਦੇ ਇਤਿਹਾਸ ਤੋਂ ਪਤਾ ਚੱਲਦਾ ਹੈ ਕਿ ਪੁਰਾਤਨ ਸਮੇਂ ਪੰਜਾਬੀਆਂ ਨੂੰ ਹਥਿਆਰ ਰੱਖਣਾ ਮਜਬੂਰੀ ਸੀ, ਇਸੇ ਮਜਬੂਰੀ ਵਿਚੋਂ ਹੀ ਹਥਿਆਰ ਰੱਖਣ ਦਾ ਸ਼ੌਂਕ ਪੈਦਾ ਹੋ ਗਿਆ। ਪੁਰਾਣੇ ਸਮਿਆਂ ਵਿੱਚ ਜਦੋਂ ਅਫ਼ਗਾਨਿਸਤਾਨ, ਇਰਾਨ ਤੋਂ ਹਮਲਾਵਰ ਸਾਡੇ ਦੇਸ਼ ਨੂੰ ਲੁੱਟਣ ਆਉਂਦੇ ਤਾਂ ਪੰਜਾਬ ਦੇ ਲੋਕ ਉਹਨਾਂ ਦਾ ਡੱਟ ਕੇ ਮੁਕਾਬਲਾ ਕਰਦੇ। ਹਮਲਾਵਰਾਂ ਕਾਰਨ ਪੰਜਾਬ ਦੇ ਲੋਕ ਹਰ ਸਮੇਂ ਹਥਿਆਰ ਆਪਣੇ ਕੋਲ ਰੱਖਦੇ। ਉਦੋਂ ਤੋਂ ਹੀ ਪੰਜਾਬ ਦੇ ਲੋਕਾਂ ਨੂੰ ਹਥਿਆਰ ਰੱਖਣ ਦਾ ਸ਼ੌਂਕ ਪੈ ਗਿਆ ਜੋ ਕਿ ਅੱਜ ਵੀ ਕਾਇਮ ਹੈ। ਮੁਗਲ ਕਾਲ ਵੇਲੇ ਵੀ ਮੁਗਲ ਸਿਪਾਹੀ ਅਕਸਰ ਪਿੰਡਾਂ 'ਚ ਜਾ ਕੇ ਸੋਹਣੀਆਂ ਤੇ ਜਵਾਨ ਕੁੜੀਆਂ ਨੂੰ ਅਗਵਾ ਕਰਨ ਦਾ ਯਤਨ ਕਰਦੇ ਸਨ, ਜਿਹਨਾਂ ਦਾ ਮੁਕਾਬਲਾ ਕਰਨ ਲਈ ਪੰਜਾਬੀ ਹਥਿਆਰਾਂ ਦੀ ਵਰਤੋ ਕਰਦੇ ਸਨ। ਇਸ ਤਰਾਂ ਆਪਣੀ ਸੁਰੱਖਿਆ ਲਈ ਮਜਬੂਰੀ ਬਣੇ ਹਥਿਆਰ ਪੰਜਾਬੀਆਂ ਦਾ ਸ਼ੌਂਕ ਬਣ ਗਏ। ਬਹੁਤ ਸਾਰੇ ਪੰਜਾਬੀ ਗਾਣਿਆਂ 'ਚ ਹਥਿਆਰਾਂ ਦੀ ਹੀ ਗੱਲ ਕੀਤੀ ਗਈ ਹੈ। ਇੱਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਹਥਿਆਰਾਂ ਦਾ ਸ਼ੌਂਕ ਪੰਜਾਬੀਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ।

**ਗੰਨ ਕਲਚਰ ਵਿਰੁੱਧ ਕਾਰਵਾਈ**

ਪੰਜਾਬ 'ਚ ਗਾਇਕ ਸਿੱਧੂ ਮੂਸੇਵਾਲਾ, ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੰਜਾਬ ਸਰਕਾਰ ਨੇ ਕਰੀਬ ਦੋ ਮਹੀਨੇ ਪਹਿਲਾਂ ਹਥਿਆਰਾਂ ਦੀ ਪੜਤਾਲ ਸ਼ੁਰੂ ਕੀਤੀ ਸੀ। ਇਸ ਤੋਂ ਇਲਾਵਾ ਹਥਿਆਰਾਂ ਦੀ ਜਨਤਕ ਪ੍ਰਦਰਸ਼ਨੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਪਾਬੰਦੀ ਇੰਟਰਨੈੱਟ ਮੀਡੀਆ 'ਤੇ ਵੀ ਲਗਾਈ ਗਈ ਹੈ। ਗੰਨ ਹਾਊਸ 'ਤੇ ਵੀ ਨਕੇਲ ਕੱਸੀ ਗਈ। ਉਸ ਦੀ ਹਰ ਤਿੰਨ ਮਹੀਨੇ ਬਾਅਦ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਗਏ ਹਨ। ਪਿਛਲੇ ਮਹੀਨਿਆਂ ਦੌਰਾਨ ਪੰਜਾਬ 'ਚ 813 ਲਾਇਸੈਂਸ ਰੱਦ ਅਤੇ 1460 ਲਾਇਸੈਂਸ ਮੁਅੱਤਲ ਕੀਤੇ ਗਏ। ਇਸ ਤੋਂ ਇਲਾਵਾ ਫਿਲਮਾਂ, ਗੀਤਾਂ ਜਾਂ ਸੋਸ਼ਲ ਮੀਡੀਆ 'ਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਵਾਲਿਆਂ ਖ਼ਿਲਾਫ਼ 170 ਕੇਸ ਦਰਜ ਕੀਤੇ ਗਏ।

ਜਾਂਚ 'ਚ ਸਾਹਮਣੇ ਆਇਆ ਕਿ ਜਿਨ੍ਹਾਂ ਲੋਕਾਂ ਦੇ ਲਾਇਸੈਂਸ ਰੱਦ ਜਾਂ ਸਸਪੈਂਡ ਕੀਤੇ ਗਏ ਸਨ, ਉਨ੍ਹਾਂ 'ਚੋਂ ਜ਼ਿਆਦਾਤਰ ਨੇ ਹਥਿਆਰ ਲੈਣ ਲਈ ਫਰਜ਼ੀ ਪਤੇ ਦਿੱਤੇ ਸਨ। ਕਈ ਅਜਿਹੇ ਹਨ ਜਿਨ੍ਹਾਂ ਨੇ ਨਿਯਮਾਂ ਵਿੱਚ ਸੋਧ ਤੋਂ ਬਾਅਦ ਆਪਣੇ ਹਥਿਆਰਾਂ ਨੂੰ ਪ੍ਰਸ਼ਾਸਨ ਕੋਲ ਜਮਾਂ ਨਹੀਂ ਕੀਤਾ। ਅਸਲਾ ਲਾਇਸੈਂਸ ਦੇ ਨਿਯਮ ਬਦਲ ਗਏ ਹਨ। ਇੱਕ ਲਾਇਸੈਂਸ ਧਾਰਕ ਸਿਰਫ਼ ਦੋ ਹਥਿਆਰ ਰੱਖ ਸਕਦਾ ਹੈ ਪਰ ਕੁਝ ਲੋਕ ਹੁਣ ਤੱਕ 3-3 ਹਥਿਆਰ ਰੱਖ ਰਹੇ ਹਨ। ਅਜਿਹੇ ਲੋਕਾਂ ਦੇ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਦੂਜੇ ਪਾਸੇ ਪੰਜਾਬ ਵਿੱਚ 70 ਤੋਂ ਵੱਧ ਗੈਂਗ ਸਰਗਰਮ ਹਨ ਅਤੇ ਇੱਥੇ 500 ਤੋਂ ਵੱਧ ਗੈਂਗਸਟਰ ਹਨ। ਗਿਰੋਹਾਂ ਦੇ ਬਹੁਤੇ ਆਗੂ ਵਿਦੇਸ਼ ਜਾਂ ਜੇਲ੍ਹ ਵਿੱਚ ਹਨ। ਇਹ ਦੋਵੇਂ ਥਾਂਵਾਂ ਤੋਂ ਆਪਣਾ ਅਪਰਾਧ ਨੈੱਟਵਰਕ ਚਲਾਉਂਦੇ ਹਨ।

# ਪੂਰੀ ਦੁਨੀਆਂ ਵਿੱਚ ਲਗਭਗ 12,512 ਪਰਮਾਣੂ ਹਥਿਆਰ

## ਦੁਨੀਆਂ ਫਿਰ ਜਮ੍ਹਾ ਕਰ ਰਹੀ ਹੈ ਪਰਮਾਣੂ ਹਥਿਆਰ, ਚੀਨ ਦਾ ਸਟਾਕ ਸਭ ਤੋਂ ਵੱਡਾ

ਸਵੀਡਨ: ਇਸ ਸਮੇਂ ਦੁਨੀਆਂ ਦੀਆਂ ਵੱਡੀਆਂ ਸ਼ਕਤੀਆਂ ਵਿਚਾਲੇ ਐਟਮ ਬੰਬ ਰੱਖਣ ਨੂੰ ਲੈ ਕੇ ਮੁਕਾਬਲਾ ਚੱਲ ਰਿਹਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਰਿਪੋਰਟ ਵਿੱਚ ਘੱਟੋ-ਘੱਟ ਇਹੀ ਕਿਹਾ ਗਿਆ ਹੈ। ਥਿੰਕ ਟੈਂਕ ਦੀ ਰਿਪੋਰਟ ਦੇ ਅਨੁਸਾਰ, ਇਸ ਸਮੇਂ ਪੂਰੀ ਦੁਨੀਆ ਵਿੱਚ ਲਗਭਗ 12,512 ਪਰਮਾਣੂ ਹਥਿਆਰ ਹਨ ਅਤੇ ਚੀਨ ਕੋਲ ਸਭ ਤੋਂ ਵੱਧ ਭੰਡਾਰ ਹੈ। ਥਿੰਕ ਟੈਂਕ ਦੀ ਸਾਲਾਨਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਰਤਮਾਨ ਸਮੇਂ ਵਿੱਚ ਵਿਸ਼ਵ ਮਨੁੱਖੀ ਇਤਿਹਾਸ ਦੇ ਸਭ ਤੋਂ ਖਤਰਨਾਕ ਸਮੇਂ ਦਾ ਸਾਹਮਣਾ ਕਰ ਰਿਹਾ ਹੈ। ਥਿੰਕ ਟੈਂਕ ਦੀ ਰਿਪੋਰਟ ਵਿੱਚ ਮਾਹਿਰਾਂ ਨੇ ਕਿਹਾ ਹੈ ਕਿ ਦੁਨੀਆਂ ਵਿੱਚ ਇਕ ਵਾਰ ਫਿਰ ਤੋਂ ਪਰਮਾਣੂ ਹਥਿਆਰਾਂ ਨੂੰ ਜਮ੍ਹਾ ਕਰਨ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ।

ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਇਸ ਸਮੇਂ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਉਤਰਾਅ-ਚੜ੍ਹਾਅ ਜਾਰੀ ਹਨ। ਅਜਿਹੇ 'ਚ ਹਥਿਆਰਾਂ ਦਾ ਭੰਡਾਰ ਵੀ ਵਧਾਇਆ ਜਾ ਰਿਹਾ ਹੈ। ਵਿਸ਼ਵ ਪੱਧਰ 'ਤੇ ਹੁਣ ਅੰਦਾਜ਼ਨ 12,512 ਪਰਮਾਣੂ ਹਥਿਆਰ ਹਨ। ਇਨ੍ਹਾਂ ਵਿੱਚੋਂ 9,576 ਹਥਿਆਰ ਵਰਤੋਂ ਲਈ ਤਿਆਰ ਹਨ। ਇੱਕ ਸਾਲ ਪਹਿਲਾਂ ਦੇ ਅੰਕੜਿਆਂ ਵਿੱਚ 86 ਹਥਿਆਰਾਂ ਦਾ ਵਾਧਾ ਹੋਇਆ ਹੈ। ਸੀਤ ਯੁੱਧ ਦੌਰਾਨ ਹਥਿਆਰਾਂ ਦੇ ਭੰਡਾਰਨ ਦਾ ਰੁਝਾਨ ਇਸ ਸਮੇਂ ਮੁੜ ਪਰਤਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸੀਤ ਯੁੱਧ ਖਤਮ ਹੋਣ ਤੋਂ ਬਾਅਦ ਦੁਨੀਆਂ ਵਿੱਚ ਹਥਿਆਰਾਂ ਨੂੰ ਲੈ ਕੇ ਨਿਰਾਸ਼ਾ ਸੀ। ਇਸ ਕਾਰਨ ਉਨ੍ਹਾਂ ਦੇ ਸਟੋਰ ਕਰਨ ਦੇ ਇਰਾਦੇ ਵਿੱਚ ਕਮੀ ਆਈ। ਪਰ ਹੁਣ ਅਜਿਹਾ ਨਹੀਂ ਹੈ। ਸਿਪਰੀ ਮੁਤਾਬਕ ਇਸ ਭੰਡਾਰ ਵਿੱਚ ਚੀਨ ਕੋਲ ਸਭ ਤੋਂ ਵੱਧ ਨਵੇਂ ਹਥਿਆਰ ਹਨ। ਉਸ ਨੇ ਆਪਣੇ ਸਟੋਰ ਵਿੱਚ 60 ਨਵੇਂ ਹਥਿਆਰ ਇਕੱਠੇ ਕੀਤੇ ਹਨ। ਜਦਕਿ ਰੂਸ ਕੋਲ 12, ਪਾਕਿਸਤਾਨ ਕੋਲ ਪੰਜ, ਉੱਤਰੀ ਕੋਰੀਆ ਕੋਲ ਪੰਜ ਅਤੇ ਭਾਰਤ ਕੋਲ ਚਾਰ ਹਥਿਆਰ ਹਨ।




ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਸੁਰੱਖਿਆ ਮੈਂਬਰਾਂ- ਅਮਰੀਕਾ, ਰੂਸ, ਚੀਨ, ਬ੍ਰਿਟੇਨ ਅਤੇ ਫਰਾਂਸ ਨੇ ਆਪਣੇ ਹਥਿਆਰਾਂ ਦੀ ਗਿਣਤੀ ਵਧਾ ਦਿੱਤੀ ਹੈ। ਜਦੋਂ ਕਿ ਸਾਲ 2021 ਵਿੱਚ ਉਨ੍ਹਾਂ ਨੇ ਬਿਆਨ ਦਿੱਤਾ ਸੀ ਕਿ 'ਪਰਮਾਣੂ ਜੰਗ ਕਦੇ ਨਹੀਂ ਜਿੱਤੀ ਜਾ ਸਕਦੀ ਅਤੇ ਨਾ ਹੀ ਲੜਨੀ ਚਾਹੀਦੀ ਹੈ।' ਇਸ ਦੇ ਨਾਲ ਹੀ ਰੂਸ ਅਤੇ ਅਮਰੀਕਾ ਕੋਲ ਵਿਸ਼ਵ ਪੱਧਰ 'ਤੇ ਸਾਰੇ ਪਰਮਾਣੂ ਹਥਿਆਰਾਂ ਦਾ ਲਗਭਗ 90 ਫੀਸਦੀ ਹਿਸਾ ਹੈ। ਦੋਵਾਂ ਸ਼ਕਤੀਆਂ ਕੋਲ 1,000 ਤੋਂ ਵੱਧ ਹਥਿਆਰ ਹਨ ਜੋ ਨਕਾਰਾ ਹੋ ਚੁੱਕੇ ਹਨ। ਹੁਣ ਇਨ੍ਹਾਂ ਹਥਿਆਰਾਂ ਨੂੰ ਹੌਲੀ-ਹੌਲੀ ਖਤਮ ਕੀਤਾ ਜਾ ਰਿਹਾ ਹੈ।

ਇਸ ਸਮੇਂ ਦੁਨੀਆ ਦੇ ਕੋਲ ਮੌਜੂਦ 12,512 ਹਥਿਆਰਾਂ 'ਚ ਉਹ ਵੀ ਸ਼ਾਮਲ ਹਨ, ਜੋ ਨਕਾਰਾ ਹੋ ਚੁੱਕੇ ਹਨ। ਅੰਦਾਜ਼ਾ ਹੈ ਕਿ ਇੱਥੇ 3,844 ਅਜਿਹੇ ਹਥਿਆਰ ਹਨ ਜੋ ਮਿਜ਼ਾਈਲਾਂ ਅਤੇ ਹਵਾਈ ਜਹਾਜ਼ਾਂ ਦੇ ਨਾਲ ਤਾਇਨਾਤ ਹਨ। ਰਿਪੋਰਟ ਦੇ ਅਨੁਸਾਰ, ਸਿਪਰੀ ਦਾ ਮੰਨਣਾ ਹੈ ਕਿ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਪਰਮਾਣੂ ਸ਼ਕਤੀ ਚੀਨ ਨੇ ਜਨਵਰੀ 2022 ਵਿੱਚ ਆਪਣੇ ਹਥਿਆਰਾਂ ਦੀ ਗਿਣਤੀ 350 ਤੋਂ ਵਧਾ ਕੇ ਜਨਵਰੀ 2023 ਵਿੱਚ 410 ਕਰ ਦਿੱਤੀ ਸੀ। ਸਿਪਰੀ ਨੂੰ ਆਸ ਹੈ ਕਿ ਚੀਨ ਹਥਿਆਰਾਂ ਦੀ ਗਿਣਤੀ ਵਧਾਏਗਾ। ਪਰ ਅਮਰੀਕਾ ਅਤੇ ਰੂਸ ਦੇ ਹਥਿਆਰਾਂ ਦੀ ਗਿਣਤੀ ਸੀਮਤ ਹੋਵੇਗੀ।

# ਗੁਰੂ ਸਾਹਿਬਾਨ ਦਾ ਟਕਰਾਅ ਜ਼ਾਲਮਾਨਾ ਸਟੇਟ ਨਾਲ ਸੀ, ਇਸਲਾਮ ਨਾਲ ਨਹੀਂ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

*ਅਸਲ ਵਿੱਚ ਸਿੱਖ ਧਰਮ ਅਸਲ ਵਿੱਚ ਇੱਕ ਮਨੁੱਖੀ ਹਿਤੂ ਧਾਰਮਿਕ ਲਹਿਰ ਸੀ, ਜਿਸ ਦਾ ਬਾਅਦ ਵਿੱਚ ਸਿਆਸੀਕਰਨ ਅਤੇ ਫੌਜੀਕਰਨ ਹੋ ਗਿਆ। ਸਿੱਖ ਧਰਮ ਦਾ ਜਨਮ ਨੀਚ ਕਿਰਤੀ ਭਾਈਚਾਰਿਆਂ ਦੀ ਮੁਕਤੀ ਲਈ ਹੋਇਆ ਹੈ। ਇਹਨਾਂ ਦਬੇ ਕੁਚਲੇ ਲੋਕਾਂ ਵਿੱਚ ਰਾਜ ਕਰਨ ਦੀ ਇਛਾ ਸਿੱਖ ਗੁਰੂ ਸਾਹਿਬਾਨ ਨੇ ਜਗਾਈ ਸੀ। ਸਿੱਖ ਧਰਮ ਨੇ ਬਾਹਮਣਵਾਦੀ ਤੱਤਾਂ ਦੀ ਸਮਾਜਿਕ ਸਰਵਉੱਚਤਾ ਤੇ ਵਰਨ ਆਸ਼ਰਮ ਨੂੰ ਚੁਣੌਤੀ ਦਿੱਤੀ ਅਤੇ ਬਰਾਬਰੀ ਦੇ ਸਮਾਜ ਦੀ ਮੁਹਿੰਮ ਚਲਾਈ। ਉਸ ਨੇ ਸਮੇਂ ਦੇ ਸਾਰੇ ਧਰਮਾਂ ਦੀਆਂ ਚੰਗੀਆਂ ਸਿੱਖਿਆਵਾਂ ਨਾਲ ਆਪਣੇ ਆਪ ਨੂੰ ਨਿਖਾਰਿਆ ਅਤੇ ਸੌੜੀਆਂ ਹੱਦਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦਾ ਝੰਡਾ ਬੁਲੰਦ ਕੀਤਾ।*

*ਗੁਰੂ ਸਾਹਿਬਾਨਾਂ ਨੇ ਰੀਤੀ ਰਿਵਾਜਾਂ ਨਾਲੋਂ ਮਨੁੱਖੀ ਮੇਲ-ਜੋਲ ਸੰਗਤ ਨੂੰ ਜ਼ਿਆਦਾ ਮਹੱਤਵ ਦਿੱਤਾ ਅਤੇ ਦੋਹਾਂ ਧਰਮਾਂ ਦੇ ਪੁਜਾਰੀ ਵਰਗ ਦੁਆਰਾ ਥੋਪੇ ਗਏ ਸਖ਼ਤ ਨਿਯਮਾਂ ਅਤੇ ਕਰਮਕਾਂਡੀ ਨਿਯਮਾਂ ਦਾ ਵਿਰੋਧ ਕੀਤਾ। ਸਮਾਜ ਵਿੱਚ ਪ੍ਰਚਲਿਤ ਛੂਤ-ਛਾਤ ਅਤੇ ਊਚ-ਨੀਚ ਨੂੰ ਖਤਮ ਕਰਨ ਲਈ ਸਿੱਖ ਕੌਮ ਵੱਲੋਂ ਸ਼ੁਰੂ ਕੀਤੀ ਗਈ ਲੰਗਰ ਦੀ ਪਰੰਪਰਾ ਭਾਰਤ ਦੇ ਬਹੁ-ਧਰਮੀ ਸਮਾਜ ਨੂੰ ਸਿੱਖ ਧਰਮ ਦੀ ਮਹਾਨ ਦੇਣ ਹੈ। ਪਰ ਸੰਘ ਪਰਿਵਾਰ ਸਿਖ ਧਰਮ ਨੂੰ ਹਿੰਦੂ ਧਰਮ ਦੇ ਸੁਰਖਿਆ ਗਾਰਡ ਸਿਧ ਕਰਨ ਤੇ ਤੁਲਿਆ ਹੋਇਆ ਹੈ ,ਜਦ ਕਿ ਸਿੱਖ ਪੰਥ ਸਭ ਮਨੁੱਖਤਾ ਦਾ ਭਾਈਵਾਲ ਹੈ। ਉਹਨਾਂ ਦਾ ਵਿਰੋਧ ਕਿਸੇ ਧਰਮ ਨਾਲ ਨਹੀਂ। ਸਰਬਤ ਦਾ ਭਲਾ ਤੇ ਸਾਂਝੀਵਾਲਤਾ ਸਿੱਖ ਧਰਮ ਦਾ ਫਲਸਫਾ ਤੇ ਸਿਧਾਂਤ ਹੈ।*

ਅੱਜ ਕੱਲ੍ਹ ਕੁਝ ਹਿੰਦੂਤਵੀ ਇਹ ਦਾਅਵਾ ਕਰਦੇ ਹਨ ਕਿ ਸਿੱਖ ਧਰਮ ਹਿੰਦੂਆਂ ਨੂੰ 'ਬੇਰਹਿਮ' ਮੁਸਲਮਾਨਾਂ ਤੋਂ ਬਚਾਉਣ ਲਈ ਬਣਾਇਆ ਗਿਆ ਸੀ, ਇਹ ਹਿੰਦੂ ਧਰਮ ਦਾ ਇੱਕ ਹਿੱਸਾ ਹੈ। ਇਹ ਭਗਵਾਂ ਨੈਰੇਟਿਵ ਸਿਰਜਿਆ ਜਾ ਰਿਹਾ ਹੈ ਕਿ ਸਿੱਖ ਧਰਮ ਮੁੱਖ ਤੌਰ 'ਤੇ ਮੁਸਲਮਾਨ ਰਾਜਿਆਂ ਦੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਹੋਂਦ ਵਿੱਚ ਆਇਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੋ ਸਿੱਖ ਗੁਰੂਆਂ ਨੂੰ ਮੁਗਲ ਸ਼ਾਸਕਾਂ, ਖਾਸ ਕਰਕੇ ਜਹਾਂਗੀਰ ਤੇ ਔਰੰਗਜ਼ੇਬ ਦੇ ਹੱਥੋਂ ਸ਼ਹੀਦ ਹੋਣਾ ਪਿਆ। ਪਰ ਗੁਰੂ ਸਾਹਿਬਾਨ ਨੇ ਸਿੱਖ ਪੰਥ ਦੀ ਉਸਾਰੀ ਕਰਨ ਪਿਛੇ ਮਨੋਰਥ ਲੋਕਾਂ ਨੂੰ ਇਕ ਸਿੱਧਾ-ਸਾਦਾ, ਸੱਚਾ-ਸੁੱਚਾ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਵਾਲੀ ਨੇਕ ਜ਼ਿੰਦਗੀ ਬਿਤਾਉਣ ਦਾ ਮਾਰਗ-ਦਰਸ਼ਨ ਕਰਨਾ ਸੀ ਤੇ ਮਨੁੱਖੀ ਅਧਿਕਾਰਾਂ, ਧਰਮ ਤੇ ਗ਼ਰੀਬ ਦੀ ਰਖਿਆ, ਜ਼ੁਲਮ-ਤਸ਼ੱਦਦ ਤੇ ਅਨਿਆਂ ਵਿਰੁੱਧ ਲੜਨ ਲਈ ਪ੍ਰੇਰਣਾ ਸੀ। ਸਿੱਖ ਧਰਮ ਕਿਸੇ ਖਿਲਾਫ ਨਹੀਂ ਹੈ। ਉਹ ਜ਼ਾਲਮ ਸਟੇਟ ਖਿਲਾਫ ਹੈ। ਗੁਰੂ ਸਾਹਿਬਾਨ ਅਨੁਸਾਰ ਜ਼ਾਲਮ ਦਾ ਕੋਈ ਧਰਮ ਨਹੀਂ ਹੁੰਦਾ। ਉਹਨਾਂ ਅਨੁਸਾਰ ਨਿਰਕੁੰਸ਼ ਸਟੇਟ ਲੋਕਾਂ ਦੇ ਦੁੱਖਾਂ ਤੇ ਮੁਸੀਬਤਾਂ ਦਾ ਕਾਰਣ ਬਣਦੀ ਹੈ। ਸਤਿਗੁਰੂ ਨਾਨਕ ਸਾਹਿਬ ਨੇ ਉਸ ਵਕਤ ਦੇ ਜ਼ਾਲਮ ਤੇ ਭ੍ਰਿਸ਼ਟ, ਹਾਕਮਾਂ ਤੇ ਉਹਨਾਂ ਦੇ ਕਰਿੰਦਿਆਂ ਨੂੰ ਸ਼ਰੇਆਮ ਭੰਡਿਆ ਹੈ ਜੋ ਲੋਕਾਂ ਉਪਰ ਜ਼ੁਲਮ ਤੇ ਅਨਿਆਂ ਕਰਦੇ ਹਨ-

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥
ਨਕੀ ਵਢੀ ਲਾਇਤਬਾਰ ॥2 ॥ (ਪੰਨਾ 1288

ਗੁਰੂ ਨਾਨਕ ਸਾਹਿਬ ਅਨੁਸਾਰ ਹੰਕਾਰੀ ਤੇ ਜ਼ਾਲਮ ਰਾਜੇ ਸ਼ੇਰ ਹਨ ਤੇ ਉਹਨਾਂ ਦੇ ਪੜ੍ਹਾਏ ਹੋਏ ਅਹਿਲਕਾਰ ਉਨ੍ਹਾਂ ਦੇ ਪਾਲਤੂ ਕੁੱਤੇ ਹਨ। ਇਸ ਤਰ੍ਹਾਂ ਉਹ ਪਾਲਤੂ ਕੁੱਤੇ ਰੂਪ ਅਹਿਲਕਾਰ (ਆਪਣੇ ਆਕਾ ਦੀ ਖੁਸ਼ਨੂਦੀ ਹਾਸਲ ਕਰਨ ਤੇ ਆਪਣੇ ਸੁਆਰਥ ਲਈ) ਬੈਠੇ-ਸੁੱਤੇ ਲੋਕਾਂ ਨੂੰ ਵੀ ਵੇਲੇ-ਕੁਵੇਲੇ ਜਾ ਕੇ ਤੰਗ ਕਰਦੇ ਹਨ ਤੇ ਜ਼ੁਲਮ ਕਰਦੇ ਹਨ। ਖਵਾਰ ਕਰਦੇ ਹਨ ਗੁਰੂ ਨਾਨਕ ਸਾਹਿਬ ਦੇ ਸਮੇਂ ਪੰਜਾਬ ਦੇ ਦੋ ਹੀ ਧਰਮ ਸੀ ਇਕ ਮੁਸਲਮਾਨ ਤੇ ਦੂਸਰਾ ਹਿੰਦੂ । ਬੁੱਧ ਧਰਮ ਜਿਸ ਨੇ ਇਕ ਸਮੇ ਵਿੱਚ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ , ਲਗਪਗ ਅਲੋਪ ਹੋ ਚੁਕਾ ਸੀ। ਜਦੋਂ ਪੰਦਰਵੀ ਸਦੀ ਵਿੱਚ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ ਤਾਂ ਇਬ੍ਰਾਹਿਮ ਲੋਧੀ ਦਾ ਰਾਜ ਸੀ ਜੋ ਇਕ ਕਮਜ਼ੋਰ ਤੇ ਐਸ਼ਪ੍ਰਸਤ ਬਾਦਸ਼ਾਹ ਸੀ। ਨਵਾਬ, ਰਾਜੇ, ਮਹਾਰਾਜੇ ਤੇ ਉਨ੍ਹਾ ਦੇ ਅਹਿਲਕਾਰ ਆਪਣੀ ਐਸ਼ਪ੍ਰਸਤੀ ਲਈ ਪਰਜਾ ਤੇ ਮਨ ਚਾਹੇ ਜ਼ੁਲਮ ਕਰਦੇ, ਜਿਸ ਤੋਂ ਤੰਗ ਆਕੇ ਉਸ ਦੇ ਦਰਬਾਰੀਆਂ ਨੇ ਰਾਣਾ ਸਾਂਗਾ, ਦੀ ਸਰਪਰਸਤੀ ਹੇਠ ਬਾਬਰ ਨੂੰ ਸਦਾ ਦਿਤਾ। ਬਾਬਰ 1526 ਵਿਚ ਲੋਧੀਆਂ ਨੂੰ ਹਰਾਉਣ ਵਿਚ ਤਾਂ ਕਾਮਯਾਬ ਹੋ ਗਿਆ, ਪਰ ਜ਼ੁਲਮਾਂ ਦਾ ਦੌਰ ਉਸੇ ਤਰ੍ਹਾਂ ਜਾਰੀ ਰਿਹਾ। 1521 ਵਿਚ ਐਮਨਾਬਾਦ ਵਿੱਚ ਸਤਿਗੁਰੂ ਬਾਬੇ ਨਾਨਕ ਨੇ ਬਾਬਰ ਦੇ ਜ਼ੁਲਮ ਤੇ ਤਾਨਸ਼ਾਹੀ ਦੇ ਖਿਲਾਫ਼ ਬੇਖੌਫ਼ ਤੇ ਬੇਧੜਕ ਹੋਕੇ ਅਵਾਜ਼ ਉਠਾਈ । ਬਾਬਰ ਨੂੰ ਜਾਬਰ ਕਿਹਾ। ਗੁਰੂ ਨਾਨਕ ਸਾਹਿਬ ਨੇ ਜਦ ਬਾਬਰ ਦੀ ਫੌਜ਼ ਲੁਟ ਖਸੁਟ ਕਰਕੇ ਦਹਿਸ਼ਤ ਫੈਲਾਣ ਲਈ ਬੇਕਸੂਰ ਲੋਕਾਂ ਦਾ ਕਤਲੇਆਮ ਕਰ ਰਹੀ ਸੀ ਤਾਂ ਬੇਖੌਫ਼ ਤੇ ਬੇਝਿਜ ?ਕ ਹੋਕੇ ਬਾਬਰ ਨੂੰ ਵੰਗਾਰ ਕੇ ਆਖਿਆ :-

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ

ਬਾਬਰ ਦੇ ਰਾਜ ਸਮੇਂ ਇਸਲਾਮ ਨੂੰ ਨਾ ਮੰਨਣ ਵਾਲੇ ਦੋਜ਼ਖ ਦੇ ਅਧਿਕਾਰੀ ਮੰਨੇ ਜਾਂਦੇ ਸਨ। ਮੁਗਲ ਖਾਲੀ ਬੁਤ ਪ੍ਰਸਤੀ ਦੇ ਵਿਰੁੱਧ ਸਨ ਅਤੇ ਬੁੱਤਾਂ ਤੇ ਮੰਦਰਾਂ ਨੂੰ ਤੋੜਨਾ ਆਪਣਾ ਧਾਰਮਿਕ ਫਰਜ਼ ਸਮਝਦੇ ਸਨ। ਬਾਬਰ ਨੇ ਰਾਜਸੀ ਤਾਕਤ ਸਦਕਾ ਇਸਲਾਮ ਨੂੰ ਠੋਸਣ ਲਈ ਉਸਨੇ ਤਲਵਾਰ ਦੀ ਰਜ ਕੇ ਵਰਤੋਂ ਕੀਤੀ। ਜੋ ਇਸਲਾਮ ਕਬੂਲ ਕਰ ਲੈਂਦਾ ਸੀ , ਉਹ ਰਾਜ ਵਿੱਚ ਸਮਾਨਤਾ ਦਾ ਦਰਜਾ ਰਖਦਾ ਸੀ , ਜਿਸ ਦੇ ਕਾਰਨ ਪੂਰੇ ਭਾਰਤ ਦੇ ਹਿੰਦੂ ਸਮਾਜ ਵਿੱਚ ਖਲਬਲੀ ਮਚ ਗਈ। ਵੱਡੇ ਪੱਧਰ ਉਪਰ ਬਾਹਮਣਵਾਦ ਵੱਲੋਂ ਦੁਰਕਾਰੇ ਅਛੂਤ ਮੁਸਲਮਾਨ ਬਣ ਗਏ , ਜਿਹਨਾਂ ਨੂੰ ਉਚ ਪੱਦਵੀਆਂ ਦਿਤੀਆਂ ਗਈਆਂ ਤੇ ਓਹ ਹਿੰਦੂਆਂ ਨੂੰ ਹੀ ਕਾਫਰ ਕਹਿਣ ਲਗ ਪਏ। ਬਾਬਰ ਤੋਂ ਬਾਅਦ ਗੁਰੂ ਸਾਹਿਬਾਨਾਂ ਤੇ ਹਕੂਮਤ ਦੀ ਟਕਰ ਦਾ ਲੰਬਾ ਦੌਰ ਸ਼ੁਰੂ ਹੋ ਗਿਆ ।





ਗੁਰੂ ਅੰਗਦ ਦੇਵ ਜੀ ਦਾ ਸਿਰਫ ਇਕ ਵਾਰੀ ਮੁਗਲ ਬਾਦਸ਼ਾਹ ਨਾਲ ਮੇਲ ਹੋਇਆ ਸੀ ਜਦ ਮੁਗਲ ਬਾਦਸ਼ਾਹ ਹਮਾਯੂੰ , ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾਕੇ , ਪੰਜਾਬ ਵਲ ਨੂੰ ਤੁਰ ਪਿਆ । ਬਿਆਸ ਦਰਿਆ ਦੇ ਨੇੜੇ ਪਹੁੰਚ ਕੇ ਪਤਾ ਚਲਿਆ ਕਿ ਸ਼ਾਹੀ ਸੜਕ ਦੇ ਨੇੜੇ ਖਡੂਰ ਸਾਹਿਬ ਹੈ , ਜਿਥੇ ਗੁਰੂ ਨਾਨਕ ਸਾਹਿਬ ,ਅੱਲਾਹ ਦਰਵੇਸ਼ ਦਾ ਗਦੀ ਨਸ਼ੀਨ ਹੈ। ਬਾਬਰ ਦੇ ਵਕਤ ਤੋਂ ਗੁਰੂ -ਘਰ ਨਾਲ ਅਕੀਦਤ ਤਾਂ ਸੀ ਹੀ , ਸੋ ਆਸ਼ੀਰਵਾਦ ਦੇ ਖ਼ਿਆਲ ਨਾਲ ਹਮਾਯੂੰ ਵੀ ਖਡੂਰ ਸਾਹਿਬ ਪਹੁੰਚ ਗਿਆ। ਗੁਰੂ ਸਾਹਿਬ ਨਾਮ ਸਿਮਰਨ ਵਿੱਚ ਮਗਨ ਸੀ। ਹਮਾਯੂੰ ਕੁਝ ਦੇਰ ਖੜਾ ਰਿਹਾ। ਮਨ ਵਿੱਚ ਗੁਸਾ ਆਇਆ ਕੀ ਬਾਦਸ਼ਾਹ ਦੀ ਇਤਨੀ ਹੇਠੀ , ਤਲਵਾਰ ਦੇ ਮੁਠੇ 'ਤੇ ਹਥ ਪਾਇਆ , ਏਨੇ ਨੂੰ ਗੁਰੂ ਸਾਹਿਬ ਦੀ ਨਜ਼ਰ ਬਾਦਸ਼ਾਹ 'ਤੇ ਪਈ ਬੋਲੇ , ਇਸ ਨੂੰ ਅੰਦਰ ਹੀ ਰਹਿਣ ਦੇ, ਅਜੇ ਇਹ ਥਕ ਕੇ ਆਈ ਹੈ , ਜਿਥੇ ਇਸਦਾ ਉਠਣ ਦਾ ਵੇਲਾ ਸੀ ਉਥੇ ਉਠੀ ਨਹੀ । ਫਕੀਰਾਂ 'ਤੇ ਉਠਣਾ ਤਲਵਾਰ ਦਾ ਧਰਮ ਨਹੀਂ ।

ਹਮਾਯੂੰ ਬਹੁਤ ਸ਼ਰਮਿੰਦਾ ਹੋਇਆ , ਝੁਕਕੇ ਸਲਾਮ ਕੀਤੀ ਤੇ ਕਿਹਾ ਕਿ ਮੈ ਆਪਜੀ ਦੀ ਸ਼ਰਨ ਵਿੱਚ ਆਇਆਂ ਹਾਂ ਮੈਨੂੰ ਮਾਫ਼ ਕਰ ਦਿਓ। ਗੁਰੂ ਨਾਨਕ ਦਾ ਘਰ ਸਦਾ ਬਖਸ਼ੰਦ ਹੈ । ਆਸ਼ੀਰਵਾਦ ਦਿਉ , ਮੈ ਮੁੜਕੇ ਆਪਣਾ ਰਾਜ ਭਾਗ ਵਾਪਸ ਲੈ ਸਕਾਂ। ਗੁਰੂ ਜੀ ਨੇ ਕਿਹਾ ਕਿ ਜਦੋਂ ਵੇਲਾ ਆਇਆ ਤਾਂ ਤੈਨੂੰ ਤਖਤ , ਰਾਜ ਭਾਗ ਜਰੂਰ ਵਾਪਸ ਮਿਲੇਗਾ ਪਰ ਲੋਕਾਂ ਨਾਲ ਨਿਆਂ ਕਰਨਾ ਨਾ ਭੁਲੀਂ। ਗੁਰੂ ਸਾਹਿਬ ਦਾ ਇਹ ਬਚਨ ਪੂਰਾ ਹੋਇਆ ਤੇ ਫਿਰ ਕੁਝ ਸਾਲਾਂ ਮਗਰੋਂ ਓਹ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ।

ਵਧਦੀ ਫੂਲਦੀ ਸਿਖੀ, ਸਮਾਜਿਕ ਸੁਧਾਰ ਤੇ ਸਾਂਝੇ ਲੰਗਰ ਦੀ ਪਰੰਪਰਾਵਾਂ ਹਿੰਦੂ ਪੁਜਾਰੀਆਂ , ਕਾਜ਼ੀ, ਮੁਲਾਣੇ ਤੇ ਮੌਲਵੀਆਂ ਨੂੰ ਅਖਰ ਰਹੀਆਂ ਸੀ , ਉਹ ਬਹੁਤ ਔਖੇ ਹੋਏ , ਅਕਬਰ ਨੂੰ ਕਈ ਝੂਠੀਆਂ ਸ਼ਿਕਾਇਤਾਂ ਵੀ ਕੀਤੀਆਂ, ਜਿਸ ਦੀ ਚਰਚਾ ਲਈ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮ ਦਾਸ ਜੀ) ਨੂੰ ਲਾਹੌਰ ਭੇਜਿਆ ਗਿਆ। ਅਕਬਰ ਉਨ੍ਹਾਂ ਤੋਂ ਇਸ ਕਦਰ ਪ੍ਰਭਾਵਿਤ ਹੋਇਆ ਕਿ ਉਹ ਖੁਦ ਬੜੀ ਨਿਮਰਤਾ ਸਹਿਤ ਗੁਰੂ ਸਹਿਬ ਨੂੰ ਮਿਲਣ ਵਾਸਤੇ ਗੋਇੰਦਵਾਲ ਆਇਆ ਤੇ ਗੁਰੂ ਦਰਬਾਰ ਵਿੱਚ ਆਣ ਤੇ ਪਹਿਲੋਂ ਬੜੇ ਪਿਆਰ ਤੇ ਸ਼ਰਧਾ ਨਾਲ ਪੰਗਤ ਵਿੱਚ ਬੈਠਕੇ ਲੰਗਰ ਛਕਿਆ । ਓਹ ਇਤਨਾ ਖੁਸ਼ ਹੋਇਆ ਕਿ ਚੌਖੀ ਮਾਇਆ ਤੇ ਜਗੀਰਾਂ ਭੇਂਟ ਕਰਨ ਲਈ ਬੇਨਤੀ ਕੀਤੀ, ਪਰ ਜਦ ਗੁਰੂ ਸਾਹਿਬ ਨੇ ਉਸਨੂੰ ਸਮਝਾਇਆ , ਮੈਂ ਨਹੀਂ ਚਾਹੁੰਦਾ ਕੀ ਲੰਗਰ ਕਿਸੇ ਰਾਜੇ ਦੇ ਸਹਾਰੇ ਚਲੇ , ਇਹ ਸੰਗਤ ਦਾ ਹੈ ਤੇ ਸੰਗਤ ਹੀ ਇਸ ਨੂੰ ਚਲਾਏਗੀ। ਅਖੀਰ ਉਸਨੇ ਮਾਤਾ ਭਾਨੀ ਨੂੰ ਆਪਣੀ ਬਚੀ ਕਹਿਕੇ 22 ਪਿੰਡਾਂ (ਝਬਾਲ) ਦਾ ਇਲਾਕਾ ਉਸਦੇ ਨਾਂਅ ਲਗਾ ਦਿਤਾ । ਅਕਾਲ ਤੋਂ ਪੀੜਤ ਕਿਸਾਨਾਂ ਨੂੰ ਗੁਰੂ ਜੀ ਦੀਆਂ ਹਦਾਇਤਾਂ ਕਾਰਣ ਲਗਾਨ ਤੋਂ ਛੂਟ ਦੇ ਦਿਤੀ ।



ਕੁਝ ਬ੍ਰਾਹਮਣਾਂ ਤੇ ਖਤਰੀਆਂ ਨੇ ਅਕਬਰ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਅਮਰ ਦਾਸ ਨੇ ਚਾਰ ਜਾਤਾਂ ਜੋ ਸਦੀਆਂ ਤੋ ਕਾਇਮ ਸਨ , ਖਤਮ ਕਰ ਦਿਤੀਆਂ ਹਨ। ਪੂਜਾ , ਗਾਇਤ੍ਰੀ ਮੰਤਰ , ਪਿਤਰ ਪੂਜਾ , ਮੂਰਤੀ ਪੂਜਾ , ਤੀਰਥ ਯਾਤਰਾਵਾਂ ਲੋਕਾਂ ਵਿੱਚ ਪ੍ਰਚਾਰ ਕਰਕੇ ਸਭ ਬੰਦ ਕਰਾ ਦਿਤੀਆਂ ਹਨ। ਕੋਈ ਹੁਣ ਵੇਦਾਂ ਸਿਮਰਤੀਆ ਨੂੰ ਮੰਨਣ ਲਈ ਤਿਆਰ ਨਹੀਂ , ਦੇਵੀ -ਦੇਵਤਿਆਂ ਦੀ ਪੂਜਾ ਬੰਦ ਹੋ ਗਈ ਹੈ । ਇਕ ਲੰਗਰ ਦੀ ਪ੍ਰਥਾ ਸ਼ੁਰੂ ਹੈ ਜਿਥੇ ਸਭ ਜਾਤੀ ਦੇ ਲੋਕ ਮਿਲਕੇ ਛਕਦੇ ਹਨ , ਜਿਸ ਨਾਲ ਸਾਡਾ ਧਰਮ ਨਸ਼ਟ ਭ੍ਰਿਸ਼ਟ ਹੋ ਰਿਹਾ ਹੈ । ਅਕਬਰ ਹਾਲਤ ਦੇਖਣ ਵਾਸਤੇ, ਖੁਦ ਗੋਇੰਦਵਾਲ ਸਾਹਿਬ ਆਇਆ। ਰਾਮਦਾਸ ਜੀ ਨੇ ਅਕਬਰ ਦੀਆਂ ਸਾਰੀਆ ਸ਼ਿਕਾਇਤਾਂ ਦਾ ਜਵਾਬ ਇਤਨੇ ਸੁਚਜੇ ਢੰਗ ਨਾਲ ਦਿਤਾ ਕਿ ਅਕਬਰ ਕਾਇਲ ਹੋ ਗਿਆ। ਸ਼ਿਕਾਇਤ ਨਾਮਾ ਖਾਰਜ ਕਰ ਦਿਤਾ। ਬੜੀ ਸ਼ਰਧਾ ਤੇ ਪਿਆਰ ਨਾਲ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ । ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦਾ ਮੁਗਲ ਹਕੂਮਤ ਨਾਲ ਟਕਰਾਅ ਨਹੀਂ ਰਿਹਾ , ਕਿਉਂਕਿ ਬਾਦਸ਼ਾਹ ਅਕਬਰ ਨਿਰਪੱਖ ਤੇ ਨਿਆਂਕਾਰੀ ਰਾਜਾ ਸੀ।

1588 ਅਕਤੂਬਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ-ਮੀਰ ਜੋ ਇਕ ਮੁਸਲਿਮ ਸੂਫੀ ਫਕੀਰ ਸੀ ਤੇ ਗੁਰੂ ਸਾਹਿਬ ਦਾ ਮਿੱਤਰ ਸੀ, ਤੋਂ ਰਖਵਾਈ। ਇਹ ਇਸ ਗਲ ਦਾ ਸਬੂਤ ਹੈ ਕਿ ਗੁਰੂ ਸਾਹਿਬਾਨ ਇਸਲਾਮ ਦਾ ਸਤਿਕਾਰ ਕਰਦੇ ਸਨ। (**ਬਾਕੀ ਸਫ਼ਾ 30 'ਤੇ**)





# ਕਿਸ ਨੂੰ ਡਰਾ ਰਿਹੈ 2024 ?

# ਫਿੱਕੀ ਪੈ ਰਹੀ ਏ ਮੋਦੀ ਦੀ ਚਮਕ





ਪੁਣਯ ਪ੍ਰਸੂਨ ਵਾਜਪਾਈ

ਅਗਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਭਰ ਰਹੀ ਸਿਆਸੀ ਸਥਿਤੀ ਸੱਤਾ ਅਤੇ ਵਿਰੋਧੀ ਧਿਰ ਦੋਵਾਂ ਲਈ ਖ਼ਤਰੇ ਦੀ ਘੰਟੀ ਹੋ ਸਕਦੀ ਹੈ। ਠੀਕ ਇੱਕ ਸਾਲ ਬਾਅਦ 18ਵੀਂ ਲੋਕ ਸਭਾ ਚੋਣਾਂ ਦੇ ਨਤੀਜੇ ਆਉਣਗੇ। ਇਹ ਸਾਲ ਭਰ ਦਾ ਸਫ਼ਰ ਪਿਛਲੇ ਨੌਂ ਸਾਲਾਂ ਨਾਲੋਂ ਬਹੁਤ ਵੱਖਰਾ ਅਤੇ ਔਖਾ ਹੋਣ ਵਾਲਾ ਹੈ। ਸਹੀ ਅਰਥਾਂ ਵਿੱਚ ਘੜੀ ਦੀ ਟਿਕ ਟਿਕ, ਹਰ ਘੰਟੇ, ਹਰ ਦਿਨ, ਹਰ ਮਹੀਨੇ , ਰਾਜਨੀਤੀ ਦੇ ਅਜਿਹੇ ਰੰਗ ਬਿਖਰਨ ਲਈ ਤਿਆਰ ਹਨ, ਜੋ 1977 ਅਤੇ 1989 ਦੀ ਸਿਆਸੀ ਜੰਗ ਨੂੰ ਪਿੱਛੇ ਛੱਡ ਜਾਣਗੇ। ਇਹ ਚੋਣਾਂ ਨਾ ਤਾਂ ਐਮਰਜੈਂਸੀ ਤੋਂ ਬਾਅਦ ਦੇ ਹਾਲਾਤ ਵਾਲੀਆਂ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਨਾ ਹੀ ਬੋਫੋਰਸ ਵਰਗੇ ਕਿਸੇ ਘੁਟਾਲੇ ਦੀ ਰਾਜਨੀਤੀ ਵਾਲੀਆਂ ਚੋਣਾਂ ਹੋਣਗੀਆਂ।

ਇਹ ਤਾਂ ਖੁਦ ਨੂੰ ਸਭ ਤੋਂ ਸਫਲ ਦੱਸਣ ਦੀ ਚਕਾਚੌਂਧ ਅਤੇ ਸਭ ਤੋਂ ਅਸਫਲ ਸਤਾ ਦੇ ਰਾਹੀਂ ਸੰਵਿਧਾਨਕ ਤਾਣੇ-ਬਾਣੇ ਨੂੰ ਤੋੜਨ ਦੇ ਦੋਸ਼ਾਂ ਵਿਚਾਲੇ ਇਹ ਚੋਣ ਹੋਵੇਗੀ। ਇਸ ਵਿੱਚ ਲੋਕਾਂ ਦੀ ਭੂਮਿਕਾ ਲੰਮੇ ਸਮੇਂ ਬਾਅਦ ਸਿਆਸੀ ਪਾਰਟੀਆਂ ਨਾਲੋਂ ਵੱਡੀ ਹੋ ਗਈ ਹੈ। ਸਿਆਸੀ ਪਾਰਟੀਆਂ ਆਪਣੀ ਜਿੱਤ ਜਾਂ ਹਾਰ ਲੋਕਾਂ ਦੇ ਫੈਸਲੇ ਵਿੱਚ ਦੇਖਣ ਲਈ ਮਜਬੂਰ ਹਨ।

ਕਰਨਾਟਕ ਨੇ ਜੋ ਲਕੀਰ ਖਿੱਚੀ , ਉਹ ਕਾਂਗਰਸ ਨੂੰ ਸੱਤਾ ਤਕ ਲਿਆਉਣ ਲਈ ਨਹੀਂ ਹੈ। ਸਭ ਤੋਂ ਤਾਕਤਵਰ ਅਤੇ ਹਰਮਨ-ਪਿਆਰੇ ਹੋਣ ਦਾ ਖਿਤਾਬ ਰੱਖਣ ਵਾਲੇ ਭਾਜਪਾ ਦੇ ਸਰਪ੍ਰਸਤ ਨਰਿੰਦਰ ਮੋਦੀ ਦੀ ਇਹ ਪਹਿਲੀ ਅਜਿਹੀ ਹਾਰ ਹੈ, ਜਿਸ ਨੇ ਇਕ ਝਟਕੇ ਵਿੱਚ ਮੋਦੀ ਤੇ ਭਾਜਪਾ ਦੀ ਜੇਤੂ ਰਹਿਣ ਦੇ ਖੁਆਬ ਨੂੰ ਤਬਾਹ ਕਰ ਦਿੱਤਾ। ਮੋਦੀ ਕਾਰਨ ਭਾਜਪਾ ਇਹ ਮੰਨ ਕੇ ਬੈਠੀ ਸੀ ਕਿ ਉਸ ਦੀ ਜਿੱਤ ਦਾ ਸੂਰਜ ਕਦੇ ਨਹੀਂ ਡੁੱਬੇਗਾ । ਅਸਲ ਵਿੱਚ ਘੜੀ ਦੀ ਟਿੱਕ ਟਿੱਕ ਵੀ ਇੱਕ ਸੁਨੇਹਾ ਦੇ ਰਹੀ ਹੈ, ਸਮਾਂ ਇੱਕ ਸਾਲ ਦਾ ਨਹੀਂ ਹੈ। ਮਹਿਜ਼ 150 ਦਿਨਾਂ ਬਾਅਦ ਚਾਰ ਵੱਡੇ ਰਾਜਾਂ ਵਿੱਚ ਚੋਣ ਦੀ ਟਲੀ ਖੜਕ ਜਾਵੇਗੀ,ਜਿਸ ਦੌਰਾਨ ਸੱਤਾ ਵਿਚ ਸਭ ਕੁਝ ਦਾਅ 'ਤੇ ਲੱਗੇਗਾ - ਭਾਵੇਂ ਉਹ ਰਾਸ਼ਟਰਵਾਦ ਹੋਵੇ ਜਾਂ ਰਾਸ਼ਟਰੀ ਸੁਰੱਖਿਆ, ਹਿੰਦੂਤਵ ਦੀ ਗੂੰਜ ਜਾਂ ਜਾਤੀ ਸਮੀਕਰਨਾਂ ਦੀ ਖੇਡ ਭਾਵ ਮੰਡਲ-ਕਮੰਡਲ ਦੇ ਨਾਲੋਂ ਨਾਲ ਸਿਆਸੀ ਪ੍ਰਯੋਗ। ਇਸ ਦੇ ਸਮਾਨਾਂਤਰ ਵਿਰੋਧੀ ਧਿਰ ਦੀ ਸਾਰੀ ਸਿਆਸੀ ਖੇਡ ਉਹਨਾਂ ਮੁੱਦਿਆਂ 'ਤੇ ਟਿਕੀ ਹੋਈ ਹੈ, ਜਿਨ੍ਹਾਂ ਨੂੰ ਸਰਕਾਰ ਨੇ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ। ਵਿਰੋਧੀ ਧਿਰਾਂ ਨੇ ਇਨ੍ਹਾਂ ਦੋਸ਼ਾਂ ਨੂੰ ਆਪਣਾ ਸਿਆਸੀ ਹਥਿਆਰ ਬਣਾ ਲਿਆ ਹੈ। ਇਸ ਦੀ ਸੂਚੀ ਬਹੁਤ ਲੰਬੀ ਹੈ। ਉਦਾਹਰਣ ਵਜੋਂ ਈਡੀ ਅਤੇ ਸੀਬੀਆਈ ਦੀ ਸਿਆਸੀ ਦੁਰਵਰਤੋਂ ਦੇ ਦੋਸ਼। ਦੂਜੇ ਪਾਸੇ ਮੋਦੀ ਦੀਆਂ ਨੀਤੀਆਂ ਕਾਰਣ ਜਨਤਾ ਮਹਿੰਗਾਈ ,ਬੇਰੁਜ਼ਗਾਰੀ ਦੀ ਮਾਰ ਝੱਲ ਰਹੀ ਹੈ, ਕਾਰਪੋਰੇਟਾਂ ਦੀ ਲੁੱਟ-ਖਸੁੱਟ ਦੇਖ ਰਹੀ ਹੈ ਅਤੇ ਦੇਸ਼ ਦੇ ਸੰਵੇਦਨਸ਼ੀਲ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਚੁੱਪੀ ਵੀ ਦੇਖ ਰਹੀ ਹੈ।

ਇਹ ਪਹਿਲੀ ਵਾਰ 2024 ਦੀ ਸਿਆਸਤ ਦੇ ਕੇਂਦਰ ਵਿੱਚ ਵਿਰੋਧੀ ਪਾਰਟੀ ਕੋਲ ਸਤਾ ਧਿਰ ਭਾਜਪਾ ਵਾਂਗ ਮੋਦੀ ਜਿਹਾ ਕੋਈ ਚਿਹਰਾ ਨਹੀਂ ਹੈ। ਵਿਰੋਧੀ ਧਿਰ ਕਮਜ਼ੋਰ ਅਤੇ ਵੰਡੀ ਹੋਈ ਹੈ। ਖਾਸ ਗੱਲ ਇਹ ਹੈ ਕਿ



ਨਰਿੰਦਰ ਮੋਦੀ ਸਭ ਦੇ ਕੇਂਦਰ ਵਿਚ ਹਨ। ਇਸ ਲਈ ਚੋਣਾਂ ਵੀ ਮੋਦੀ ਨੂੰ ਲੈਕੇ ਹਨ, ਭਾਵੇਂ ਉਹ ਵਿਧਾਨ ਸਭਾ ਦੀਆਂ ਹੋਣ ਜਾਂ ਲੋਕ ਸਭਾ ਦੀਆਂ। ਇਹ ਪੰਜ ਕਦਮਾਂ ਦੀ ਯਾਤਰਾ ਹੈ।

ਪਹਿਲਾ ਕਦਮ ਕਾਂਗਰਸ 'ਤੇ ਟਿਕਿਆ ਹੋਇਆ ਹੈ, ਜਿਸ ਵਿੱਚ ਉਸ ਨੂੰ ਜਿਨ੍ਹਾਂ ਤਿੰਨ ਰਾਜਾਂ ਵਿੱਚ 2018 ਦੌਰਾਨ ਜਿੱਤ ਮਿਲੀ ਸੀ, ਹੁਣ ਉਸ ਨੂੰ ਬਰਕਰਾਰ ਰੱਖਣਾ ਹੈ। ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼ ਦੀਆਂ ਚੋਣਾਂ 2024 ਲਈ ਕਾਂਗਰਸ ਨੂੰ ਕਿੰਨੀ ਤਾਕਤ ਦੇ ਸਕਣਗੀਆਂ, ਇਹ ਸਭ ਤੋਂ ਵੱਡਾ ਸਵਾਲ ਹੈ। ਪਿਛਲੀ ਵਾਰ ਮੱਧ ਪ੍ਰਦੇਸ਼ ਕਾਂਗਰਸ ਜ਼ਰੂਰ ਜਿੱਤੀ ਸੀ ਪਰ ਭਾਜਪਾ ਨੇ ਉਸ ਨੂੰ ਖਰੀਦ ਲਿਆ ਸੀ।ਰਾਜਸਥਾਨ ਜਿੱਤ ਕੇ ਵੀ ਗਹਿਲੋਤ ਅਤੇ ਪਾਇਲਟ ਵਿਚਾਲੇ ਵੰਡਿਆ ਹੋਇਆ ਹੈ। ਸਿਰਫ਼ ਛੱਤੀਸਗੜ੍ਹ ਵਿੱਚ ਮੁੱਖ ਮੰਤਰੀ ਭੁਪੇਸ਼ ਬਘੇਲ ਰਾਹੀਂ ਕਾਂਗਰਸ ਦੀ ਮੌਜੂਦਗੀ ਵੱਡੀ ਗਲ ਨਹੀਂ ਹੈ। ਜੇਕਰ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਪੰਜ ਮਹੀਨਿਆਂ ਬਾਅਦ ਹੋਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਦਾ ਦਬਦਬਾ ਰਿਹਾ ਤਾਂ 2024 ਵਿਚ ਸਿਆਸੀ ਭੇੜ ਨਰਿੰਦਰ ਮੋਦੀ ਬਨਾਮ ਰਾਹੁਲ ਗਾਂਧੀ ਵਿਚਾਲੇ ਹੋਵੇਗੀ। ਖਿੰਡੀਆਂ ਹੋਈਆਂ ਵਿਰੋਧੀ ਧਿਰਾਂ ਕਾਂਗਰਸ ਵਿਚ ਸਿਮਟ ਜਾਣਗੀਆਂ। ਰਾਹੁਲ ਗਾਂਧੀ ਅਗਵਾਈ ਕਰਦੇ ਨਜ਼ਰ ਆਉਣਗੇ।

ਦੂਜਾ ਕਦਮ ਮੋਦੀ ਸਰਕਾਰ ਦੇ ਫੈਸਲਿਆਂ ਨਾਲ ਸਬੰਧਿਤ ਹੈ ਜੋ ਵਿਰੋਧੀ ਧਿਰ ਨੂੰ ਇਕ ਜੁੱਟ ਨਹੀਂ ਹੋਣ ਦੇਵੇਗੀ। ਇਸ ਵਿੱਚ ਸਭ ਤੋਂ ਵੱਡੀ ਭੂਮਿਕਾ ਈਡੀ ਅਤੇ ਸੀਬੀਆਈ ਦੀ ਹੋਵੇਗੀ। ਵਿਰੋਧੀ ਧਿਰ ਦਾ ਕੋਈ ਵੀ ਅਜਿਹਾ ਮਜ਼ਬੂਤ ਆਗੂ ਨਹੀਂ ਬਚਿਆ ਜਿਸ ਦਾ ਨਾਂ ਈਡੀ ਜਾਂ ਸੀਬੀਆਈ ਦੀ ਫਾਈਲ ਵਿੱਚ ਦਰਜ ਨਾ ਹੋਵੇ। ਸ਼ਰਦ ਪਵਾਰ, ਮਮਤਾ ਬੈਨਰਜੀ, ਹੇਮੰਤ ਸੋਰੇਨ, ਤੇਜਸਵੀ ਯਾਦਵ ਦੇ ਨਾਂ ਸਿੱਧੇ ਦਰਜ ਹਨ। ਕੇਜਰੀਵਾਲ ਅਤੇ ਭੁਪੇਸ਼ ਬਘੇਲ ਨੂੰ ਸ਼ਰਾਬ ਘੁਟਾਲੇ ਵਿੱਚ ਪੁੱਛ-ਗਿੱਛ ਤੋਂ ਬਾਅਦ ਕਿਸੇ ਵੀ ਸਮੇਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਬਚੇ ਤਾਂ ਰਾਹੁਲ ਗਾਂਧੀ ਵੀ ਨਹੀਂ ।ਅਖਿਲੇਸ਼ ਹੋਵੇ ਜਾਂ ਮਾਇਆਵਤੀ, ਊਧਵ ਠਾਕਰੇ ਜਾਂ ਆਦਿਤਿਆ ਠਾਕਰੇ, ਜਾਂਚ ਏਜੰਸੀਆਂ ਉਹਨਾਂ ਨੂੰ ਵੀ ਫਸਾ ਸਕਦੀਆਂ ਹਨ। ਯਾਨੀ ਕਿ 2024 ਤੋਂ ਪਹਿਲਾਂ ਵਿਰੋਧੀ ਧਿਰ ਦੀ ਏਕਤਾ ਨੂੰ ਖੰਡਿਤ ਕਰਕੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਤਾਕਤ ਮੋਦੀ ਕੋਲ ਹੈ।

ਵਿਰੋਧੀ ਧਿਰ ਦੇ ਨਜ਼ਰੀਏ ਤੋਂ ਤੀਜਾ ਕਦਮ ਸਭ ਤੋਂ ਮਹੱਤਵਪੂਰਨ ਹੈ। ਇਕ ਜੁੱਟ ਵਿਰੋਧੀ ਧਿਰ ਜਾਂ ਕਹੋ 2024 ਦੇ ਸਬੰਧ ਵਿੱਚ ਵਨ ਟੂ ਵਨ ਦੇ ਚੋਣਾਵੀ ਸਮੀਕਰਨ ।ਯਾਨੀ ਵਿਰੋਧੀ ਧਿਰ ਨੂੰ ਇਸ ਤਰ੍ਹਾਂ ਇਕ ਜੁੱਟ ਹੋਣਾ ਚਾਹੀਦਾ ਹੈ ਤਾਂ ਕਿ ਲੋਕ ਸਭਾ ਦੀਆਂ ਸਾਰੀਆਂ ਸੀਟਾਂ 'ਤੇ ਭਾਜਪਾ ਦੇ ਸਾਹਮਣੇ ਵਿਰੋਧੀ ਧਿਰ ਵਲੋਂ ਇਕੋ ਇਕ ਉਮੀਦਵਾਰ ਖੜ੍ਹਾ ਹੋਵੇ। ਪਰ ਜਾਪਦਾ ਨਹੀਂ ਕਿ ਸਿਆਸੀ ਪਾਰਟੀਆਂ ਅਜਿਹੀ ਪਹਿਲਕਦਮੀ ਕਰ ਸਕਣ। ਕਰਨਾਟਕ ਦੇ ਸਹੁੰ ਚੁੱਕ ਸਮਾਗਮ ਦਾ ਤੇਲੰਗਾਨਾ, ਕੇਰਲ, ਪੰਜਾਬ, ਦਿੱਲੀ, ਉੜੀਸਾ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੂੰ ਸੱਦਾ ਪੱਤਰ ਤਕ ਨਹੀਂ ਭੇਜਿਆ ਗਿਆ, ਜਦਕਿ ਉਥੇ ਗੈਰ-ਭਾਜਪਾ ਸਰਕਾਰਾਂ ਹਨ । ਇਨ੍ਹਾਂ ਪੰਜ ਰਾਜਾਂ ਵਿੱਚ 103 ਲੋਕ ਸਭਾ ਸੀਟਾਂ ਹਨ, ਜਿਨ੍ਹਾਂ ਵਿੱਚੋਂ ਇਨ੍ਹਾਂ ਪਾਰਟੀਆਂ ਕੋਲ 45 ਸੀਟਾਂ ਹਨ। ਫਿਰ ਇਹ ਵੀ ਵੱਡਾ ਸਵਾਲ ਹੈ ਕਿ ਕਮਜ਼ੋਰ ਗਠਜੋੜ ਵਾਲੇ ਤਿੰਨ ਅਹਿਮ ਰਾਜਾਂ ਯੂ.ਪੀ., ਬਿਹਾਰ, ਮਹਾਰਾਸ਼ਟਰ, ਜਿੱਥੇ ਲੋਕ ਸਭਾ ਦੀਆਂ 168 ਸੀਟਾਂ ਵਿੱਚੋਂ ਕਾਂਗਰਸ ਕੋਲ ਸਿਰਫ਼ 3 ਸੀਟਾਂ ਹਨ, ਕਾਂਗਰਸ ਉਸ ਪੱਟੀ ਤੋਂ ਵੀ ਲਗਭਗ ਗਾਇਬ ਹੈ।

ਤਿੰਨ ਅਹਿਮ ਰਾਜ ਯੂਪੀ, ਬਿਹਾਰ, ਮਹਾਰਾਸ਼ਟਰ ਹਨ, ਜਿੱਥੇ ਕਾਂਗਰਸ ਕੋਲ 168 ਲੋਕ ਸਭਾ ਸੀਟਾਂ ਵਿੱਚੋਂ ਸਿਰਫ਼ 3 ਸੀਟਾਂ ਹਨ। ਯੂਪੀ ਵਿੱਚ ਵਿਰੋਧੀ ਧਿਰ ਵੀ ਅਖਿਲੇਸ਼ ਯਾਦਵ ਅਤੇ ਮਾਇਆਵਤੀ ਵਿੱਚ ਵੰਡੀ ਹੋਈ ਹੈ। ਕਾਂਗਰਸ ਨੇ ਅਖਿਲੇਸ਼ ਨੂੰ ਸੱਦਾ ਭੇਜਿਆ ਪਰ ਮਾਇਆਵਤੀ ਨੂੰ ਨਹੀਂ। ਵਿਰੋਧੀ ਧਿਰ ਦੇ ਆਗੂ ਮਮਤਾ ਅਤੇ ਅਖਿਲੇਸ਼ ਖੁੱਲ੍ਹੇਆਮ ਇਹ ਕਹਿ ਰਹੇ ਹਨ ਕਿ ਕਾਂਗਰਸ ਨੂੰ ਉਨ੍ਹਾਂ ਭਾਜਪਾ ਵਿਰੋਧੀ ਧਿਰਾਂ ਦਾ ਸਮਰਥਨ ਕਰਨਾ ਚਾਹੀਦਾ ਹੈ ਜਿੱਥੇ ਉਹ ਕਾਂਗਰਸ ਨਾਲੋਂ ਮਜ਼ਬੂਤ ਹਨ। ਜੇ ਕਾਂਗਰਸ ਅਜਿਹਾ ਨਹੀਂ ਕਰੇਗੀ ਤਾਂ ਕਾਂਗਰਸ ਲਗਭਗ 225 ਸੀਟਾਂ ਤੋਂ ਬਾਹਰ ਹੋ ਜਾਵੇਗੀ। ਇਸ ਲਈ ਸਵਾਲ ਇਹ ਹੈ ਕਿ ਨਿਤੀਸ਼ ਕੁਮਾਰ ਦੀ ਭਾਰਤ ਫੇਰੀ ਸਮਝੌਤੇ ਲਈ ਰਾਹ ਪੱਧਰਾ ਕਿਵੇਂ ਕਰੇਗੀ। ਭਾਵੇਂ ਮਮਤਾ ਬੈਨਰਜੀ ਨੇ ਨਿਤੀਸ਼ ਨਾਲ ਮੁਲਾਕਾਤ ਦੌਰਾਨ ਜੈਪ੍ਰਕਾਸ਼ ਨਾਰਾਇਣ ਨੂੰ ਯਾਦ ਕਰਕੇ ਬਿਹਾਰ ਦੀ ਧਰਤੀ 'ਤੇ ਵਿਰੋਧੀ ਏਕਤਾ ਦਾ ਸੁਝਾਅ ਦਿੱਤਾ ਸੀ, ਪਰ ਇਹ ਵੀ ਸਮਝਣਾ ਪਵੇਗਾ ਕਿ 1977 ਵਿਚ ਇੰਦਰਾ ਗਾਂਧੀ ਵਿਰੁੱਧ ਵਿਰੋਧੀ ਧਿਰ ਦੀ ਏਕਤਾ ਦਾ ਮੁੱਖ ਕਾਰਨ ਲੋਕ ਅੰਦੋਲਨ ਸੀ। ਜਿਸ ਨੂੰ ਜੇਪੀ ਨੇ ਸਿਰਜਿਆ ਸੀ ।ਪਰ ਇਥੇ ਕੋਈ ਅੰਦੋਲਨ ਕਰਨ ਵਾਲਾ ਆਗੂ ਨਹੀਂ ਹੈ ਜਿਥੋਂ ਲੋਕ-ਪ ੱ ਖ ੀ ਰਾਜਨੀਤੀ ਦਾ ਅਗਾਜ ਹੋ ਸਕੇ।

ਚੌਥਾ ਕਦਮ ਮੁੱਦਿਆਂ ਦਾ ਹੈ। ਮੋਦੀ ਸਰਕਾਰ ਜਾਂ ਕਹਿ ਲਓ ਭਾਜਪਾ ਕੋਲ ਚਾਰ ਮੁੱਦੇ ਲਗਾਤਾਰ ਇਹ ਰਹੇ ਹਨ: ਰਾਸ਼ਟਰਵਾਦ, ਰਾਸ਼ਟਰੀ ਸੁਰੱਖਿਆ, ਹਿੰਦੂਤਵ ਅਤੇ ਡਾਇਰੈਕਟ ਬੈਂਕ ਟਰਾਂਸਫਰ ਸਕੀਮ। ਪਰ ਚੋਣਾਂ ਵਿੱਚ ਮੋਦੀ ਇਨ੍ਹਾਂ ਚਾਰਾਂ ਮੁੱਦਿਆਂ ਨੂੰ ਵਾਰ-ਵਾਰ ਵਰਤ ਚੁਕਾ ਹੈ। ਹੁਣ ਜਾਪਦਾ ਹੈ ਕਿ ਇਹ ਅਰਥਹੀਣ ਹਨ। ਸਵਾਲ ਇਹ ਹੈ ਕਿ ਮੋਦੀ 2024 ਲਈ ਆਪਣੇ ਲਈ ਕਿਹੜਾ ਨਵਾਂ ਮੁੱਦਾ ਤਿਆਰ ਕਰਨਗੇ ?

ਬੀਜੇਪੀ ਲਈ ਪਹਿਲੀ ਵਾਰ ਕਰਨਾਟਕ ਵਿੱਚ ਹਿੰਦੂਤਵ ਵੀ ਡਗਮਗਾਇਆ ਤੇ ਓ.ਬੀ.ਸੀ. ਦਾ ਸਾਥ ਵੀ। ਇਸ ਦੇ ਉਲਟ ਵਿਰੋਧੀ ਧਿਰ ਕੋਲ ਮੁੱਦਿਆਂ ਦੀ ਭਰਮਾਰ ਸੀ ਜਿਸ ਦੇ ਕੇਂਦਰ ਵਿੱਚ ਮੋਦੀ ਸਨ। ਬਹੁਤ ਸਾਰੇ ਮੁੱਦੇ ਹਨ। ਉਦਾਹਰਨ ਲਈ, ਕਾਰਪੋਰੇਟ ਲੁੱਟ, ਜਨਤਕ ਖੇਤਰ ਦੇ ਅਦਾਰਿਆਂ ਨੂੰ ਖਤਮ ਕਰਨਾ, ਅਡਾਨੀ ਘੋਟਾਲਾ, ਮਹਿੰਗਾਈ ਵਿੱਚ ਰੁਜ਼ਗਾਰ ਦਾ ਖਤਮ ਹੋਣਾ , ਦੇਸ਼ ਨੂੰ ਪੰਜ ਕਿਲੋ ਮੁਫ਼ਤ ਅਨਾਜ 'ਤੇ ਟਿਕਾ ਦੇਣਾ ਅਤੇ ਸਭ ਤੋਂ ਵੱਧ ਸੰਵੇਦਨਸ਼ੀਲ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਚੁੱਪ। ਚਾਹੇ ਉਹ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਹੋਣ ਜਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਬਚਾਉਣ ਦੇ ਦੋਸ਼, ਜਾਂ ਅਡਾਨੀ ਨਾਲ ਦੋਸਤੀ ਵਿਚ ਦੇਸ਼ ਦੀ ਦੌਲਤ ਲੁੱਟਣ ਦੇ ਦੋਸ਼ ਹੋਣ ਜਾਂ ਚੀਨ ਦੀ ਸਰਹੱਦ 'ਤੇ ਵਧਦੀ ਦਖ਼ਲ-ਅੰਦਾਜ਼ੀ ਦਾ ਮਾਮਲਾ ਹੋਵੇ।

ਪੰਜਵਾਂ ਕਦਮ ਹੈ ਨੇਤਾ ਦੀ ਖੋਜ ਦਾ, ਫੇਸ ਕੌਣ ਬਣੇ। ਨਰਿੰਦਰ ਮੋਦੀ ਇਕ ਅਜਿਹਾ ਚਿਹਰਾ ਹੈ ਜੋ 2014 ਵਿੱਚ ਵਿਕਾਸ ਦੇ ਨਾਂ 'ਤੇ ਦੌੜਿਆ ਸੀ। ਗੁਜਰਾਤ ਮਾਡਲ ਦਾ ਜ਼ਿਕਰ ਕਰਕੇ ਚਲਿਆ। 2019 ਵਿੱਚ ਰਾਸ਼ਟਰੀ ਸੁਰੱਖਿਆ ਅਤੇ ਰਾਸ਼ਟਰਵਾਦ ਦੇ ਨਾਂ 'ਤੇ ਚਲਿਆ। ਪਰ 2024 ਵਿੱਚ ਮੋਦੀ ਦਾ ਚਿਹਰਾ ਕਿਸ ਨਾਅਰੇ ਨਾਲ ਚੱਲੇਗਾ, ਇਸ 'ਤੇ ਸਸਪੈਂਸ ਬਣਿਆ ਹੋਇਆ ਹੈ। ਦੂਜੇ ਪਾਸੇ ਵਿਰੋਧੀ ਧਿਰ ਕੋਲ ਅਜੇ ਤੱਕ ਅਜਿਹਾ ਚਿਹਰਾ ਨਹੀਂ ਹੈ ਜਿਸ 'ਤੇ ਸਮੁੱਚੀ ਵਿਰੋਧੀ ਧਿਰ ਇਕ ਜੁੱਟ ਹੋਵੇ। ਜੇਕਰ ਕਾਂਗਰਸ ਕਮਜ਼ੋਰ ਹੈ ਤਾਂ ਸਮੁੱਚੀ ਵਿਰੋਧੀ ਧਿਰ ਉਸ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੈ।

ਹਰ ਰਾਜ ਵਿਚ ਖੇਤਰੀ ਪਾਰਟੀਆਂ ਦੇ ਲੀਡਰ ਆਪਣੇ ਆਪ ਨੂੰ ਵਿਰੋਧੀ ਧਿਰ ਦਾ ਚਿਹਰਾ ਸਮਝ ਰਹੇ ਹਨ। ਕੇਜਰੀਵਾਲ ਹੋਵੇ ਜਾਂ ਮਮਤਾ ਬੈਨਰਜੀ ਜਾਂ ਕੇਸੀਆਰ, ਸਾਰੇ ਆਪਣੇ ਆਪ ਨੂੰ ਮੋਦੀ ਸਰਕਾਰ ਦੇ ਸਾਹਮਣੇ ਸਭ ਤੋਂ ਮਜ਼ਬੂਤ ਸਮਝਦੇ ਹਨ। ਮਤਲਬ ਮੋਦੀ ਬਨਾਮ ਕੌਣ ਹੋਵੇਗਾ, ਇਹ ਗਾਇਬ ਹੈ। ਪਰ ਇੱਥੋਂ ਹੀ 2024 ਦਾ ਰਸਤਾ ਜਨਤਾ ਵਿੱਚੋਂ ਨਿਕਲ ਸਕਦਾ ਹੈ। ਯਾਨੀ ਕਿ ਪਹਿਲੀ ਵਾਰ ਵੋਟਾਂ ਦੀ ਲਾਮਬੰਦੀ ਲਈ ਮੰਡਲ ਜਾਂ ਕਮੰਡਲ ਦੀ ਖੇਡ ਪਹਿਲੀ ਵਾਰ ਅਰਥਹੀਣ ਜਾਪਦੀ ਹੈ ਅਤੇ ਨਵੇਂ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ ਹਨ।

ਪਹਿਲੀ ਵਾਰ ਇਹ ਵੀ ਸਵਾਲ ਉੱਠ ਰਿਹਾ ਹੈ ਕਿ ਵੋਟਾਂ ਦੀ ਇੱਕਤਰਤਾ ਵਿੱਚ ਓਬੀਸੀ ਕਾਰਡ ਕਿਸ ਦੇ ਹੱਕ ਵਿੱਚ ਜਾਵੇਗਾ। ਨਰਿੰਦਰ ਮੋਦੀ ਨੇ ਆਪਣੇ ਆਪ ਨੂੰ ਓ.ਬੀ.ਸੀ. ਕਹਿ ਚੁੱਕੇ ਹਨ। ਹੁਣ ਕਾਂਗਰਸ ਦੇ ਤਿੰਨ ਮੁੱਖ ਮੰਤਰੀ ਗਹਿਲੋਤ, (ਬਾਕੀ ਸਫ਼ਾ 31 'ਤੇ)



# ਭਾਜਪਾ ’ਚ ਸ਼ਾਮਲ ਹੋਏ ਹੋਰਨਾਂ ਦਲਾਂ ਦੇ ਆਗੂਆਂ ਦਾ ਕੀ ਹੋਵੇਗਾ ਸਿਆਸੀ ਭਵਿੱਖ ?

## ਆਪਣੀ ਸਿਆਸੀ ਜ਼ਮੀਨ ਨੂੰ ਬਚਾਉਣ ’ਚ ਕਿੰਨੇ ਕੁ ਕਾਮਯਾਬ ਹੋਣਗੇ ਦਲ ਬਦਲੀ ਕਰ ਚੁੱਕੇ ਰਾਜ ਨੇਤਾ








ਪਟਿਆਲਾ/ਏ.ਟੀ.ਨਿਊਜ਼ : ਜਦੋਂ ਤੋਂ ਭਾਰਤ ’ਚ ਭਾਜਪਾ ਦੀ ਸਰਕਾਰ ਬਣੀ ਹੈ, ਉਦੋਂ ਤੋਂ ਪੰਜਾਬ ਤੋਂ ਲੈ ਕੇ ਉੱਤਰਾਖੰਡ , ਯੂ.ਪੀ., ਗੋਆ, ਮਨੀਪੁਰ ਅਤੇ ਦਿੱਲੀ ਵਿੱਚ ਦੂਜੀਆਂ ਪਾਰਟੀਆਂ ਦੇ ਆਗੂ ਕਿਤੇ ਚੋਣਾਂ ਤੋਂ ਪਹਿਲਾਂ, ਕਿਤੇ ਚੋਣਾਂ ਮੌਕੇ, ਕਿਤੇ ਚੋਣਾਂ ਤੋਂ ਬਾਅਦ ਲਗਾਤਾਰ ਭਾਜਪਾ ਦੇ ਸੱਤਾ ਦੇ ਰੱਥ ਵਿੱਚ ਸਵਾਰ ਹੁੰਦੇ ਨਜ਼ਰ ਆ ਰਹੇ ਹਨ ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂ ਕੀ ਆਪਣੀ ਸਿਆਸੀ ਜ਼ਮੀਨ ਨੂੰ ਬਚਾਈ ਰੱਖਣ ਵਿੱਚ ਕਾਮਯਾਬ ਹੋਣਗੇ। ਇਸਦੇ ਨਾਲ ਇਹ ਵੀ ਸਵਾਲ ਖੜਾ ਹੋ ਰਿਹਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਆਪਣਾ ਨਿੱਜੀ ਕੱਦ ਘੱਟ ਰਿਹਾ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਚਰਨਜੀਤ ਸਿੰਘ ਅਟਵਾਲ ਅਤੇ ਅਨੇਕਾਂ ਅਕਾਲੀ ਆਗੂਆਂ ਸਮੇਤ ਭਾਜਪਾ ਵਿੱਚ ਦੂਸਰੀਆਂ ਪਾਰਟੀਆਂ ਦੇ ਆਗੂਆਂ ਦੇ ਸ਼ਾਮਲ ਹੋਣ ਦੀ ਸੂਚੀ ਬਹੁਤ ਲੰਬੀ ਹੈ। ਇਸ ਤੋਂ ਇਲਾਵਾ ਦਿੱਲੀ ਦੇ ਅਨੇਕਾਂ ਸਿੱਖ ਆਗੂ ਵੀ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਰਾਜ ਨੇਤਾਵਾਂ ਬਾਰੇ ਗੱਲਬਾਤ ਕਰਦਿਆਂ ਅਕਸਰ ਕੁੱਝ ਸਿਆਸੀ ਮਾਹਿਰ ਵਿਅੰਗ ਕਰਦਿਆਂ ਕਹਿੰਦੇ ਹਨ ਕਿ ਭਾਜਪਾ ਵੱਲੋਂ ਦੂਜੀਆਂ ਸਿਆਸੀ ਪਾਰਟੀਆਂ ਦੀ ਰਹਿੰਦ ਖੂੰਹਦ ਇੱਕਠੀ ਕੀਤੀ ਜਾ ਰਹੀ ਹੈ।

ਅਨੇਕਾਂ ਸਿਆਸੀ ਆਗੂ ਅਜਿਹੇ ਹਨ ਜੋ ਕਿ ਭਾਜਪਾ ਦੀਆਂ ਵਿਰੋਧੀ ਪਾਰਟੀਆਂ ’ਚ ਪ੍ਰਮੁੱਖ ਅਹੁਦਿਆਂ ’ਤੇ ਸਨ ਅਤੇ ਉਹਨਾਂ ਦਾ ਆਪਣਾ ਨਿੱਜੀ ਆਧਾਰ ਵੀ ਕਾਫ਼ੀ ਸੀ ਪਰ ਭਾਜਪਾ ਵਿੱਚ ਸ਼ਾਮਲ ਹੋ ਕੇ ਉਹ ‘ਭਾਜਪਾ ਆਗੂ’ ਤਕ ਸੀਮਿਤ ਹੋ ਕੇ ਰਹਿ ਗਏ ਹਨ ਅਤੇ ਹੌਲੀ ਹੌਲੀ ਉਹਨਾਂ ਦਾ ਆਪਣਾ ਨਿੱਜੀ ਆਧਾਰ ਘੱਟਦਾ ਜਾ ਰਿਹਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂ ਕੁਝ ਦਿਨ ਤਾਂ ਲਗਾਤਾਰ ਬਿਆਨ ਬਾਜ਼ੀ ਕਰਦੇ ਰਹਿੰਦੇ ਹਨ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵਿਰੁੱਧ ਬੋਲਦੇ ਹਨ ਪਰ ਕੁਝ ਸਮੇਂ ਬਾਅਦ ਉਹਨਾਂ ਦੇ ਸਿਆਸੀ ਅਤੇ ਨਿੱਜੀ ਬਿਆਨ ਆਉਣੇ ਬੰਦ ਹੋ ਜਾਂਦੇ ਹਨ ਜਾਂ ਬਹੁਤ ਘੱਟ ਹੋ ਜਾਂਦੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਭਾਜਪਾ ਬਹੁਤ ਹੀ ਸਖ਼ਤ ਅਨੁਸ਼ਾਸਨ ਵਾਲੀ ਸਿਆਸੀ ਪਾਰਟੀ ਹੈ। ਭਾਜਪਾ ਦਾ ਕੋਈ ਵੀ ਆਗੂ ਆਪਣੀ ਮਰਜੀ ਨਾਲ ਮਨਚਾਹਿਆ ਬਿਆਨ ਨਹੀਂ ਦੇ ਸਕਦਾ। ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਆਗੂ ਪੂਰੇ ਅਨੁਸ਼ਾਸਨ ਵਿੱਚ ਰਹਿ ਕੇ ਆਪਣਾ ਬਿਆਨ ਜਾਰੀ ਕਰਦੇ ਹਨ। ਇਸ ਕਰਕੇ ਹੋਰਨਾਂ ਪਾਰਟੀਆਂ ਤੋਂ ਭਾਜਪਾ ਵਿੱਚ ਸ਼ਾਮਲ ਹੋਏ ਆਗੂ ਕੁਝ ਦਿਨ ਬਿਆਨਬਾਜੀ ਕਰਨ ਤੋਂ ਬਾਅਦ ਇੱਕ ਤਰਾਂ ਚੁੱਪ ਜਿਹੇ ਹੋ ਜਾਂਦੇ ਹਨ ਜਾਂ ਕਦੇ ਕਦਾਂਈ ਕੋਈ ਬਿਆਨ ਜਾਰੀ ਕਰ ਦਿੰਦੇ ਹਨ ਅਤੇ ਸਿਆਸਤ ਵਿੱਚ ਆਪਣੀ ਹਾਜ਼ਰੀ ਲਗਵਾ ਲੈਂਦੇ ਹਨ।

### ਭਾਜਪਾ ਦੀ ਰਣਨੀਤੀ




ਭਾਜਪਾ ਦੀ ਦੂਜੀਆਂ ਪਾਰਟੀਆਂ ਦੇ ਮਜ਼ਬੂਤ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਦੀ ਰਣਨੀਤੀ ਦੇ ਪਿੱਛੇ ਕਾਰਨ ਇਹ ਵੀ ਹੈ ਕਿ ਜੋ ਵੀ ਆਗੂ ਦੂਜੀ ਪਾਰਟੀ ਤੋਂ ਆਵੇਗਾ, ਉਹ ਆਪਣੇ ਨਾਲ ਕੁਝ ਵੋਟਾਂ ਲੈ ਕੇ ਆਵੇਗਾ, ਕਿਉਂਕਿ ਉਸ ਦਾ ਨਿੱਜੀ ਵੋਟ ਬੈਂਕ ਵੀ ਹੁੰਦਾ ਹੈ। ਜਿਸ ਕਾਰਨ ਪਾਰਟੀ ਵਿੱਚ ਵੋਟਾਂ ਵੀ ਵਧਣਗੀਆਂ ਅਤੇ ਇੱਕ ਸੁਨੇਹਾ ਵੀ ਜਾਵੇਗਾ ਕਿ ਲੀਡਰ ਅਕਸਰ ਹਾਰਨ ਵਾਲੀ ਪਾਰਟੀ ਛੱਡ ਜਾਂਦੇ ਹਨ। ਜੇਕਰ ਉਹ ਜੇਤੂ ਵੱਲ ਵਧਦੇ ਹਨ ਤਾਂ ਨੇਤਾਵਾਂ ਦੇ ਆਉਣ ਨਾਲ ਜਨਤਾ ਨੂੰ ਲੱਗੇਗਾ ਕਿ ਭਾਜਪਾ ਹੀ ਜੇਤੂ ਪਾਰਟੀ ਹੈ ਅਤੇ ਭਵਿੱਖ ਵੀ ਇਸ ਦਾ ਹੈ।ਹਾਲਾਂਕਿ ਵਿਰੋਧੀ ਧਿਰ ਉਨ੍ਹਾਂ ਨੂੰ ਇਸ ਤਰ੍ਹਾਂ ਭਾਜਪਾ ’ਚ ਸ਼ਾਮਲ ਕਰਨ ਦੀ ਰਣਨੀਤੀ ’ਤੇ ਗੌਰ ਨਾ ਕਰਦੇ ਹੋਏ ਉਨ੍ਹਾਂ ਨੂੰ ਕਟਹਿਰੇ ’ਚ ਖੜ੍ਹਾ ਕਰ ਰਹੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਭਾਜਪਾ ਅਜਿਹੇ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਰਹੀ ਹੈ, ਜਿਨ੍ਹਾਂ ਬਾਰੇ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਮੇਤ ਕਈ ਦੋਸ਼ ਲਾਉਂਦੀ ਰਹੀ ਹੈ ਅਤੇ ਖੁ਼ਦ ਭ੍ਰਿਸ਼ਟਾਚਾਰ ਮੁਕਤ ਹੋਣ ਦੀ ਗੱਲ ਕਰਦੀ ਹੈ। ਕਿਤੇ ਨਾ ਕਿਤੇ ਇਹ ਉਤਸੁਕਤਾ ਭਾਜਪਾ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਭਾਜਪਾ ਭਾਵੇਂ ਕਿੰਨੀ ਵੀ ਵੱਡੀ ਗੱਲ ਕਰੇ ਕਿ ਇਹ ਬਹੁਤ ਵੱਡੀ ਅਤੇ ਮਜ਼ਬੂਤ ਪਾਰਟੀ ਹੈ, ਇਸ ਦੀ ਲੋਕਪ੍ਰਿਅਤਾ ਵਿੱਚ ਬਹੁਤ ਵਾਧਾ ਹੋਇਆ ਹੈ, ਪਰ ਉਹ ਦੂਜੀਆਂ ਪਾਰਟੀਆਂ ਦੇ ਆਗੂਆਂ ਦੀ ਮਦਦ ਨਾਲ ਅਗਲੀਆਂ ਲੋਕ ਸਭਾ ਚੋਣਾਂ ਜਿੱਤਣਾ ਚਾਹੁੰਦੀ ਹੈ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਅਕਸਰ ਭਾਜਪਾ ਸਰਕਾਰ ਵੱਲੋਂ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਸਬੰਧਿਤ ਵੱਖ ਵੱਖ ਮਾਮਲਿਆਂ ਨੂੰ ਉਭਾਰਿਆ ਜਾਂਦਾ ਹੈ ਅਤੇ ਉਹਨਾਂ ਦੇ ਮਾਮਲਿਆਂ ਦੀ ਫਾਈਲਾਂ ਖੋਲ ਦਿਤੀਆਂ ਜਾਂਦੀਆਂ ਹਨ, ਆਪਣੇ ਵਿਰੁੱਧ ਕੋਈ ਕਾਰਵਾਈ ਹੋਣ ਤੋਂ ਬਚਣ ਲਈ ਅਜਿਹੇ ਆਗੂ ਫਿਰ ਭਾਜਪਾ ਦੀ ਸ਼ਰਨ ਵਿੱਚ ਜਾ ਕੇ ਆਪਣੇ ਆਪ ਨੂੰ ਸੁਰੱਖਿਅਕ ਸਮਝਣ ਲੱਗ ਪੈਂਦੇ ਹਨ।

## ਪਿਛਲੇ 9 ਸਾਲਾਂ ਵਿੱਚ ਭਾਜਪਾ ’ਚ ਸ਼ਾਮਲ ਹੋਏ ਵੰਸ਼ਵਾਦੀ ਨੇਤਾਵਾਂ ਦੀ ਸੂਚੀ

**ਸਿੰਧੀਆ ਰਾਜਵੰਸ਼**

ਜੋਤੀਰਾਦਿੱਤਿਆ ਸਿੰਧੀਆ, ਜੋ ਕਿਸੇ ਸਮੇਂ ਕਾਂਗਰਸ ਅਤੇ ਰਾਹੁਲ ਗਾਂਧੀ ਦੇ ਸਭ ਤੋਂ ਭਰੋਸੇਮੰਦ ਸਹਿਯੋਗੀ ਸਨ, ਨੇ 2020 ਵਿੱਚ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਏ। ਜੋਤੀਰਾਦਿਤਿਆ ਕਾਂਗਰਸ ਵਿੱਚ ਰਹੇ ਮਾਧਵਰਾਵ ਸਿੰਧੀਆ ਦੇ ਪੁੱਤਰ ਹਨ ਪਰ ਜੋਤੀਰਾਦਿੱਤਿਆ ਨੇ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਅਤੇ ਭਾਜਪਾ ਵਿਚ ਸ਼ਾਮਲ ਹੋ ਗਏ। ਦੱਸ ਦੇਈਏ ਕਿ ਜੋਤੀਰਾਦਿੱਤਿਆ ਸਿੰਧੀਆ ਤੋਂ ਪਹਿਲਾਂ ਉਨ੍ਹਾਂ ਦੀ ਦਾਦੀ ਵਿਜੇਰਾਜੇ ਸਿੰਧੀਆ ਵੀ ਕਾਂਗਰਸ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਸਨ। ਵਿਜੇਰਾਜੇ ਸਿੰਧੀਆ ਨੇ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਕਾਂਗਰਸ ਤੋਂ ਹੀ ਕੀਤੀ ਸੀ। ਉਸਨੇ 1957 ਵਿੱਚ ਕਾਂਗਰਸ ਦੀ ਟਿਕਟ ’ਤੇ ਗੁਨਾ ਤੋਂ ਵੀ ਚੋਣ ਲੜੀ ਸੀ। ਪਰ ਬਾਅਦ ਵਿੱਚ ਉਹ ਕਾਂਗਰਸ ਤੋਂ ਵੱਖ ਹੋ ਗਈ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਈ।






**ਜਾਖੜ ਵੰਸ਼**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਤੋਂ ਨਾਰਾਜ਼ ਹੋ ਕੇ ਅਸਤੀਫਾ ਦੇ ਦਿੱਤਾ ਸੀ। ਜਾਖੜ ਭਾਜਪਾ ’ਚ ਸ਼ਾਮਲ ਹੋ ਗਏ ਹਨ। ਦੱਸ ਦੇਈਏ ਕਿ ਸੁਨੀਲ ਜਾਖੜ ਦੇ ਪਿਤਾ ਚੌਧਰੀ ਬਲਰਾਮ ਜਾਖੜ ਕਾਂਗਰਸ ਦੇ ਵੱਡੇ ਨੇਤਾ ਸਨ। ਉਹ ਕੇਂਦਰ ਸਰਕਾਰ ਵਿੱਚ ਵੱਡੇ ਮੰਤਰਾਲਿਆਂ ਦੀ ਅਗਵਾਈ ਵੀ ਕਰ ਚੁੱਕੇ ਹਨ। ਜਾਖੜ ਪਰਿਵਾਰ ਨੂੰ ਪੰਜਾਬ ਵਿੱਚ ਕਾਂਗਰਸ ਦੇ ਹਿੰਦੂ ਵੋਟ ਬੈਂਕ ਦਾ ਸਭ ਤੋਂ ਵੱਡਾ ਆਧਾਰ ਮੰਨਿਆ ਜਾਂਦਾ ਸੀ।

**ਬੀਰੇਂਦਰ ਸਿੰਘ ਪਰਿਵਾਰ**

ਚਾਰ ਦਹਾਕਿਆਂ ਤੋਂ ਵੱਧ ਸਮੇਂ ਤੱਕ ਕਾਂਗਰਸ ਵਿੱਚ ਰਹਿਣ ਤੋਂ ਬਾਅਦ ਬੀਰੇਂਦਰ ਸਿੰਘ 2014 ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ। ਬੀਰੇਂਦਰ ਸਿੰਘ ਹਰਿਆਣਾ ਦੇ ਵੱਡੇ ਕਿਸਾਨ ਆਗੂ ਸਰ ਛੋਟੂ ਰਾਮ ਦੇ ਪੋਤਰੇ ਹਨ। ਬੀਰੇਂਦਰ ਸਿੰਘ ਦੇ ਪਿਤਾ ਨੇਕੀ ਰਾਮ ਵੀ ਲੰਬੇ ਸਮੇਂ ਤੋਂ ਹਰਿਆਣਾ ਦੀ ਰਾਜਨੀਤੀ ਵਿੱਚ ਸਰਗਰਮ ਸਨ। ਉਹ ਕਾਂਗਰਸ ਦੀ ਟਿਕਟ ’ਤੇ ਦੋ ਵਾਰ ਰਾਜ ਸਭਾ ਦੇ ਮੈਂਬਰ ਵੀ ਰਹੇ ਪਰ 2014 ਵਿੱਚ ਬੀਰੇਂਦਰ ਸਿੰਘ ਨੇ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਏ। ਇੰਨਾ ਹੀ ਨਹੀਂ ਕਾਂਗਰਸ ਛੱਡ ਕੇ ਉਨ੍ਹਾਂ ਨੇ ਆਪਣੇ ਬੇਟੇ ਨੂੰ ਵੀ ਭਾਜਪਾ ’ਚ ਦਾਖਲ ਕਰਵਾ ਦਿੱਤਾ। ਦੱਸ ਦੇਈਏ ਕਿ ਬੀਰੇਂਦਰ ਸਿੰਘ ਦੀ ਪਤਨੀ ਪ੍ਰੇਮ ਲਤਾ ਉਚਾਨਾ ਤੋਂ ਭਾਜਪਾ ਦੀ ਵਿਧਾਇਕ ਹੈ।



**ਅਧਿਕਾਰੀ ਪਰਿਵਾਰ**

ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਪੱਛਮੀ ਬੰਗਾਲ ਦੀ ਰਾਜਨੀਤੀ ਦਾ ਧੁਰਾ ਮੰਨਿਆ ਜਾਂਦਾ ਸੁਵੇਂਦੂ ਅਧਿਕਾਰੀ ਕਦੇ ਤ੍ਰਿਣਮੂਲ ਕਾਂਗਰਸ ਛੱਡ ਦੇਵੇਗਾ। ਪਰ 2021 ਵਿੱਚ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਸੁਵੇਂਦੂ ਅਧਿਕਾਰੀ ਟੀਐਮਸੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਇਸ ਤੋਂ ਪਹਿਲਾਂ ਸੁਵੇਂਦੂ ਅਤੇ ਉਨ੍ਹਾਂ ਦੇ ਪਿਤਾ ਸ਼ਿਸ਼ੀਰ ਅਧਿਕਾਰੀ ਨੇ ਕਾਂਗਰਸ ਨਾਲ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ ਸੀ। ਸੁਵੇਂਦੂ ਦੇ ਪਿਤਾ ਸ਼ਿਸ਼ੀਰ ਅਧਿਕਾਰੀ ਵੀ ਤਤਕਾਲੀ ਯੂਪੀਏ ਸਰਕਾਰ ਵਿੱਚ ਮੰਤਰੀ ਸਨ। ਪਰ ਸੁਵੇਂਦੂ ਕਾਂਗਰਸ ਤੋਂ ਮੋਹ ਭੰਗ ਹੋ ਕੇ ਟੀਐਮਸੀ ਵਿੱਚ ਸ਼ਾਮਲ ਹੋ ਗਏ। ਹੌਲੀ-ਹੌਲੀ ਉਹ ਮਮਤਾ ਦੀ ਸਰਕਾਰ ਵਿੱਚ ਨੰਬਰ ਦੋ ਦੇ ਅਹੁਦੇ ’ਤੇ ਪਹੁੰਚ ਗਿਆ। ਉਸ ਨੂੰ ਬੰਗਾਲ ਦੀ ਰਾਜਨੀਤੀ ਵਿੱਚ ਕਿੰਗ-ਮੇਕਰ ਵਜੋਂ ਦੇਖਿਆ ਜਾਣ ਲੱਗਾ। ਉਹ ਮਮਤਾ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਸਨ। ਪਰ 2021 ਵਿੱਚ, ਉਸਨੇ ਟੀਐਮਸੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਦੂਜੇ ਪਾਸੇ ਸੁਵੇਂਦੂ ਦੇ ਛੋਟੇ ਭਰਾ ਦਿਵਯੇਂਦੂ ਅਧਿਕਾਰੀ ਤਿੰਨ ਵਾਰ ਵਿਧਾਇਕ ਚੁਣੇ ਗਏ। ਬਾਅਦ ’ਚ ਸੁਵੇਂਦੂ ਦੀ ਖਾਲੀ ਹੋਈ ਸੀਟ ’ਤੇ ਉਪ ਚੋਣ ਜਿੱਤਣ ਤੋਂ ਬਾਅਦ ਉਹ ਸੰਸਦ ’ਚ ਪਹੁੰਚੇ। ਦਿਵਯੇਂਦੂ ਅਜੇ ਵੀ ਟੀਐਮਸੀ ਦਾ ਹਿੱਸਾ ਹੈ।

**ਬਹੁਗੁਣਾ ਪਰਿਵਾਰ**

ਬਹੁਗੁਣਾ ਪਰਿਵਾਰ ਦਾ ਕਾਂਗਰਸ ਨਾਲ ਬਹੁਤ ਪੁਰਾਣਾ ਰਿਸ਼ਤਾ ਸੀ। ਹੇਮਵਤੀ ਨੰਦਨ ਬਹੁਗੁਣਾ ਨੂੰ ਇੰਦਰਾ ਗਾਂਧੀ ਦੇ ਬਹੁਤ ਕਰੀਬੀ ਮੰਨਿਆ ਜਾਂਦਾ ਸੀ। ਦੂਜੇ ਪਾਸੇ ਉਨ੍ਹਾਂ ਦੇ ਪੁੱਤਰ ਵਿਜੇ ਬਹੁਗੁਣਾ ਅਤੇ ਰੀਟਾ ਬਹੁਗੁਣਾ ਕਈ ਸਾਲਾਂ ਤੱਕ ਕਾਂਗਰਸ ਵਿੱਚ ਰਹੇ। ਪਰ ਹੁਣ ਇਹ ਦੋਵੇਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਵਿਜੇ ਬਹੁਗੁਣਾ ਦੇ ਪੁੱਤਰ ਸੌਰਭ ਬਹੁਗੁਣਾ ਵੀ ਉੱਤਰਾਖੰਡ ਤੋਂ ਭਾਜਪਾ ਦੇ ਵਿਧਾਇਕ ਹਨ ਪਰ ਰੀਟਾ ਬਹੁਗੁਣਾ ਜੋਸ਼ੀ ਦੇ ਬੇਟੇ ਮਯੰਕ ਜੋਸ਼ੀ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਹੈ। ਮਯੰਕ ਨੇ ਯੂਪੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਮਾਜਵਾਦੀ ਪਾਰਟੀ ਦੀ ਸਾਈਕਲ ਸਵਾਰੀ ਕੀਤੀ ਸੀ।

**ਯਾਦਵ ਪਰਿਵਾਰ**

ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿੱਚ ਯਾਦਵ ਪਰਿਵਾਰ ਤੋਂ ਹਰ ਕੋਈ ਜਾਣੂ ਹੈ। ਮੁਲਾਇਮ ਸਿੰਘ ਦੀ ਅਗਵਾਈ ’ਚ ਪੂਰੇ ਯਾਦਵ ਪਰਿਵਾਰ ਨੇ ਇਕਜੁੱਟ ਹੋ ਕੇ ਪਾਰਟੀ ਨੂੰ ਮਜ਼ਬੂਤ ਕੀਤਾ। ਪਰ ਜਿਵੇਂ ਹੀ ਸਪਾ ਦੀ ਕਮਾਨ ਅਖਿਲੇਸ਼ ਦੇ ਹੱਥਾਂ ਵਿੱਚ ਗਈ ਤਾਂ ਯਾਦਵ ਪਰਿਵਾਰ ਟੁੱਟਣ ਲੱਗਾ। ਚਾਚਾ ਸ਼ਿਵਪਾਲ ਯਾਦਵ ਨੇ ਸਪਾ ਤੋਂ ਵੱਖ ਹੋ ਕੇ ਆਪਣੀ ਪਾਰਟੀ ਬਣਾ ਲਈ ਹੈ।

(ਬਾਕੀ ਸਫ਼ਾ 31 ’ਤੇ)

# ਕੀ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਪੁਨਰ ਸੁਰਜੀਤ ਕਰ ਸਕਦੇ ਹਾਂ ?



ਪ੍ਰੋ. ਲਖਵਿੰਦਰ ਸਿੰਘ

ਪੰਜਾਬ ਦੀ ਆਰਥਿਕਤਾ ਲੰਮੇ ਸਮੇਂ ਤੋਂ ਆਪਣੇ ਵਿਕਾਸ ਕਰਨ ਦੀ ਸਮਰੱਥਾ ਤੋਂ ਹੌਲੀ ਰਫ਼ਤਾਰ ਨਾਲ ਵਿਕਾਸ ਕਰ ਰਹੀ ਹੈ। ਵੀਹਵੀਂ ਸਦੀ ਦੇ ਅੰਤ (2000) ਵਿੱਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਦੇਸ਼ ਵਿੱਚ ਪਹਿਲੇ ਨੰਬਰ 'ਤੇ ਸੀ। ਪਿਛਲੇ ਦੋ ਦਹਾਕਿਆਂ ਦੇ ਆਰਥਿਕ ਵਿਕਾਸ ਤੋਂ ਬਾਅਦ ਹੁਣ 'ਪ੍ਰਮੁੱਖ ਸੂਬਿਆਂ ਵਿਚੋਂ ਪੰਜਾਬ ਦਸਵੇਂ ਸਥਾਨ ਨਾਲ ਪਿੱਛੇ ਰਹਿ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਅਤੇ ਬਹੁ-ਪਰਤੀ ਗ਼ਰੀਬੀ ਸੂਚਕ ਅੰਕ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਵੀ ਪੰਜਾਬ ਪ੍ਰਮੁੱਖ ਸੂਬਿਆਂ ਵਿਚੋਂ ਕ੍ਰਮਵਾਰ ਤੀਜੇ ਅਤੇ ਪੰਜਵੇਂ ਸਥਾਨ 'ਤੇ ਹੈ। ਪੰਜਾਬ ਦੀ ਆਰਥਿਕਤਾ ਨੇ 2015-16 ਤੋਂ 2022-23 ਦੇ ਸਮੇਂ ਦਰਮਿਆਨ, ਸਥਿਰ ਕੀਮਤਾਂ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ ਦੀ 4.7 ਫ਼ੀਸਦੀ ਵਿਕਾਸ ਦਰ ਹਾਸਿਲ ਕੀਤੀ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ ਆਰਥਿਕਤਾ ਤਾਂ ਵਧ ਰਹੀ ਹੈ ਪਰ ਰਫ਼ਤਾਰ ਧੀਮੀ ਹੈ, ਸਿੱਟੇ ਵਜੋਂ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਔਸਤ ਨਾਲੋਂ ਘੱਟ ਦਰ 'ਤੇ ਵਧ ਰਹੀ ਹੈ।

ਪੰਜਾਬ ਸਰਕਾਰ ਦੇ ਅਨੁਮਾਨਾਂ ਅਨੁਸਾਰ, 2022 ਵਿੱਚ ਸੂਬੇ ਵਿਚ 2,23,207 ਨੌਜਵਾਨ ਬੇਰੁਜ਼ਗਾਰ ਸਨ ਜਿਨ੍ਹਾਂ ਵਿਚੋਂ 31 ਫ਼ੀਸਦੀ ਪੜ੍ਹੇ-ਲਿਖੇ ਹੁਨਰਮੰਦ ਅਤੇ ਬਾਕੀ ਪੜ੍ਹੇ-ਲਿਖੇ ਪਰ ਗ਼ੈਰ-ਹੁਨਰਮੰਦ ਸਨ। ਸੂਬੇ ਦੇ ਨੌਜਵਾਨਾਂ ਨੂੰ ਸੂਬੇ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਲੱਭਣੇ ਪੈ ਰਹੇ ਹਨ। ਇਸ ਦਾ ਕਾਰਨ, ਪੰਜਾਬ ਵਿੱਚ ਪੜ੍ਹੇ-ਲਿਖਿਆਂ ਵਿੱਚ ਬੇਰੁਜ਼ਗਾਰੀ ਦੀ ਦਰ ਬਹੁਤ ਉੱਚੀ ਹੋਣਾ ਅਤੇ ਨੌਕਰੀਆਂ ਕਰ ਰਹੇ ਨੌਜਵਾਨਾਂ ਵਿੱਚ ਨੌਕਰੀਆਂ ਦੀ ਮਾੜੀ ਕੁਆਲਿਟੀ/ਗੁਣਵੱਤਾ ਹੋਣ ਕਾਰਨ ਭਾਰੀ ਅਸੰਤੁਸ਼ਟੀ ਹੋਣਾ ਹੈ।

ਆਜ਼ਾਦੀ ਤੋਂ ਬਾਅਦ ਪੰਜਾਬ ਦੀ ਵੰਡ ਹੋਣ ਕਰ ਕੇ ਪੰਜਾਬ ਸਰਕਾਰ ਨੇ ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਪੰਜਾਬੀਆਂ ਦੇ ਮੁੜ ਵਸੇਬੇ ਲਈ ਕਈ ਕਦਮ ਚੁੱਕੇ। ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਖੇਤੀਬਾੜੀ ਲਈ ਜ਼ਮੀਨ ਦੀ ਤੇਜ਼ੀ ਨਾਲ ਵੰਡ ਅਤੇ ਮਕਾਨਾਂ ਦੀ ਉਸਾਰੀ ਲਈ ਉੱਦਮ ਕੀਤੇ। ਸਰਕਾਰ ਨੇ ਭੂਮੀ ਸੁਧਾਰਾਂ ਤਹਿਤ ਕਈ ਨਵੀਆਂ ਪਹਿਲਕਦਮੀਆਂ ਵੀ ਕੀਤੀਆਂ ਜਿਵੇਂ ਰਾਜ ਅਤੇ ਅਸਲ ਕਾਸ਼ਤਕਾਰਾਂ ਵਿਚਕਾਰ ਵਿਚੋਲਗੀ ਖਤਮ ਕਰਨਾ, ਬਹੁਤ ਛੋਟੀਆਂ ਜ਼ਮੀਨੀ ਜੋਤਾਂ ਨੂੰ ਇਕੱਠਾ ਕਰਨਾ, ਜੋਤਾਂ 'ਤੇ ਹੱਦਬੰਦੀ ਲਗਾਉਣਾ, ਜ਼ਮੀਨ ਦਾ ਕਿਰਾਇਆ ਤੈਅ ਤੇ ਨਿਯਮਤ ਕਰਨਾ, ਕਿਰਾਏਦਾਰਾਂ ਨੂੰ ਸੁਰੱਖਿਆ ਮੁਹੱਈਆ ਕਰਨਾ, ਕਬਜ਼ਾਧਾਰੀ ਕਿਰਾਏਦਾਰਾਂ ਨੂੰ ਜਾਇਦਾਦ ਦੇ ਅਧਿਕਾਰ ਦੇਣਾ ਆਦਿ। ਇਨ੍ਹਾਂ ਸਾਰੇ ਨੀਤੀਗਤ ਫ਼ੈਸਲਿਆਂ ਨੇ ਖੇਤੀਬਾੜੀ ਖੇਤਰ ਦੇ ਉਤਪਾਦਨ ਵਿੱਚ ਵਾਧੇ ਲਈ ਲੋੜੀਂਦੀ ਸਮਰੱਥਾ ਪੈਦਾ ਕੀਤੀ। ਇਸੇ ਤਰ੍ਹਾਂ ਸਿੰਜਾਈ ਲਈ ਨਹਿਰਾਂ ਦਾ ਜਾਲ, ਪੇਂਡੂ ਬਿਜਲੀਕਰਨ, ਖੇਤੀਬਾੜੀ ਕਰਜ਼ਾ, ਨਿਯੰਤ੍ਰਿਤ ਅਨਾਜ ਮੰਡੀ ਪ੍ਰਣਾਲੀ, ਖੇਤੀਬਾੜੀ ਖੋਜ ਤੇ ਪਸਾਰ ਪ੍ਰਣਾਲੀ ਅਤੇ ਪੇਂਡੂ ਖੇਤਰਾਂ ਵਿੱਚ ਸੜਕੀ ਜਾਲ ਵਿਕਸਤ ਕਰਨ ਵਿੱਚ ਭਾਰੀ ਨਿਵੇਸ਼ ਕੀਤਾ ਗਿਆ। ਪੰਜਾਬ ਦੀ ਇਸ ਨੀਤੀ ਨੇ 1950 ਅਤੇ 1960 ਦੇ ਦਹਾਕਿਆਂ ਵਿੱਚ ਇਨ੍ਹਾਂ ਸੰਸਥਾਈ ਪ੍ਰਬੰਧਾਂ ਨੂੰ ਲਾਗੂ ਅਤੇ ਵਿਕਸਤ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਜਿਸ ਨੇ ਆਧੁਨਿਕ ਖੇਤੀਬਾੜੀ ਵਿਕਾਸ ਦੀ ਸਥਾਪਨਾ ਅਤੇ ਪ੍ਰਫੁੱਲਤ ਕਰਨ ਲਈ ਸਮਰੱਥ ਵਾਤਾਵਰਨ ਮੁਹੱਈਆ ਕਰਨ ਵਿਚ ਕੇਂਦਰੀ ਭੂਮਿਕਾ ਨਿਭਾਈ ਸੀ। ਇਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਦੇ ਸੰਤੁਲਿਤ ਵਿਕਾਸ ਲਈ ਸਰਕਾਰ ਨੇ ਉਦਯੋਗਿਕ ਟਾਊਨਸ਼ਿਪਾਂ ਦੀ ਸਥਾਪਨਾ ਵੀ ਕੀਤੀ ਅਤੇ ਉਦਯੋਗਿਕ ਅਦਾਰਿਆਂ ਨੂੰ ਲੋੜੀਂਦੇ ਹੁਨਰਮੰਦ ਕਰਮਚਾਰੀਆਂ ਦੀ ਸਪਲਾਈ ਕਰਨ ਲਈ ਲੋੜੀਂਦੇ ਸਿਖਲਾਈ ਸੰਸਥਾਵਾਂ ਦਾ ਨਿਰਮਾਣ ਵੀ ਕੀਤਾ। ਸੂਬੇ ਵਿੱਚ ਸਮਾਜਿਕ ਸੇਵਾਵਾਂ ਦੀ ਪੂਰਤੀ ਅਤੇ ਹਰ ਲੋੜਵੰਦ ਸ਼ਹਿਰੀ ਤੱਕ ਪਹੁੰਚਾਉਣ ਨੂੰ ਵੀ ਯਕੀਨੀ ਬਣਾਇਆ। ਕਿਰਤੀਆਂ ਵਿੱਚ ਵਧਦੀ ਗਤੀਸ਼ੀਲਤਾ ਨੂੰ ਪ੍ਰਾਪਤ ਕਰਨ ਲਈ ਵਿਦਿਅਕ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਵੀ ਸਥਾਪਿਤ ਕੀਤੀਆਂ।

1966 ਵਿੱਚ ਜਦੋਂ ਪੰਜਾਬ ਦਾ ਭਾਸ਼ਾ ਦੇ ਆਧਾਰ 'ਤੇ ਪੁਨਰ ਗਠਨ ਕੀਤਾ ਗਿਆ ਤਾਂ ਉਸ ਵਕਤ ਭਾਰਤ ਅਨਾਜ ਦੇ ਸੰਕਟ ਨਾਲ ਜੂਝ ਰਿਹਾ ਸੀ। ਪੰਜਾਬ ਨੇ ਇਸ ਚੁਣੌਤੀ ਨੂੰ ਸਹਿਜੇ ਹੀ ਸਵੀਕਾਰ ਕਰ ਲਿਆ ਅਤੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਦੇਸ਼ ਨੂੰ ਅਨਾਜ ਵਿਚ ਆਤਮ-ਨਿਰਭਰ ਬਣਾ ਦਿੱਤਾ। ਹਰੀ ਕ੍ਰਾਂਤੀ ਨੇ ਨਾ ਸਿਰਫ਼ ਦੇਸ਼ ਨੂੰ ਭੋਜਨ ਸੁਰੱਖਿਆ ਦਿੱਤੀ ਬਲਕਿ ਸੂਬੇ ਵਿੱਚ ਕਈ ਆਰਥਿਕ, ਸਮਾਜਿਕ ਅਤੇ ਰਾਜਨੀਤਕ ਬਦਲਾਅ ਵੀ ਕੀਤੇ। ਦੋ ਫ਼ਸਲਾਂ, ਭਾਵ ਕਣਕ ਤੇ ਚੌਲਾਂ ਵਿੱਚ ਵਧ ਰਹੀ ਖੇਤੀ ਉਤਪਾਦਕਤਾ ਨੇ ਇਕ ਪਾਸੇ ਰੁਜ਼ਗਾਰ, ਆਮਦਨ ਤੇ ਬੱਚਤ ਵਿੱਚ ਵਾਧਾ



ਕੀਤਾ, ਦੂਜੇ ਪਾਸੇ ਖੇਤੀ ਨੂੰ ਵੰਨ-ਸਵੰਨਤਾ ਤੋਂ ਦੋ ਫ਼ਸਲੀ ਖੇਤੀ ਵਿੱਚ ਬਦਲ ਦਿੱਤਾ।

ਹਰੀ ਕ੍ਰਾਂਤੀ ਦੇ ਪਹਿਲੇ ਪੜਾਅ ਨੇ ਪੰਜਾਬ ਦੀ ਆਰਥਿਕਤਾ ਵਿੱਚ ਢਾਂਚਾਗਤ ਤਬਦੀਲੀਆਂ ਵੀ ਕੀਤੀਆਂ। ਪੰਜਾਬ ਦੇ ਵਿੱਚ ਖੇਤੀਬਾੜੀ ਦਾ ਹਿੱਸਾ 1966-67 ਵਿੱਚ 52.85 ਫ਼ੀਸਦੀ ਤੋਂ ਵਧ ਕੇ 1970-71 ਵਿੱਚ 54.27 ਫ਼ੀਸਦੀ ਹੋ ਗਿਆ। 1970 ਦੇ ਦਹਾਕੇ ਦੇ ਅੰਤ ਤੱਕ ਖੇਤੀਬਾੜੀ ਖੇਤਰ ਦੀ ਉਤਪਾਦਕਤਾ ਸਿਖਰ 'ਤੇ ਪਹੁੰਚ ਕੇ, 1980 ਤੋਂ ਬਾਅਦ ਖੇਤੀਬਾੜੀ ਦਾ ਸੂਬੇ ਦੀ ਆਰਥਿਕਤਾ ਵਿਚ ਹਿੱਸਾ ਘਟਣਾ ਸ਼ੁਰੂ ਹੋ ਗਿਆ, ਉਦਾਹਰਨ ਦੇ ਤੌਰ 'ਤੇ (1980-81 ਵਿੱਚ 49.45 ਪ੍ਰਤੀਸ਼ਤ) ਅਤੇ ਰੁਜ਼ਗਾਰ (1981 ਵਿੱਚ 58 ਪ੍ਰਤੀਸ਼ਤ)। ਸੂਬੇ ਦੀ ਆਰਥਿਕਤਾ ਦੇ ਵੱਖ ਵੱਖ ਖੇਤਰਾਂ ਦਰਮਿਆਨ ਆਪਸੀ ਸੰਬੰਧਾਂ ਦੀ ਘਾਟ, ਆਰਥਿਕਤਾ ਦੀ ਘਟਦੀ ਵਿਕਾਸ ਦਰ, ਖੇਤੀ ਉਤਪਾਦਕਤਾ ਵਿੱਚ ਖੜੋਤ ਅਤੇ ਖੇਤੀ ਤੋਂ ਬਾਹਰ ਵਧੀਆ ਰੁਜ਼ਗਾਰ ਦੀ ਅਣਹੋਂਦ ਨੂੰ ਧਨੀ/ਵੱਡੀ ਕਿਸਾਨੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਭਾਰਤ ਸਰਕਾਰ ਨੇ 1991 ਵਿੱਚ ਨਵੀਆਂ ਆਰਥਿਕ ਨੀਤੀਆਂ ਅਪਣਾਈਆਂ ਤਾਂ ਪੰਜਾਬ ਸ਼ਾਂਤੀ ਬਹਾਲੀ ਲਈ ਸੰਘਰਸ਼ ਕਰ ਰਿਹਾ ਸੀ। 1990 ਦੇ ਦਹਾਕੇ ਵਿੱਚ ਰਾਜਨੀਤਕ ਲੀਡਰਸ਼ਿਪ ਦੇ ਨਵੇਂ ਤਜਰਬੇ ਅਤੇ ਢੰਗ ਦੇ ਨਾਲ ਸ਼ਾਂਤੀ ਅਤੇ ਜਮਹੂਰੀ ਪ੍ਰਕਿਰਿਆਵਾਂ ਨੂੰ ਬਹਾਲ ਕੀਤਾ ਗਿਆ ਸੀ ਤਾਂ ਜੋ ਰਾਸ਼ਟਰ ਨਾਲ ਆਪਣੀਆਂ ਨੀਤੀਆਂ ਨੂੰ ਇਕਸੁਰ ਕੀਤਾ ਜਾ ਸਕੇ। ਪੰਜਾਬ ਦੀ ਰਾਜਨੀਤਕ ਲੀਡਰਸ਼ਿਪ ਨੇ ਕਾਫ਼ੀ ਚਲਾਕੀ ਨਾਲ ਨੌਕਰਸ਼ਾਹੀ ਦੇ ਨਾਲ ਸਾਂਝ-ਭਿਆਲ਼ੀ ਬਣਾ ਕੇ ਅਤੇ 'ਆਮ ਵਾਂਗ ਕਾਰੋਬਾਰ' ਤੇ 'ਚਲਦਾ ਹੈ' ਦੀ ਨੀਤੀ 'ਤੇ ਚੱਲਣ ਲੱਗ ਪਈ। ਰਾਜ ਯੋਜਨਾ ਬੋਰਡ ਤੋਂ ਲੈ ਕੇ ਸਥਾਨਕ ਪੱਧਰ ਤੱਕ ਸੰਸਥਾਈ ਢਾਂਚੇ ਦੀ ਕਾਰਜ ਕੁਸ਼ਲਤਾ ਬਹਾਲ ਕਰਨ ਦੀ ਬਜਾਇ, ਉਨ੍ਹਾਂ ਨੇ ਸਿਹਤ ਅਤੇ ਸਿੱਖਿਆ 'ਤੇ ਖਰਚੇ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ ਹੈ ਜਿਸ ਨੇ ਨੌਜਵਾਨ ਪੀੜ੍ਹੀ ਦੀ ਸਮਰੱਥਾ ਅਤੇ ਕਾਬਲੀਅਤ ਵਧਾਉਣ ਦੀ ਬਜਾਇ ਹੋਰ ਕਮਜ਼ੋਰ ਕਰ ਦਿੱਤਾ। ਰਾਜਨੀਤਕ ਲੀਡਰਸ਼ਿਪ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਮਾੜੀ ਸ਼ਾਸਨ ਪ੍ਰਣਾਲੀ ਕਾਫ਼ੀ ਮਦਦਗਾਰ ਸਾਬਤ ਹੋਈ। ਇਸ ਸਮੇਂ ਦੌਰਾਨ ਰਾਜਨੀਤਕ ਲੀਡਰਸ਼ਿਪ ਲੋਕ ਹਿੱਤਾਂ ਤੇ ਸੇਵਾ ਕਰਨ ਵਾਲੇ ਨੇਤਾਵਾਂ ਤੋਂ 'ਵਪਾਰਕ ਉੱਦਮੀਆਂ' ਵਾਲੇ ਨੇਤਾਵਾਂ ਵਿਚ ਬਦਲ ਗਈ। ਨਤੀਜੇ ਵਜੋਂ ਆਮ ਜਨਤਾ ਦੀ ਆਮਦਨ ਘਟਣ ਲੱਗੀ ਜਾਂ ਹੌਲੀ ਰਫ਼ਤਾਰ ਨਾਲ ਵਧਣ ਲੱਗੀ, ਰਾਜਨੀਤਕ ਨੇਤਾਵਾਂ ਦੀ ਦੌਲਤ ਅਤੇ ਆਮਦਨ ਅਸਮਾਨ ਨੂੰ ਛੂਹ ਗਈ। ਇਸ ਨਾਲ ਸਨਅਤੀ ਪੂੰਜੀ ਦਾ ਪੰਜਾਬ ਤੋਂ ਨਿਕਲਣਾ/ਪਰਵਾਸ ਹੋਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਵਿਚੋਂ ਜ਼ਿਆਦਾਤਰ ਨਵਾਂ ਉਦਯੋਗਿਕ ਨਿਵੇਸ਼ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਇਆ ਹੈ। ਕਾਰਪੋਰੇਟ ਉਦਯੋਗਿਕ ਨਿਵੇਸ਼ ਦੇ ਨਾਲ ਨਾਲ ਸਿੱਧੇ ਵਿਦੇਸ਼ੀ ਨਿਵੇਸ਼ ਨੇ ਵੀ ਪੰਜਾਬ ਨੂੰ ਆਪਣੇ ਨਿਵੇਸ਼ ਲਈ ਮੰਜ਼ਿਲ ਵਜੋਂ ਤਰਜੀਹ ਨਹੀਂ ਦਿੱਤੀ। ਇਸ ਦੇ ਨਾਲ ਹੀ ਮਾਲ ਭਾੜਾ ਬਰਾਬਰੀ ਦੀ ਨੀਤੀ ਨੂੰ ਖ਼ਤਮ ਕਰਨ ਨਾਲ ਪੰਜਾਬ ਦੇ ਦੋ ਸਨਅਤੀ ਸ਼ਹਿਰਾਂ (ਮੰਡੀ ਗੋਬਿੰਦਗੜ੍ਹ ਤੇ ਬਟਾਲਾ) ਵਿੱਚ ਸਟੀਲ ਅਤੇ ਫਾਊਂਡਰੀ ਉਦਯੋਗ ਲਗਭਗ ਬੰਦ ਹੋ ਗਿਆ। ਸਨਅਤੀ ਮੁਕਾਬਲੇ ਕਾਰਨ ਜਲੰਧਰ ਅਤੇ ਅੰਮ੍ਰਿਤਸਰ ਸਨਅਤੀ ਟਾਊਨਸ਼ਿਪ ਵੀ ਸੁੰਗੜ ਗਏ ਅਤੇ ਉਦਯੋਗ ਨੂੰ ਬਚਾਉਣ ਲਈ ਲੋੜੀਂਦਾ ਸਰਕਾਰੀ ਸਹਿਯੋਗ ਨਹੀਂ ਮਿਲ ਸਕਿਆ।

ਸਮੇਂ ਦੇ ਚੱਲਦੇ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਦੇ ਵਿਰੁੱਧ ਹੋ ਗਈਆਂ ਅਤੇ ਛੋਟੀ ਕਿਸਾਨੀ ਆਧਾਰਿਤ ਖੇਤੀ ਕਾਫ਼ੀ ਸੰਕਟ ਵਿੱਚ ਆ ਗਈ। ਵਧਦੀਆਂ ਇਨਪੁਟਸ ਲਾਗਤਾਂ ਅਤੇ ਇਨਪੁਟਸ ਦੀ ਘਟਦੀ ਪ੍ਰਭਾਵਸ਼ੀਲਤਾ ਕਾਰਨ ਕਿਸਾਨਾਂ ਦੀ ਆਮਦਨ ਵਿੱਚ ਗਿਰਾਵਟ ਆ ਗਈ ਅਤੇ ਕਿਸਾਨੀ ਨੂੰ ਕਰਜ਼ੇ ਚੁੱਕ ਕੇ ਗੁਜ਼ਾਰਾ ਕਰਨਾ ਪਿਆ। ਨਤੀਜੇ ਵਜੋਂ ਸੂਬੇ ਦੀ ਕਿਸਾਨੀ ਦਾ ਵੱਡਾ ਹਿੱਸਾ ਕਰਜ਼ਈ ਹੋ ਗਿਆ ਅਤੇ ਬਹੁਤ ਮਜ਼ਬੂਤ ਭਾਈਚਾਰਾ ਖੇਰੂੰ ਖੇਰੂੰ ਹੋ ਗਿਆ ਅਤੇ ਖੁਦਕੁਸ਼ੀ ਕਰਨ ਦੇ ਰਾਹ ਪੈ ਗਿਆ।

ਹੁਣ ਸਵਾਲ ਹੈ ਕੀ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮੁੜ ਜਿੰਦਾ/ਸੁਰਜੀਤ/ਉਸਾਰੀ ਕਰ ਸਕਦੇ ਹਾਂ? ਜਵਾਬ ਹੈ ਕਿ ਬਿਲਕੁਲ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਲਈ ਪੰਜਾਬ ਦੀ ਆਰਥਿਕਤਾ ਨੂੰ ਦਰਪੇਸ਼ ਵੱਡੀਆਂ ਰੁਕਾਵਟਾਂ ਅਤੇ ਉਨ੍ਹਾਂ ਰੁਕਾਵਟਾਂ ਦੇ ਸੋਮਿਆਂ ਅਤੇ ਕਾਰਨਾਂ ਦੀ ਪਛਾਣ ਕਰਨੀ ਪਵੇਗੀ।

ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਰੁਕਾਵਟ ਸੂਬੇ ਸਿਰ ਚੜ੍ਹੇ ਮਣਾਂ-ਮੂੰਹੀਂ ਕਰਜ਼ੇ ਦੀ ਪੰਡ ਦੀ ਹੈ। ਮਾਰਚ 2023 ਦੇ ਅੰਤ ਵਿੱਚ ਸੂਬੇ ਸਿਰ 3.13 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਜਦੋਂ ਮਾਰਚ 2022 ਵਿੱਚ 2.82 ਲੱਖ ਕਰੋੜ ਰੁਪਏ ਸੀ। ਪਿਛਲੀ ਸਰਕਾਰ ਨੇ ਵੀ ਆਪਣੇ ਪਿਛਲੇ ਤਿੰਨ ਸਾਲਾਂ ਵਿੱਚ ਹਰ ਸਾਲ ਸੂਬੇ ਸਿਰ 35201.87 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ ਹੈ। ਇਸੇ ਸਮੇਂ ਦੌਰਾਨ ਲਏ ਕਰਜ਼ੇ ਨੂੰ ਵਾਪਸ ਕਰਨ ਲਈ ਹਰ ਸਾਲ 18209.8 ਕਰੋੜ ਰੁਪਏ ਵਿਆਜ ਅਤੇ 14257.98 ਕਰੋੜ ਰੁਪਏ ਮੂਲ, ਭਾਵ ਕੁੱਲ 32467.78 ਕਰੋੜ ਰੁਪਏ ਖ਼ਰਚ ਕੀਤੇ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿੱਚ ਕੇਵਲ 2734.09 ਕਰੋੜ ਰੁਪਏ ਹੀ ਪ੍ਰਾਪਤ ਹੋਏ ਜੋ ਸਾਲ ਵਿੱਚ ਲਏ ਕੁੱਲ ਕਰਜ਼ੇ ਦਾ 7.8 ਫ਼ੀਸਦੀ ਹੀ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਗਿਆ।

ਮੁਦਰਾ ਅਤੇ ਵਿੱਤੀ ਦੋਵਾਂ ਨੀਤੀਆਂ ਦੇ ਵਧਦੇ ਕੇਂਦਰੀਕਰਨ ਨੇ ਪੰਜਾਬ ਵਿਚੋਂ ਨਿਵੇਸ਼ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਵਧਾਇਆ ਹੈ।

ਦੂਸਰਾ ਮਹੱਤਵਪੂਰਨ ਪਹਿਲੂ ਸੂਬੇ ਦਾ ਉਤਪਾਦਨ ਅਤੇ ਰੁਜ਼ਗਾਰ ਢਾਂਚਾ ਹੈ ਜੋ ਪੰਜਾਬ ਦੀ ਆਰਥਿਕਤਾ ਦੀ ਤੇਜ਼ੀ ਨਾਲ ਪ੍ਰਗਤੀ ਦੀ ਰੋਕ ਨੂੰ ਦਰਸਾਉਂਦਾ ਹੈ। ਸਪੱਸ਼ਟ ਤੌਰ 'ਤੇ ਪੰਜਾਬ ਦੇ ਖੇਤੀਬਾੜੀ ਖੇਤਰ ਵਿੱਚ ਖੜੋਤ ਆ ਗਈ ਹੈ ਅਤੇ ਉਦਯੋਗਿਕ ਖੇਤਰ ਦਾ ਵੱਡਾ ਹਿੱਸਾ ਘੱਟ ਉਤਪਾਦਕਤਾ-ਘੱਟ ਉਜਰਤ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਗਿਆ ਹੈ। ਤੀਜੀ ਰੁਕਾਵਟ ਕਰਮਚਾਰੀਆਂ ਦਾ ਹੁਨਰ ਆਧਾਰ ਹੈ। ਇਹ ਸਭ ਜਾਣਦੇ ਹਨ ਕਿ ਪੰਜਾਬੀਆਂ ਨੂੰ ਉੱਦਮੀ ਅਤੇ ਲੀਡਰਸ਼ਿਪ ਦੇ ਗੁਣਾਂ ਵਿੱਚ ਉੱਤਮ ਮੰਨਿਆ ਜਾਂਦਾ ਹੈ। ਇਸ ਲਾਭ ਨੂੰ ਆਰਥਿਕਤਾ ਦੀ ਲੰਬੇ ਸਮੇਂ ਦੀ ਹੌਲੀ ਪ੍ਰਗਤੀ ਅਤੇ ਵਿਦਿਅਕ ਤੇ ਸਿਹਤ ਸੰਸਥਾਵਾਂ ਵਿਚ ਘਟਾਏ ਨਿਵੇਸ਼ ਨੇ ਕਮਜ਼ੋਰ ਕੀਤਾ ਹੈ।

ਚੌਥਾ, ਜਨਤਕ ਨੀਤੀ ਲਾਗੂ ਕਰਨ ਅਤੇ ਮੁਲਾਂਕਣ ਕਰਨ ਵਾਲੀਆਂ ਸੰਸਥਾਵਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਦੇ ਸ਼ੁਰੂਆਤੀ ਦੌਰ ਵਿਚ ਵਿਕਾਸ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ 1980 ਦੇ ਦਹਾਕੇ ਤੋਂ ਬਾਅਦ ਇਹ ਸੰਸਥਾਵਾਂ ਬੇਅਸਰ ਹੋ ਗਈਆਂ ਅਤੇ ਇਹ ਪ੍ਰਕਿਰਿਆ ਨੌਕਰਸ਼ਾਹੀ ਦੇ ਕਬਜ਼ੇ ਤੇ ਦਬਾਅ ਹੇਠ ਆ ਗਈ। ਪੰਜਾਬ ਦੀ ਆਰਥਿਕਤਾ ਨੂੰ ਗਤੀਸ਼ੀਲ ਬਣਾਉਣ ਲਈ ਜਨਤਕ ਨੀਤੀ ਸੰਸਥਾਵਾਂ ਦੀ ਕਾਰਜਸ਼ੀਲਤਾ ਦੇ ਇਸ ਕਦਮ ਨੂੰ ਸਰਗਰਮ ਕਰਨ ਦੀ ਲੋੜ ਹੈ।

ਇਨ੍ਹਾਂ ਕਾਰਕਾਂ ਨੇ ਮਿਲ ਕੇ ਪੰਜਾਬ ਵਿਚ ਉਦਯੋਗੀਕਰਨ ਨੂੰ ਨਿਰਾਸ਼ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਉੱਚ ਉਤਪਾਦਕਤਾ ਦੇ ਆਧਾਰ 'ਤੇ ਹਰ ਸੰਭਵ ਅਨੁਕੂਲ ਹਾਲਾਤ ਪੈਦਾ ਕਰਨ ਦੇ ਬਾਵਜੂਦ ਖੇਤੀਬਾੜੀ ਨੇ ਕਾਫ਼ੀ ਨਿਵੇਸ਼ਯੋਗ ਵਾਧੂ ਧਨ ਪੈਦਾ ਕੀਤਾ। ਇਸ ਦੇ ਨਾਲ ਹੀ ਹੁਣ ਜੇਕਰ ਕੌਮਾਂਤਰੀ ਸਰਹੱਦ ਉੱਤੇ ਤਣਾਅ ਘਟਾਇਆ ਜਾਂਦਾ ਹੈ ਤਾਂ ਯਕੀਨਨ ਸਮੁੱਚੇ ਤੌਰ ਤੇ, ਪੰਜਾਬ ਅਤੇ ਇੱਥੋਂ ਤੱਕ ਕਿ ਗੁਆਂਢੀ ਸੂਬਿਆਂ (ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਜੰਮੂ ਕਸ਼ਮੀਰ) ਨੂੰ ਵੀ ਲਾਭ ਹੋਵੇਗਾ। ਨਾਲ ਹੀ ਜੇਕਰ ਪਾਕਿਸਤਾਨ ਅਤੇ ਹੋਰ ਦੇਸ਼ਾਂ ਲਈ ਜ਼ਮੀਨੀ ਮਾਰਗ ਵਪਾਰ ਲਈ ਖੋਲ੍ਹਿਆ ਜਾਂਦਾ ਹੈ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸਾਰੀਆਂ ਸੰਬੰਧਿਤ ਧਿਰਾਂ ਨੂੰ ਸ਼ਾਮਿਲ ਕਰ ਕੇ ਅਤੇ ਚਿਰ-ਟਿਕਾਊ ਵਿਕਾਸ ਲਈ, ਪੰਜਾਬ ਸਰਕਾਰ ਵੱਲੋਂ ਮੌਕੇ ਤਲਾਸ਼ਣ ਤੇ ਉਭਾਰਨ ਅਤੇ ਆਰਥਿਕਤਾ ਤੇ ਲੰਮੇ ਸਮੇਂ ਤੋਂ ਲਟਕ ਰਹੀਆਂ ਰੁਕਾਵਟਾਂ ਦੂਰ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਪੰਜਾਬ ਦੀ ਆਰਥਿਕਤਾ ਨੂੰ ਨਾ ਸਿਰਫ਼ ਰੁਕਾਵਟਾਂ ਅਤੇ ਸਮੱਸਿਆਵਾਂ ਨੂੰ ਪਾਸੇ ਕਰਨ ਲਈ ਸਗੋਂ ਪੰਜਾਬ ਨੂੰ ਵਿਕਾਸ ਪੱਖੋਂ 21ਵੀਂ ਸਦੀ ਦਾ ਆਰਥਿਕ ਮਾਡਲ ਬਣਾਉਣ ਲਈ ਸਮੂਹਿਕ ਕਾਰਵਾਈ ਵਾਲੀ ਰਣਨੀਤੀ ਨੂੰ ਕੰਮ ਵਿੱਚ ਲਿਆਉਣਾ ਚਾਹੀਦਾ ਹੈ। ਨਿਵੇਸ਼ਕਾਂ ਅਤੇ ਆਮ ਪੰਜਾਬੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੂੰ ਆਪ ਨਿਵੇਸ਼ ਕਰਨਾ ਚਾਹੀਦਾ ਹੈ। ਸੂਬੇ ਨਾਲ ਸੰਬੰਧਿਤ ਉੱਦਮੀ ਸਰਕਾਰ ਦੀ ਅਜਿਹੀ ਪਹਿਲਕਦਮੀ ਦਾ ਨਿਸ਼ਚੇ ਹੀ ਸਵਾਗਤ ਕਰਨਗੇ।

# ਆਰਟੀਫ਼ੀਸ਼ੀਅਲ ਇੰਟੇਲੀਜੈਂਸ ਬਾਰੇ ਸਾਰਥਿਕ ਬਹਿਸ ਦੀ ਲੋੜ



ਡਾ. ਬਿਕਰਮ ਸਿੰਘ ਵਿਰਕ

ਕੰਪਿਊਟਰ ਦੇ ਹੋਂਦ ਵਿੱਚ ਆਉਣ ਉਪਰੰਤ ਕਈ ਸਾਰੀਆਂ ਮਸ਼ੀਨਾਂ ਅਜਿਹੀਆਂ ਵੀ ਆ ਗਈਆਂ, ਜਿਨ੍ਹਾਂ ਨੂੰ ਮਨੁੱਖਾਂ ਦੀ ਬਜਾਏ ਕੰਪਿਊਟਰ ਹੀ ਆਦੇਸ਼ ਦੇ ਸਕਦੇ ਸਨ ਅਤੇ ਮਨੁੱਖ ਦਾ ਰੋਲ ਮਨਫ਼ੀ ਹੋ ਗਿਆ। ਕਈ ਫੈਕਟਰੀਆਂ ਵਿੱਚ ਮਨੁੱਖ ਦੀ ਥਾਂ ’ਤੇ ਰੋਬੋਟ ਕੰਮ ਕਰਨ ਲੱਗ ਪਏ। ਇੰਜ ਬੰਦਿਆਂ ਦੀ ਥਾਂ ਮਸ਼ੀਨਾਂ ਨੇ ਲੈ ਲਈ ਅਤੇ ਇਸ ਕਾਰਨ ਬਹੁਤ ਸਾਰੇ ਲੋਕ ਬੇਰੁਜ਼ਗਾਰ ਵੀ ਹੋ ਗਏ।

ਪਰ ਹੁਣ ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਸੋਚਣ, ਸਮਝਣ ਅਤੇ ਹਾਲਾਤ ਅਨੁਸਾਰ ਤਰਕਸੰਗਤ ਤਰੀਕੇ ਨਾਲ ਸਹੀ ਕਾਰਵਾਈ ਕਰਨ ਦੀ ਸ਼ਕਤੀ ਕੇਵਲ ਮਨੁੱਖ ਕੋਲ ਹੀ ਹੈ ਅਤੇ ਕੋਈ ਵੀ ਮਸ਼ੀਨ ਇਸ ਤਰ੍ਹਾਂ ਦੀ ਨਹੀਂ ਤਿਆਰ ਹੋ ਸਕਦੀ, ਜਿਸ ਕੋਲ ਕਿ ਮਨੁੱਖ ਵਰਗੀ ਬੁੱਧੀ, ਦਿਮਾਗ ਜਾਂ ਸੋਚਣ ਸ਼ਕਤੀ ਹੋਵੇ। ਪ੍ਰੰਤੂ ਪਿਛਲੇ ਸਮੇਂ ਵਿੱਚ ਇੱਕ ਨਵਾਂ ਸੰਕਲਪ ਹੋਂਦ ਵਿੱਚ ਆਇਆ ਹੈ, ਜਿਸ ਨੂੰ ‘ਆਰਟੀਫੀਸ਼ੀਅਲ ਇੰਟੇਲੀਜੈਂਸ’ ਦਾ ਨਾਂਅ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਵਿੱਚ ‘ਬਨਾਉਟੀ-ਬੁੱਧੀ’ ਕਿਹਾ ਜਾ ਸਕਦਾ ਹੈ। ਇਸ ਦੀ ਮਦਦ ਨਾਲ ਕੋਈ ਵੀ ਕੰਪਿਊਟਰ ਪ੍ਰੋਗਰਾਮ ਮਸ਼ੀਨਾਂ ਨੂੰ ਮਨੁੱਖ ਵਾਂਗ ਹੀ ਚਲਾ ਸਕਦਾ ਹੈ, ਮਸ਼ੀਨ ਮਨੁੱਖੀ ਆਵਾਜ਼ ਵਿੱਚ ਆਦੇਸ਼ ਲੈ ਸਕਦੀ ਹੈ ਅਤੇ ਇਕ ਜ਼ੁਬਾਨੀ ਕਮਾਂਡ ਨਾਲ ਹੀ ਕਈ ਕੰਮ ਕਰ ਸਕਦੀ ਹੈ। ਹਾਲ ਵਿੱਚ ਹੀ ਚੈਟ ਜੀ.ਪੀ.ਟੀ. ਨਾਮੀ ਇੱਕ ਚੈਟ ਬੋਟ ਪ੍ਰੋਗਰਾਮ ਅਤੇ ਐਪ, ਜੋ ਕਿ ‘ਓਪਨ ਆਰਟੀਫੀਸ਼ੀਅਲ ਇੰਟੇਲੀਜੈਂਸ’ ਦੁਆਰਾ ਤਿਆਰ ਕੀਤੀ ਗਈ ਹੈ, ਹੋਂਦ ਵਿੱਚ ਆਈ ਹੈ ਅਤੇ ਇਸ ਦਾ 4.0 ਵਰਜ਼ਨ (ਸੰਸਕਰਨ) 14 ਮਾਰਚ 2023 ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਸ ਦੀਆਂ ਕਈ ਵਿਸ਼ੇਸ਼ਤਾਈਆਂ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਇਹ ਹਨ ਕਿ ਇਹ ਕਿਸੇ ਵੀ ਵਿਸ਼ੇ ’ਤੇ ਕਵਿਤਾ ਲਿਖ ਸਕਦਾ ਹੈ, ਸੰਗੀਤ ਤਿਆਰ ਕਰ ਸਕਦਾ ਹੈ, ਕਿਸੇ ਵਰਗੀ ਵੀ ਆਵਾਜ਼ ਕੱਢ ਸਕਦਾ ਹੈ, ਵਕਾਲਤ ਵਿੱਚ ਹਜ਼ਾਰਾਂ ਇਕੋ ਤਰ੍ਹਾਂ ਦੇ ਫ਼ੈਸਲੇ ਕੇਸ ਦੀ ਤਿਆਰੀ ਲਈ ਕੱਢ ਕੇ ਕੇਸ ਤਿਆਰ ਕਰ ਸਕਦਾ ਹੈ, ਡਾਕਟਰਾਂ ਨੂੰ ਆਪ੍ਰੇਸ਼ਨਾਂ ਵਿੱਚ ਮਦਦ ਕਰਨ ਦੇ ਨਾਲ-ਨਾਲ ਮਰੀਜ਼ ਦੀ ਬਿਮਾਰੀ ਅਨੁਸਾਰ ਸਭ ਤੋਂ ਢੁੱਕਵੀਂ ਦਵਾਈ ਸੁਝਾਅ ਸਕਦਾ ਹੈ। ਅਧਿਆਪਕਾਂ ਦੀ ਪੜ੍ਹਾਈ ਕਰਾਉਣ ਵਿੱਚ ਵੱਡੀ ਮਦਦ ਕਰ ਸਕਦਾ ਹੈ ਅਤੇ ਸਭ ਤੋਂ ਸਿਰਾ, ਇਹ ਆਪਣੀ ਤੇਜ਼ ਰਫ਼ਤਾਰੀ ਨਾਲ ਦੁਨੀਆਂ ਦੇ ਸਭ ਤੋਂ ਔਖੇ ਮੁਕਾਬਲੇ ਦੇ ਇਮਤਿਹਾਨਾਂ ਵਿੱਚ 90 ਫ਼ੀਸਦੀ ਤੋਂ ਵਧੇਰੇ ਲੋਕਾਂ ਨੂੰ ਪਛਾੜ ਸਕਣ ਦੇ ਕਾਬਿਲ ਹੈ। ਜੇਕਰ ਇਹ ਕਿਸੇ ਵਿਸ਼ੇਸ਼ ਵਿਅਕਤੀ ਦੀ ਆਵਾਜ਼ ਕੱਢਣ ਦੇ ਕਾਬਿਲ ਹੈ ਤਾਂ ਸਾਈਬਰ ਠੱਗਾਂ ਦਾ ਤਾਂ ਕੰਮ ਹੋਰ ਵੀ ਸੁਖਾਲਾ ਹੋ ਜਾਵੇਗਾ। ਹੁਣ ਤਾਂ ਉਹ ਅਨਜਾਣ ਨੰਬਰ ਤੋਂ ਫੋਨ ਕਰਕੇ ਪੁੱਛਦੇ ਹਨ ਕਿ ਪਛਾਣਿਆਂ ਨਹੀਂ। ਪਰ ਇਸ ਦੇ ਉਪਰੰਤ ਤਾਂ ਇਸ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ ਅਤੇ ਉਹ ਸਿੱਧੇ ਕਿਸੇ ਰਿਸ਼ਤੇਦਾਰ ਜਾਂ ਜਾਣਕਾਰ ਦੀ ਆਵਾਜ਼ ਅਤੇ ਡਾਟਾਬੇਸ ਵਿਚੋਂ ਉਸ ਵਿਅਕਤੀ ਬਾਬਤ ਜਾਣਕਾਰੀ ਲੈ ਕੇ ਭੋਲੇ-ਭਾਲੇ ਲੋਕਾਂ ਨੂੰ ਆਸਾਨੀ ਨਾਲ ਠੱਗ ਸਕਦੇ ਹਨ।

ਇਸ ਸੰਕਲਪ ਦੇ ਆਉਣ ਉਪਰੰਤ ਪੂਰੀ ਦੁਨੀਆ ਵਿੱਚ ਇੱਕ ਬਹਿਸ ਛਿੜ ਪਈ ਹੈ ਕਿ, ਕੀ ਇਹ ਆਉਣ ਵਾਲੇ ਸਮੇਂ ਵਿੱਚ ਮਨੁੱਖ ਅਤੇ ਸਮਾਜ ਦੀ ਹੋਂਦ ਲਈ ਵੱਡਾ ਖ਼ਤਰਾ ਤਾਂ ਨਹੀਂ ਬਣ ਜਾਵੇਗਾ? ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਐਲਨ ਮਸਕ, ਜੋ ਕਿ ਖ਼ੁਦ ਤਕਨਾਲੋਜੀ ਅਤੇ ਹੋਰ ਖੇਤਰਾਂ ਵਿੱਚ ਸੰਸਾਰ ਪ੍ਰਸਿੱਧ ਸਨਅਤਕਾਰ ਹੈ, ਨੇ ਇਸ ਨੂੰ ਮੁਨੱਖੀ ਸੱਭਿਅਤਾ ਲਈ ਖ਼ਤਰਾ ਦੱਸਦਿਆਂ ਇਹ ਕਿਹਾ ਹੈ ਕਿ ਇਹ ‘ਬਨਾਉਟੀ-ਬੁੱਧੀ’ ਐਟਮ ਬੰਬ ਤੋਂ ਵੀ ਵਧੇਰੇ ਖ਼ਤਰਨਾਕ ਸਾਬਤ ਹੋਵੇਗੀ। ਉਸ ਨੇ ਆਪਣੇ ਵਰਗੇ 1000 ਵਿਅਕਤੀਆਂ, ਜਿਨ੍ਹਾਂ ਵਿੱਚ ਪ੍ਰਸਿੱਧ ਸਾਇੰਸਦਾਨ ਗੈਰੀ ਮਾਰਕਸ ਅਤੇ ਐਪਲ ਦੇ ਸਹਿ-ਸੰਸਥਾਪਕ ਸਟੀਵ ਵੌਜ਼ਨਿਕ ਵੀ ਸ਼ਾਮਿਲ ਹਨ, ਦੇ ਦਸਤਖ਼ਤਾਂ ਹੇਠ ਬਨਾਉਟੀ-ਬੁੱਧੀ ਦੇ ਖੇਤਰ ਵਿੱਚ ਕੰਮ ਕਰਨ ਵਾਲਿਆਂ ਦੇ ਨਾਂਅ ਇੱਕ ਖ਼ਤ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ ਇਹ ਅਪੀਲ ਕੀਤੀ ਹੈ ਕਿ ਜਿੰਨੀ ਦੇਰ ਇਸ ਵਾਸਤੇ ਚੰਗੇ ਨਿਯੰਤਰਨ ਦੇ ਤਰੀਕੇ ਅਤੇ ਸਿਸਟਮ ਵਿਕਸਤ ਨਹੀਂ ਹੋ ਜਾਂਦੇ, ਇਸ ਖੇਤਰ ਵਿੱਚ ਅਗਲੀ ਖੋਜ ਨੂੰ ਰੋਕਿਆ ਜਾਵੇ। ਉਨ੍ਹਾਂ ਮੁਤਾਬਿਕ ਇਸ ਨਾਲ ਕਈ ਸਥਾਪਿਤ ਸੰਸਥਾਵਾਂ ਤਬਾਹ ਹੋ ਸਕਦੀਆਂ ਹਨ, ਜਿਨ੍ਹਾਂ ’ਚ ਦੁਨੀਆਂ ਭਰ ਵਿੱਚ ਸਰਕਾਰਾਂ ਚੁਣਨ ਲਈ ਲੋਕਾਂ ਦਾ ਵਧੀਆ ਹਥਿਆਰ ‘ਲੋਕਤੰਤਰ’ ਵੀ ਸ਼ਾਮਿਲ ਹੈ। ਇਸ ਦੇ ਚਰਚੇ ਅਮਰੀਕੀ ਚੋਣਾਂ ਵੇਲੇ ਵੀ ਹੋਏ ਸਨ ਕਿ ਕਿਵੇਂ ਵੋਟਰਾਂ ਦੇ ਮਨਾਂ ਨੂੰ ਇਕ ਖ਼ਾਸ ਤਰੀਕੇ ਨਾਲ ਇਕ ਖ਼ਾਸ ਵਿਅਕਤੀ ਜਾਂ ਪਾਰਟੀ ਨੂੰ ਵੋਟ ਪਾਉਣ ਲਈ ਵਕਤੀ ਤੌਰ ’ਤੇ ਪ੍ਰੇਰਿਆ ਗਿਆ ਅਤੇ ਹੁਣ ਤਾਂ ਇਹ ਹੋਰ ਵੀ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਕਿਸੇ ਵੀ ਨੇਤਾ ਜਾਂ ਪਾਰਟੀ ਦੇ ਹੱਕ ਵਿੱਚ ਜਾਂ ਖ਼ਿਲਾਫ਼ ਹਜ਼ਾਰਾਂ ਲੱਖਾਂ ਸਬੂਤ ਮਿੰਟਾਂ-ਸਕਿੰਟਾਂ ਵਿਚ ਲੱਭ ਕੇ ਉਸ ਦੇ ਹੱਕ ਵਿੱਚ ਜਾਂ ਖ਼ਿਲਾਫ਼ ਇੱਕ ਲਹਿਰ ਉਸਾਰੀ ਜਾ ਸਕਦੀ ਹੈ ਅਤੇ ਇੰਜ ਕੀਤਾ ਵੀ ਜਾ ਰਿਹਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬਣਾਉਟੀ ਬੁੱਧੀ ’ਤੇ ਅਧਾਰਿਤ ਸਾਫ਼ਟਵੇਅਰ ਦੇ ਆ ਜਾਣ ਨਾਲ ਦੁਨੀਆ ਭਰ ’ਚ ਕੋਈ 30 ਕਰੋੜ ਦੇ ਕਰੀਬ ਨੌਕਰੀਆਂ ਖ਼ਤਮ ਹੋ ਜਾਣਗੀਆਂ ਅਤੇ ਲੋਕ ਬੇਰੁਜ਼ਗਾਰ ਹੋ ਜਾਣਗੇ।

ਦੂਸਰੇ ਪਾਸੇ ‘ਓਪਨ ਆਰਟੀਫੀਸ਼ੀਅਲ ਇੰਟੈਲੀਜੈਂਸ’ ਦੇ ਸੰਸਥਾਪਕ ਸੈਮ ਆਲਟਮੈਨ ਨੇ ਪਿੱਛੇ ਜਿਹੇ ਅਮਰੀਕਾ ਦੀ ਸਿਖਰਲੀ ਤਕਨੀਕੀ ਸੰਸਥਾ ਐਮ.ਆਈ.ਟੀ. ਵਿੱਚ ਬੋਲਦਿਆਂ ਇਨ੍ਹਾਂ ਖ਼ਦਸ਼ਿਆਂ ਨੂੰ ਨਿਰਮੂਲ ਦੱਸਿਆ ਅਤੇ ਕਿਹਾ ਕਿ ਹਾਲੇ ਉਨ੍ਹਾਂ ਦਾ ‘ਚੈਟ ਜੀ.ਪੀ.ਟੀ.’ 5.0 ਵਰਜ਼ਨ ਲਿਆਂਦੇ ਜਾਣ ਦਾ ਕੋਈ ਇਰਾਦਾ ਨਹੀਂ ਹੈ। ਇਸ ਵੇਲੇ ‘ਬਨਾਉਟੀ-ਬੁੱਧੀ’ ਦੇ ਇਸ ਖੇਤਰ ਵਿੱਚ ਗੂਗਲ ਸਮੇਤ ਕਈ ਹੋਰ ਖਿਡਾਰੀ ਵੀ ਆ ਗਏ ਹਨ ਅਤੇ ਪਤਾ ਨਹੀਂ ਹਾਲਾਤ ਕਿਸ ਪਾਸੇ ਵੱਲ ਜਾਣੇ ਹਨ। ਇਸ ਦੇ ਫ਼ਾਇਦੇ ਦੱਸਣ ਵਾਲੇ ਕਹਿੰਦੇ ਹਨ ਕਿ ਇਸ ਦੇ ਆ ਜਾਣ ਨਾਲ 2030 ਤੀਕਰ ਦੁਨੀਆ ਦੇ ਕੁਲ ਘਰੇਲੂ ਉਤਪਾਦ ਵਿੱਚ 16 ਲੱਖ ਕਰੋੜ ਡਾਲਰ ਦਾ ਇਜ਼ਾਫਾ ਹੋਵੇਗਾ ਜੋ ਕਿ ਹੁਣ ਨਾਲੋਂ 26 ਫ਼ੀਸਦੀ ਵਧੇਰੇ ਹੋਵੇਗਾ। ਟੀਮਲੀਜ਼ ਦੀ ਰਿਪੋਰਟ ਅਨੁਸਾਰ ਇਸ ਦੁਆਰਾ ਭਾਰਤ ਦੇ ਕੁਲ ਘਰੇਲੂ ਉਤਪਾਦ ਵਿੱਚ ਵੀ 500 ਅਰਬ ਡਾਲਰ ਦੇ ਕਰੀਬ ਦਾ ਵਾਧਾ ਹੋਵੇਗਾ। ਪਰ ਨੌਕਰੀਆਂ ਖ਼ਤਮ ਹੋਣ ਦੇ ਮਾਮਲੇ ’ਤੇ ਬਹਿਸ ਅਜੇ ਚੱਲ ਰਹੀ ਹੈ ਅਤੇ ਕਈਆਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਰਵਾਇਤੀ ਕਿਸਮ ਦੀਆਂ ਨੌਕਰੀਆਂ ਦੀ ਥਾਂ ’ਤੇ ਨਵੇਂ ਗਿਆਨ ਨਾਲ ਲੈਸ ਲੋਕਾਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

## ਨਵੀਆਂ ਤਕਨੀਕਾਂ ਦਾ ਵਿਰੋਧ

ਉਂਜ ਨਵੀਆਂ ਕਾਢਾਂ ਅਤੇ ਤਕਨਾਲੋਜੀ ਦਾ ਵਿਰੋਧ ਕੋਈ ਨਵਾਂ ਨਹੀਂ ਹੈ। ਕਹਿੰਦੇ ਨੇ ਕਿ ਜਦੋਂ ਪਹਿਲੀ ਕੱਪੜੇ ਸਿਊਣ ਵਾਲੀ ਮਸ਼ੀਨ ਦੀ ਖੋਜ ਹੋਈ ਤਾਂ ਇਸ ਦਾ ਸਭ ਤੋਂ ਵੱਧ ਵਿਰੋਧ ਦਰਜੀਆਂ ਵੱਲੋਂ ਹੀ ਕੀਤਾ ਗਿਆ ਸੀ। ਤਰਕ ਇਹ ਦਿੱਤਾ ਗਿਆ ਸੀ ਕਿ ਇਸ ਨਾਲ ਤਾਂ ਇਕ ਜਣਾ ਹੀ ਕਈਆਂ ਬੰਦਿਆਂ ਦਾ ਕੰਮ ਕਰ ਲਵੇਗਾ ਅਤੇ ਬਾਕੀ ਲੋਕ ਵਿਹਲੇ ਹੋ ਜਾਣਗੇ। 19ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਜਦੋਂ ਇੰਗਲੈਂਡ ਵਿੱਚ ਕੱਪੜਾ ਬੁਣਨ ਵਾਲੀਆਂ ਮਿੱਲਾਂ ਨੇ ਹੱਥ-ਖੱਡੀਆਂ ਦੀ ਜਗ੍ਹਾ ਲੈ ਲਈ ਤਾਂ ਉਦੋਂ ਉੱਥੇ ਤਕਨੀਕ ਵਿਰੋਧੀ ਲੋਕਾਂ ਦੇ ਸੰਗਠਨ ਬਣ ਗਏ ਸਨ ਅਤੇ ਇਹ ਰਾਤ-ਬਰਾਤੇ ਇਨ੍ਹਾਂ ਮਸ਼ੀਨਾਂ ਦੀ ਭੰਨ-ਤੋੜ ਕਰ ਜਾਇਆ ਕਰਦੇ ਸਨ। ਇਨਾਂ ਨੂੰ ਲੁਡਾਇਟ ਕਿਹਾ ਜਾਂਦਾ ਸੀ। ਪੰਜਾਬੀ ’ਚ ਕਹਿਣਾ ਹੋਵੇ ਤਾਂ ‘ਮਸ਼ੀਨਤੋੜ’ ਕਹਿ ਸਕਦੇ ਹਾਂ। ਇੰਜ ਹੀ ਕੰਪਿਊਟਰ ਦੇ ਆ ਜਾਣ ਨਾਲ ਵੀ ਲੋਕਾਂ ਦੇ ਵਿਹਲੇ ਹੋਣ ਅਤੇ ਨੌਕਰੀਆਂ ਖ਼ਤਮ ਹੋ ਜਾਣ ਦਾ ਰੌਲਾ ਪਿਆ ਸੀ। ਪਰ ਇਨ੍ਹਾਂ ਖ਼ਦਸ਼ਿਆਂ ਦੇ ਉਲਟ ਨਾ ਤਾਂ ਅੱਜ ਤੀਕਰ ਕੋਈ ਦਰਜੀ ਵਿਹਲਾ ਦਿਸਦਾ ਹੈ, ਨਾ ਹੀ ਮਸ਼ੀਨਾਂ ਦੇ ਆ ਜਾਣ ਨਾਲ ਕੱਪੜਾ ਮਿੱਲਾਂ ਦਾ ਰੁਜ਼ਗਾਰ ਘਟਿਆ ਹੈ ਅਤੇ ਨਾ ਹੀ ਕੰਪਿਊਟਰ ਦੇ ਆ ਜਾਣ ਨਾਲ ਨੌਕਰੀਆਂ ਘਟੀਆਂ ਹਨ। ਇਸ ਦੇ ਉਲਟ ਕੰਪਿਊਟਰ ਯੁੱਗ ਨੇ ਨਵੇਂ ਸਮੇਂ ਦੀਆਂ ਨਵੀਆਂ ਅਤੇ ਘੱਟ ਸਰੀਰਕ ਮੁਸ਼ੱਕਤ ਵਾਲੀਆਂ ਢੇਰਾਂ ਨੌਕਰੀਆਂ ਪੈਦਾ ਕੀਤੀਆਂ ਹਨ।ਇਹ ਗੱਲ ਤਾਂ ਸੌ ਫ਼ੀਸਦੀ ਸਹੀ ਹੈ ਕਿ ਤਕਨਾਲੋਜੀ ਦੋ ਧਾਰੀ ਤਲਵਾਰ ਹੈ, ਜਿੱਥੇ ਇਕ ਪਾਸੇ ਇਸ ਦੇ ਅਨੇਕ ਫ਼ਾਇਦੇ ਹਨ, ਉੱਥੇ ਹੀ ਇਸ ਦੇ ਗ਼ਲਤ ਹੱਥਾਂ ’ਚ ਚੜ੍ਹ ਜਾਣ ਨਾਲ ਬਹੁਤ ਨੁਕਸਾਨ ਵੀ ਹੁੰਦਾ ਹੈ ਅਤੇ ਹੋ ਵੀ ਰਿਹਾ ਹੈ। ਜਿਵੇਂ ਕਿ ‘ਕ੍ਰਿਪਟੋ ਕਰੰਸੀ’ ਅਤੇ ‘ਬਲਾਕ ਚੇਨ’ ਦਾ ਸੰਕਲਪ ਮਾੜਾ ਨਹੀਂ ਪਰ ਇਸ ਦੀ ਵਰਤੋਂ ਜਦੋਂ ਅੱਤਵਾਦ ਦੀ ਫੰਡਿਗ ਅਤੇ ਹੋਰ ਗ਼ਲਤ ਸਰਗਰਮੀਆਂ ਲਈ ਹੋਣ ਲੱਗ ਪਵੇ ਤਾਂ ਇਹ ਖ਼ਤਰਨਾਕ ਬਣ ਜਾਂਦੀ ਹੈ।

ਇਸ ਵਾਸਤੇ ਇਸ ‘ਬਨਾਉਟੀ-ਬੁੱਧੀ’ ਦੇ ਮਾਮਲੇ ਵਿੱਚ ਵੀ ਇਹ ਵਿਚਾਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਦੇ ਕਿੰਨੇ ਫ਼ਾਇਦੇ ਹੋਣਗੇ ਜਾਂ ਕਿੰਨੇ ਨੁਕਸਾਨ ਹੋਣਗੇ। ਨੁਕਸਾਨ ਵਾਲੇ ਪਾਸਿਆਂ ਤੋਂ ਸਰਕਾਰਾਂ ਕਾਨੂੰਨਾਂ ਦੀ ਮਦਦ ਨਾਲ ਵਾੜਬੰਦੀ ਕਰ ਸਕਦੀਆਂ ਹਨ। ਪਰ ਵੇਖਣ ਵਿੱਚ ਆਉਂਦਾ ਹੈ ਕਿ ਚੋਰ ਪੁਲਿਸ ਤੋਂ ਦੋ ਕਦਮ ਅੱਗੇ ਹੁੰਦਾ ਹੈ ਅਤੇ ਖੋਜਾਂ ਕਰਨ ਵਾਲੇ ਸਰਕਾਰਾਂ ਨਾਲੋਂ। ਇਹੋ ਜਿਹੇ ਸਮੇਂ ਵਿਚ ਇਸ ਪ੍ਰਕਾਰ ਦੀ ਖੋਜ ਵਿਚ ਜੁਟੇ ਗ਼ੈਰ-ਸੰਗਠਿਤ ਖੇਤਰ ਵਿਚਲੇ ਕਾਮਿਆਂ ’ਚੋਂ ਕੁਝ ਲੋਕਾਂ ਨੂੰ ਸਰਕਾਰ ਦੁਆਰਾ ਆਪਣੇ ਪਾਲੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਪੁਰਾਣੀ ਕਹਾਵਤ ਹੈ ਕਿ ਚੋਰ ਨੂੰ ਚੋਰ ਹੀ ਫੜ ਸਕਦਾ ਹੈ। ਇਸ ਲਈ ਇਸ ਪ੍ਰਕਾਰ ਦੀਆਂ ਤਕਨੀਕਾਂ ਦੀ ਖੋਜ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਖੋਜ ਨੂੰ ਲੋਕਾਂ ਦੀ ਭਲਾਈ ਦੇ ਦਾਇਰੇ ਵਿੱਚ ਰੱਖਣ ਲਈ ਸਰਕਾਰਾਂ ਨੂੰ ਇਸ ਕਿਸਮ ਦੇ ਲੋਕਾਂ ਕੋਲੋਂ ਹੀ ਮਦਦ ਮਿਲ ਸਕਦੀ ਹੈ। ਲੋਕਾਂ ਦੀ ਬਿਹਤਰੀ ਅਤੇ ਸਹੂਲਤ ਲਈ ਨਵੀਆਂ ਖੋਜਾਂ ਦੇ ਦਰਵਾਜ਼ੇ ਇਕਦਮ ਬਿਨਾਂ ਕਿਸੇ ਤਰਕ ਦੇ ਬੰਦ ਕਰ ਦੇਣੇ ਕਿਸੇ ਵੀ ਤਰ੍ਹਾਂ ਨਾਲ ਠੀਕ ਨਹੀਂ ਹੋਣਗੇ। ਇਸ ਲਈ ਬਨਾਉਟੀ-ਬੁੱਧੀ ਦੇ ਮਾਮਲੇ ਉੱਪਰ ਵੀ ਸਾਰਥਿਕ ਬਹਿਸ ਹੋਣੀ ਚਾਹੀਦੀ ਹੈ, ਜਿਸ ਉਪਰੰਤ ਇਸ ਤੋਂ ਹੋਣ ਵਾਲੇ ਨਫ਼ੇ-ਨੁਕਸਾਨ ਦਾ ਜਾਇਜ਼ਾ ਲੈ ਕੇ ਹੀ ਇਸ ਨੂੰ ਅੱਗੇ ਵਧਾਏ ਜਾਣ ਜਾਂ ਰੋਕ ਲਗਾਏ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

# ਸਮੁੰਦਰ ’ਚ ਮਿਲੀ ਅਜੀਬ ਜਿਹੀ ਮੱਛੀ

ਵਰਜੀਨੀਆ/ਏ.ਟੀ.ਨਿਊਜ਼ : ਅਮਰੀਕਾ ਦੇ ਵਰਜੀਨੀਆ ਦੇ ਸਮੁੰਦਰ ਵਿੱਚ ਤੈਰਦੀ ਇੱਕ ਅਜੀਬ ਜਿਹੀ ਮੱਛੀ ਨੇ ਸਭ ਨੂੰ ਹੈਰਾਨ ਕਰ ਦਿੱਤਾ। ਡੇਲੀ ਸਟਾਰ ਦੀ ਰਿਪੋਰਟ ਮੁਤਾਬਕ 38 ਸਾਲਾ ਬਰਛੇਬਾਜ਼ ਟੌਡ ਐਲਡਰ ਇੱਕ ਦਿਨ ਸਮੁੰਦਰ ਵਿੱਚ ਮੱਛੀਆਂ ਫੜ ਰਿਹਾ ਸੀ ਪਰ ਇਸ ਦੌਰਾਨ ਉਸ ਦੇ ਹੱਥਾਂ ਵਿੱਚ ਅਜਿਹਾ ਅਜੀਬ ਜਿਹਾ ਜੀਵ ਨਜ਼ਰ ਆਇਆ, ਜਿਸ ਨੂੰ ਦੇਖ ਕੇ ਉਹ ਖ਼ੁਦ ਵੀ ਦੰਗ ਰਹਿ ਗਿਆ। ਦਰਅਸਲ, ਸਮੁੰਦਰ ਵਿੱਚ ਪਾਈ ਗਈ ਇਸ ਮੱਛੀ ਦੇ ਦੰਦ ਬਿਲਕੁਲ ਇਨਸਾਨਾਂ ਵਰਗੇ ਹਨ। ਇਸ ਦੇ ਨਾਲ ਹੀ ਇਸ ਦੇ ਸਿਰ ਦਾ ਆਕਾਰ ਵੀ ਹੋਰ ਮੱਛੀਆਂ ਨਾਲੋਂ ਕਾਫ਼ੀ ਵੱਡਾ ਸੀ।





ਟੌਡ ਐਲਡਰ ਦੇ ਮੁਤਾਬਕ ਉਹ ਤੈਰਦੇ ਹੋਏ ਹੇਠਾਂ ਗਏ ਅਤੇ ਅੰਤ ਵਿੱਚ ਉਹ ਅਜੀਬ ਮੱਛੀ ਫੜੀ, ਇਸ ਮੱਛੀ ਦੇ ਦੰਦ ਬਿਲਕੁਲ ਮਨੁੱਖਾਂ ਵਰਗੇ ਸਨ। ਉਸ ਨੇ ਅੱਗੇ ਦੱਸਿਆ ਕਿ 8.6 ਕਿੱਲੋ ਦੀ ਇਹ ਅਜੀਬ ਮੱਛੀ ਆਪਣੇ ਮਜ਼ਬੂਤ ਦੰਦਾਂ ਨਾਲ ਕੋਕਲਸ, ਸੀਪ ਅਤੇ ਕੇਕੜਿਆਂ ਨੂੰ ਖਾ ਜਾਂਦੀ ਹੈ। ਟੌਡ ਐਲਡਰ ਮੁਤਾਬਕ ਮੱਛੀ ਦੀ ਉਮਰ 15 ਸਾਲ ਹੈ। ਉਸ ਨੇ ਦੱਸਿਆ ਕਿ ਦਿਨ ਵੇਲੇ ਉਹ ਆਪਣੀ ਪਤਨੀ ਨੂੰ ਵੀ ਨਾਲ ਲੈ ਗਿਆ ਸੀ। ਮੱਛੀ ਮਿਲਣ ’ਤੇ ਉਸ ਨੇ ਇਸ ਦਾ ਭਾਰ ਨਾਪਣ ਲਈ ਜ਼ੋਰ ਪਾਇਆ, ਜਿਸ ਤੋਂ ਬਾਅਦ ਉਹ ਖ਼ੁਦ ਵੀ ਹੈਰਾਨ ਰਹਿ ਗਏ।

ਇੰਟਰਨੈਸ਼ਨਲ ਅੰਡਰਵਾਟਰ ਸਪੀਅਰਫਿਸ਼ਿੰਗ ਐਸੋਸੀਏਸ਼ਨ ਦੇ ਅਨੁਸਾਰ, ਸਮੁੰਦਰ ਵਿੱਚ ਪਾਈ ਗਈ ਇਸ ਅਜੀਬ ਮੱਛੀ ਨੂੰ ਸਭ ਤੋਂ ਭਾਰੀ ਸ਼ਿਪਹੈੱਡ ਮੱਛੀ ਕਿਹਾ ਜਾਂਦਾ ਹੈ, ਜਿਸ ਕਾਰਨ ਇੱਕ ਵੱਖਰਾ ਵਿਸ਼ਵ ਰਿਕਾਰਡ ਬਣ ਗਿਆ ਹੈ। ਹਾਲਾਂਕਿ ਇਹ ਮੱਛੀਆਂ 3 ਤੋਂ 4 ਪੌਂਡ ਯਾਨੀ 1 ਤੋਂ 2 ਕਿਲੋਗ੍ਰਾਮ ਦੀਆਂ ਹੁੰਦੀਆਂ ਹਨ ਪਰ ਇਸ ਮੱਛੀ ਦੇ ਪਿੱਛੇ ਦਾ ਕਾਰਨ ਸੱਚਮੁੱਚ ਹੈਰਾਨੀਜਨਕ ਹੈ।






ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

ਜਿਸਨੇ ਆਪਣੇ ਸੁਆਰਥ ਤੋਂ ਪਰੇ ਹੋ ਕੇ ਸੱਚਾਈ ਪ੍ਰਉਪਕਾਰ ਤੇ ਕੌਮੀ ਆਨ ਸ਼ਾਨ ਦੇ ਲਈ ਆਪਣਾ ਵਾਰ ਦਿੱਤਾ ਹੋਵੇ, ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਆਪਣੇ ਉੱਚੇ ਆਦਰਸ਼ ਤੇ ਪਹਿਰਾ ਦਿੰਦਾ ਹੋਇਆ ਉਹ ਇੱਕ ਚਾਨਣ ਮੁਨਾਰਾ ਹੈ, ਜੋ ਕਿ ਦੀਨ ਹੀਨ, ਗੁਲਾਮੀ ਵਿੱਚ ਫਸੇ ਲੋਕਾਂ ਨੂੰ ਨਿਰਭੈਤਾ ਦਾ ਰਾਹ ਦਸਕੇ ਆਜ਼ਾਦੀ ਤੱਕ ਪਹੁੰਚਾਉਂਦਾ ਹੈ। ਗੁਰਬਾਣੀ ਵਿੱਚ ਸਮਝਾਇਆ ਹੈ ਕਿ ਜੋ ਮਨੁੱਢ ਇਸ ਜਗਤ ਰੂਪ ਰਣ ਭੂਮੀ ਵਿੱਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾਂ ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ। ਇਹ ਅਸਲ ਸੂਰਮਾ ਹੈ। ਉਸਦੇ ਦਸਮ ਦੁਆਰ ਵਿੱਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿੱਚ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ, ਇਕ ਹੋਰ ਵੀ ਸੂਰਮਾ ਹੈ। ਉਸ ਮਨੁੱਖ ਨੂੰ ਵੀ ਸੂਰਮਾ ਹੀ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਵਾਸਤੇ ਲੜਦਾ ਹੈ। ਟੋਟੇ ਟੋਟੇ ਹੋ ਮਰਦਾ ਹੈ ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬ ਚਾਉਣ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਨਿਸ਼ਠਾ ਸ਼ਰਧਾ ਕਰਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧ+ਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਆਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰਤੀਆਂ ਦੀ ਨਿਖੇਧੀ ਕਰਕੇ, ਵਹਿਮਾਂ, ਭਰਮਾਂ ਦਾ ਵਿਰੋਧ ਕਰਕੇ ਸਾਵੀਂ ਪੱਧਰੀ ਜੀਵਨ ਜਾਂਚ ਸਿਖਾਈ। ਗੁਰੂ ਗਰੰਥ ਸਾਹਿਬ ਜੀ ਦੇ ਉਪਦੇਸ਼ ਵਿੱਚ ਕੇਵਲ ਅਧਿਆਤਮਕ ਉੱਚਾਈਆਂ ਹੀ ਨਹੀਂ, ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ, ਜੋ ਕ੍ਰਾਂਤੀਕਾਰੀ ਪ੍ਰੇਰਨਾ ਪ੍ਰਦਾਨ ਕਰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਵਿੱਚ ਆਉਣ ਲਈ ਪ੍ਰੇਰਿਆ। ਜੋ ਕਿ ਕੱਟੜ ਸ਼ਰਈ ਮੁਸਲਮਾਨਾਂ ਲਈ ਦੁਖਦਾਇਕ ਸੀ।

ਉਹਨਾਂ ਨੇ ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਗੁਰੂ ਸਾਹਿਬ ਵਿਰੁੱਧ ਧਾਰਮਿਕ ਈਰਖਾ ਦੀਆਂ ਸ਼ਿਕਾਇਤਾਂ ਲਾਈਆਂ ਪਰ ਬਾਦਸ਼ਾਹ ਨੇ ਸਿੱਖੀ ਦੇ ਅਸੂਲਾਂ, ਰਹਿਤ ਮਰਿਆਦਾ ਤੇ ਸਿੱਖੀ ਦੇ ਪ੍ਰਚਾਰ ਢੰਗ ਉਪਰੰਤ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਵਿੱਚ ਕੁਝ ਵੀ ਅਯੋਗ ਨਹੀਂ ਸੀ ਦਿਸਿਆ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਲਈ ਸੇਵਾ ਅਤੇ ਸ਼ਰਧਾ ਪ੍ਰਗਟ ਕੀਤੀ।

ਬਾਦਸ਼ਾਹ ਅਕਸਰ ਦੀ 17 ਅਕਤੂਬਰ 1605 ਵਿੱਚ ਆਗਰੇ ਵਿਖੇ ਮੌਤ ਹੋ ਗਈ। ਸ਼ੇਖ ਅਹਿਮਦ ਸਰਹਿੰਦੀ ਜਿਹੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨੂੰ ਰਾਜ ਗੱਦੀ ਤੇ ਬਿਠਾਇਆ। ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ ਇਹ ਮੁਗਲ ਸਾਮਰਾਜ ਲਈ ਖਤਰਾ ਹੈ। ਇਸ ਵਿੱਚ ਪ੍ਰਿਥੀ ਚੰਦ, ਚੰਦੂ ਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ।

ਬਾਦਸ਼ਾਹ ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਸ਼ੇਖ ਅਹਿਮਦ ਸਰਹਿੰਦੀ ਨੇ ਸਾਜਿਸ ਅਧੀਨ ਕਿਹਾ ਕਿ ਗੁਰੂ ਗ੍ਰਥ ਸਾਹਿਬ ਵਿੱਚ ਇਸਲਾਮ ਵਿਰੁੱਧ ਲਿਖਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਾਚਣ ਲਈ ਗੁਰੂ ਜੀ ਨੂੰ ਤਲਬ ਕੀਤਾ। ਜਦੋਂ ਗ੍ਰੰਥ ਵਿੱਚ ਕੁਝ ਵੀ ਵਿਰੋਧ ਵਿੱਚ ਦਰਜ਼ ਨਾ ਮਿਲਿਆ, ਤਾਂ ਗ੍ਰੰਥ ਵਿੱਚ ਇਸਲਾਮ ਦੀ ਤਾਰੀਫ਼ ਵਿੱਚ ਦਰਜ ਕਰਨ ਤੇ ਜ਼ੋਰ ਦਿੱਤਾ ਗਿਆ। ਗੁਰਨੂੰ ਜੀ ਨੇ ਅਜਿਹਾ ਕਰਨ ਦੀ ਪੁਰਜ਼ੋਰ ਨਾਂਹ ਕਰ ਦਿੱਤੀ। ਤਦ ਇਸਲਾਮ ਵਿਰੁੱਧ ਪ੍ਰਚਾਰ ਕਰਨ ਅਤੇ ਬਾਦਸ਼ਾਹ ਦੀ ਹੇਠੀ ਕਰਨ ਦਾ ਦੋਸ਼ ਲਾਇਆ। ਇਸ ਤੇ ਬਾਦਸ਼ਾਹ ਨੇ ਦੋ ਲੱਖ ਜੁਰਮਾਨਾ ਲਾਇਆ। ਗੁਰੂ ਜੀ ਨੇ ਸੰਗਤਾਂ ਨੂੰ ਜੁਰਮਾਨਾ ਅਦਾ ਕਰਨ ਤੋਂ ਮਨਾ ਕਰ ਦਿੱਤਾ।

ਦੂਸਰਾ 6 ਅਪ੍ਰੈਲ 1606 ਨੂੰ ਖੁਸਰੋ ਨੇ ਰਾਜ ਗੱਦੀ ਲਈ ਬਗਾਵਤ ਕਰ ਦਿੱਤੀ। ਖੁਸਰੋ ਆਗਰੇ ਤੋਂ ਪੰਜਾਬ ਵੱਲ ਵਧਿਆ। ਉਸਦਾ ਪਿੱਛਾ ਕਰਦਾ ਜਹਾਂਗੀਰ ਸੁਲਤਾਨਪੁਰ , ਗੋਦਵਾਲ, ਤਰਨ ਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿੱਚ ਉਹ ਲੋਕਾਂ ਨੂੰ ਸਜਾਵਾਂ ਦਿੰਦਾ ਆਇਆ, ਜਿੰਨਾਂ ਨੇ ਖੁਸਰੋ ਦੀ ਕਿਸੇ ਪ੍ਰਕਾਰ ਦੀ ਹਮਦਰਦੀ ਜਾਂ ਮਦਦ ਕੀਤੀ ਸੀ। ਉਸਨੇ ਗੁਰੂ ਜੀ ਤੇ ਦੋਸ਼ ਲਗਾਇਆ ਕਿ ਉਹਨਾਂ ਖੁਸਰੋ ਦੀਆਂ ਫੌਜਾਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਖੁਸਰੋ ਅਤੇ ਫੌਜਾਂ ਨੇ ਗੋਂਦਵਾਲ ਪ੍ਰਸ਼ਾਦਾ ਜਰੂਰ ਛਕਿਆ ਸੀ ਪਰ ਮੈਂ ਖੁਦ ਉਸ ਵੇਲੇ ਤਰਨ ਤਾਰਨ ਵਿਖੇ ਸੀ ਪਰ ਗੁਰੂ ਘਰ ਵਿੱਚ ਪ੍ਰਸ਼ਾਦਾ ਛੱਕਣ ਕੋਈ ਵੀ ਕਿਸੇ ਵੇਲੇ ਆ ਸਕਦਾ ਹੈ ਇਥੇ ਕਦੇ ਭੇਦਭਾਵ ਨਹੀਂ ਹੋਇਆ। ਅੱਗੇ ਦੋਸ਼ ਲਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਉਸਦੇ ਮੱਥੇ ਤੇ ਤਿਲਕ ਲਗਾਇਆ ਕਿ ਖੁਸਰੋ ਜਹਾਂਗੀਰ ਦਾ ਟਾਕਰਾ ਕਰ ਸਕੇ। ਅਤੇ ਤਖਤ ਹਾਸਿਲ ਕਰਨਹੀ ਆਸ਼ੀਰਵਾਦ ਵੀ ਦਿੱਤਾ। ਵਿਰੋਧੀਆਂ ਨੇ ਬਾਦਸ਼ਾਹ ਨੂੰ ਭੜਕਾਇਟਾ ਕਿ ਖੁਸਰੋ ਦੇ ਹਿਮਾਇਤੀਆਂ ਦੀ ਤਰਾਂ ਗੁਰੂ ਜੀ ਨੂੰ ਵੀ ਖ਼ੌਫਨਾਕ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ। ਬਾਦਸ਼ਾਹ ਜਹਾਂਗੀਰ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਗੁਰੂ ਜੀ ਨੂੰ ਮੁਸਲਮਾਨ ਬਣਾਇਆ ਜਾਵੇ ਜਾਂ ਉਹਨਾਂ ਨੂੰ ਸ਼ਹੀਦ ਕੀਤਾ ਜਾਵੇ। ਆਪਣੀ ਸਵੈਜੀਵਨੀ ਤੁਜਕਿ ਜਹਾਂਗੀਰੀ ਵਿੱਚ 6 ਜੂਨ 1606 ਨੂੰ ਇਵੇਂ ਬਿਆਨ ਕੀਤਾ ਹੈ

ਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਉਂ ਦਾ ਹਿੰਦੂ ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿੱਚ ਰਹਿੰਦਾ ਸੀ। ਕਈਸ ਸਧਾਰਣ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਨਾਉਣ ਲਈ ਨਾ ਜੋੜ ਲਿਆ ਹੈ। ਉਸਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੁੱਚੇ ਪਾਤਿਸ਼ਾਹ ਕਿਹਾ ਜਾਂਦਾ ਸੀ। ਬ ਹੁਤ ਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ ਉਸਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸਨੇ 3-4 ਪੀੜੀਆਂ ਤੋਂ ਚਲਾਇਆ ਹੈ। ਕਾਫ਼ੀ ਸਮੇਂ ਤੋਂ ਮੇਰੇ ਮਨ ਵਿੱਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ ਮੱਤ ਵਿੱਚ ਲਿਆਉਣ ਦਾ ਖਿਆਲ ਸੀ।

ਇਸ ਤਰਾਂ ਮੁਗਲ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਸਿਰਫ਼ ਗੁਰੂ ਜੀ ਨੂੰ ਸ਼ਹੀਦ ਹੀ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਉਹ ਸਿੱਖ ਲਹਿਰ ਦੀ ਵਿਚਾਰ ਧਾਰਾ ਨੂੰ ਮਾਰਨਾ ਚਾਹੁੰਦਾ ਸੀ। ਜਿਸ ਨੂੰ ਉਸਨੇ ਝੂਠੀ ਦੁਕਾਨਦਾਰੀ ਦਾ ਨਾਉਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ 'ਤੇ ਹਮਲਾ ਸੀ ਜੋ ਮੁਗਲ ਹਕੂਮਤ ਲਈ ਇੱਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ ਤੇ ਉਹ ਚੱਲ ਰਹੇ ਹਨ, ਉਸਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਦੇ ਹੋਰ ਧਰਮ ਅਪਨਾਉਣ ਵਾਲੇ ਲਈ ਮੌਤ ਦੀ ਸਜਾ ਸੀ ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰ ਧਾਰਾ ਬਦਲਣ ਅਤੇ ਨਾ ਹੀ ਗੁਰੂ ਮਰਿਆਦਾ ਦਾ ਰਾਹ ਛੱਡਣ ਲਈ ਤਿਆਰ ਹੋਏ। ਸਮਰਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ਼ ਸਨ, ਜਿਸ ਨਾਲ ਕੌਮ ਨੇ ਜੁਲਮ ਅਤੇ ਮੁਸੀਬਤਾਂ ਦੇ ਖਿਲਾਫ਼ ਤਿਆਰ ਹੋਣਾ ਸੀ।

ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਮੱਤ ਵਿੱਚ ਲਿਆਉਣਾਂ ਚਹੁੰਦਾ ਸੀ, ਤਾਂ ਜੋ ਗੁਰੂ ਜੀ ਦੇ ਵੱਡੀ ਗਿਣਤੀ ਵਿੱਚ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ, ਉਸ ਨੂੰ ਸਿਆਸਤ ਅਤੇ ਯਾਸਾਂ ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਜਹਾਂਗੀਰ ਹੁਕਮ ਸੁਣਾ ਕੇ ਆਪ ਉਥੋਂ ਸਿੰਧ ਇਲਾਕੇ ਵੱਲ ਚਲਾ ਗਿਆ।

ਗੁਰੂ ਜੀ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰੀ ਅਹਿਲਕਾਰ ਚੰਦੂ ਨੇ ਲੈ ਲਈ। ਉਸਦਾ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਉਸ ਦੀ ਧੀ ਦਾ ਸਾਕ ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿਤੱਤੀ ਤਾਂ ਉਸ ਵੇਲੇ ਉਸਨੇ ਗੁੱਸੇ ਵਿੱਚ ਕਿਹਾ ਕਿ ਤੂੰ ਚੋਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈ। ਇਸ ਤਰਾਂ ਉਸ ਨੇ ਗੁਰੂ ਘਰ ਅਤੇ ਘਰਾਣੇ ਨੂੰ ਮੋਰੀ ਕਹਿ ਕੇ ਸਖ਼ਤ ਬੇਅਦਬੀ ਕੀਤੀ। ਬਾਅਦ ਵਿੱਚ ਉਹ ਤਜ਼ਵੀਜ਼ ਮੰਨਣ ਨੂੰ ਤਿਆਰ ਹੋ ਗਿਆ। ਗੁਰੂ ਜੀ ਨੇ ਸੰਗਤ ਦੀ ਬੇਨਤੀ ਤੇ ਸਾਕ ਲੈਣ ਤੋਂ ਨਾਂਹ ਕਰ ਦਿੱਤੀ। ਚੰਦੂ ਨੇ ਮੌਕਾ ਵੇਖ ਕੇ ਆਪਣੀ ਧੀ ਦੇ ਰਿਸ਼ਤੇ ਦੀ ਗਲ ਤੋਰੀ ਤਾਂ ਗੁਰੂ ਜੀ ਨੇ ਫਿਰ ਨਾਂਹ ਕਰ ਦਿੱਤੀ। ਜਦ ਗੁਰੂ ਜੀ ਨੂੰ ਮਨਾਉਣ ਦੇ ਉਸ ਦੇ ਸਾਰੇ ਯਤਨ ਸਫਲ ਨਾ ਹੋਏ, ਤਾਂ ਉਸ ਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਹਵਾਲੇ ਕਰ ਦਿੱਤਾ।

ਗੁਰੂ ਜੀ ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਲਿਆਂਦਾ ਗਿਆ। ਗੁਰੂ ਜੀ ਨੂੰ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸ ਰੱਖ ਕੇ ਦੇਗ ਵਿੱਚ ਉਬਾਲਿਆ ਗਿਆ। ਤੱਤੀ ਤਵੀ ਤੇ ਬਿਠਾਇਟਾ ਗਿਆ। ਸੜਦੀ ਬਲਦੀ ਰੇਤ ਸਰੀਰ ਉਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿੱਤਾ। ਚਾਰ ਦਿਨ ਅਜਿਹੇ ਖ਼ੌਫਨਾਕ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਛਾਲਿਆਂ ਨਾਲ ਫਿੱਸੇ ਸਰੀਰ ਨੂੰ ਰਾਵੀ ਦੇ ਠੰਡੇ ਜਲ ਵਿੱਚ ਡੁਬੋ ਕੇ ਸਤਿਗੁਰਾਂ ਨੂੰ 30 ਮਈ 1606 ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਵਾਸਤੇ ਅਸਿਹ ਤੇ ਅਕਹਿ ਕਸ਼ਟ ਝੱਲਦੇ ਹੋਏ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਰਾਵੀ ਦ ਕੰਢੇ ਆਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ ਪਾਕਿਸਤਾਨ ਬਣਿਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਤਲਬ ਕੀਤਾ ਤਾਂ ਗੁਰੂ ਜੀ ਜਾਣ ਗਏ ਸਨ, ਕਿਉਹਨਾਂ ਨੇ ਵਾਪਿਸ ਨਹੀਂ ਆਉਣਾ। ਲਾਹੌਰ ਜਾਣ ਲਗਿਆਂ ਆਪ ਆਗਿਆ ਕਰਕੇ ਗਏ ਸਨ ਕਿ ਸਾਡੇ ਪਿੱਛੋਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ, ਜੋ 25 ਮਈ 1606 ਨੂੰ ਗੁਰਗੱਦੀ 'ਤੇ ਬੈਠੇ।

ਅੰਤਿਕਾ : ਜੋ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਮਨ ਵਿੱਚ ਮਿੱਠੀ ਕਰਕੇ ਮੰਨਦਾ ਹੈ। ਉਹੀ ਜਿਉਂਦਾ ਮੁਕਤ ਅਖਵਾਉਂਦਾ ਹੈ। ਉਸ ਨੂੰ ਖੁਸ਼ੀ ਤੇ ਗਮੀ ਇੱਕੋ ਜਿਹੀ ਹੈ। ਉਸ ਨੂੰ ਸਦਾ ਅਨੰਦ ਹੈ ਕਿਉਂਕਿ ਉਸਦੇ ਹਿਰਦੇ ਵਿੱਚ ਪ੍ਰਭੂ ਚਰਨਾ ਤੋਂ ਵਿਛੋੜਾ ਨਹੀਂ ਹੈ। ਸੋਨਾ ਤੇ ਮਿੱਟੀ ਵੀ ਉਸ ਮਨੁੱਖ ਵਾਸਤੇ ਬਰਾਬਰ ਹੈ। ਭਾਵ ਸੋਨਾ ਵੇਖਕੇ ਉਹ ਲੋਭ ਵਿੱਚ ਨਹੀਂ ਫਸਦਾ। ਅੰਮ੍ਰਿਤ ਅਤੇ ਕੌੜੀ ਵਿਹੁ ਵੀ ਉਸ ਲਈ ਇਕੋ ਜਿਹੀ ਹੈ। ਕਿਸੇ ਵੱਲੋਂ ਆਦਰ ਦਾ ਵਰਤਾਉ ਹੋਵੇ ਜਾਂ ਅਹਿੰਕਾਰ ਦਾ ਉਸ ਮਨੁੱਖ ਵਾਸਤੇ ਇਕ ਸਮਾਨ ਹੈ। ਕੰਗਾਲ ਤੇ ਸ਼ਹਿਨਸ਼ਾਹ ਵੀ ਉਸਦੀ ਨਜ਼ਰ ਵਿੱਚ ਬਰਾਬਰ ਹਨ।

ਜੋ ਰਜ਼ਾ ਪ੍ਰਭੂ ਵਰਤਾਉਂਦਾ ਹੈ, ਉਹੀ ਉਸ ਵਾਸਤੇ ਜ਼ਿੰਦਗੀ ਦਾ ਗਾਡੀ ਰਾਹ ਹੈ। ਹੇ ਨਾਨਕ! ਉਹ ਮਨੁੱਖ ਜਿਉਂਦਾ ਮੁਕਤ ਕਿਹਾ ਜਾ ਸਕਦਾ ਹੈ। - ਅੰਗ 275

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਪੰਜਾਬੀਆਂ ਦੀ ਦੇਣ ਨੂੰ ਸਾਹਮਣੇ ਲਿਆਉਣ ਦੀ ਲੋੜ

ਅਹਿਮਦ ਰਜ਼ਾ ਪੰਜਾਬੀ

ਦੁਨੀਆਂ ਦੀ ਤਾਰੀਖ਼ ਨੂੰ ਜਾਂਚਣ ਤੇ ਸਮਝਣ ਦਾ ਇਕ ਵੱਡਾ ਸਰੋਤ ਕਿਸੇ ਖ਼ਿੱਤੇ ਦੀ ਧਾਰਮਿਕ ਤਾਰੀਖ਼ ਤੇ ਲੋਕਾਂ ਦੇ ਬਿਆਨ ਵੀ ਹੁੰਦੇ ਹਨ। ਇੱਕ ਪਾਸੇ ਵੱਖੋ-ਵੱਖ ਮਜ਼੍ਹਬੀ ਕਿਤਾਬਾਂ ਵੱਡਾ ਤਾਰੀਖ਼ੀ ਡਾਕੂਮੈਂਟ ਹੁੰਦੀਆਂ ਹਨ ਤੇ ਦੂਜੇ ਪਾਸੇ ਨਸਲ ਦਰ ਨਸਲ ਚਲਦਿਆਂ ਉਹ ਲੋਕ ਕਹਾਣੀਆਂ ਜੋ ਭਾਵੇਂ ਹੁੰਦੀਆਂ ਕਹਾਣੀਆਂ ਹਨ ਪਰ ਉਹ ਕਿਸੇ-ਨਾ-ਕਿਸੇ ਤਾਰੀਖ਼ੀ ਹਕੀਕਤ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।

ਪੰਜਾਬ ਦੀ ਤਾਰੀਖ਼ ਨੂੰ ਵੀ ਜਾਣਨਾ ਹੋਵੇ ਤਾਂ ਇਹੋ ਦੋ ਵੱਡੇ ਹਵਾਲੇ ਸਾਡੇ ਕੰਮ ਆਉਂਦੇ ਹਨ। ਪੰਜਾਬ ਦਾ ਜ਼ਿਕਰ ਰਿਗਵੇਦ ਵਿੱਚ ਸਪਤ ਸਿੰਧੂ ਦੇ ਨਾਂ ਨਾਲ ਮਿਲਦਾ ਹੈ, ਜਿਸ ਦਾ ਮਤਲਬ ਹੈ ਸੱਤ ਦਰਿਆਵਾਂ ਦੀ ਧਰਤੀ। ਰਿਗਵੇਦ ਵਿੱਚ ਜਿਹੜੇ 25 ਦਰਿਆਵਾਂ ਦਾ ਜ਼ਿਕਰ ਮਿਲਦਾ ਹੈ ਉਨ੍ਹਾਂ ਵਿਚੋਂ 7 ਪੰਜਾਬ ਦੇ ਸੀਨੇ 'ਤੇ ਵਹਿੰਦੇ ਆਏ ਨੇ।

ਸੰਸਕ੍ਰਿਤ ਵਿੱਚ ਲਿਖੀਆਂ ਕਿਤਾਬਾਂ ਵਿੱਚ ਪੰਜਾਬ ਲਈ ਵਾਹੀਕ ਦਾ ਨਾਂਅ ਵੀ ਵਰਤਿਆ ਗਿਆ। ਵੇਲੇ ਦੇ ਨਾਲ-ਨਾਲ ਇਸ ਦੇ ਨਾਂਅ ਬਦਲਦੇ ਰਹੇ। ਕਿਧਰੇ ਪੰਜਨਦ ਵਰਤਿਆ ਗਿਆ ਤੇ ਬਾਅਦ ਵਿੱਚ ਆ ਕੇ ਇਹ ਪੰਜਾਬ ਬਣ ਗਿਆ ਜਿਸ ਦੇ ਦਰਿਆ ਅੱਜ ਵੀ ਕਰੋੜਾਂ ਲੋਕਾਂ ਲਈ ਹਯਾਤੀ ਦੀਆਂ ਖ਼ੁਸ਼ੀਆਂ ਤੇ ਖ਼ਿੱਤੇ ਦੀ ਪਛਾਣ ਬਣੇ ਬਣੇ ਹੋਏ ਹਨ।

ਦੂਜੇ ਪਾਸੇ ਯੂਨਾਨੀ ਤੇ ਅਰਬੀ ਤਾਰੀਖ਼ ਤੋਂ ਪਹਿਲਾਂ ਹੀ ਸਾਡੇ ਕੋਲ ਸਾਡੀਆਂ ਕਹਾਣੀਆਂ ਰਾਹੀਂ ਰਾਜਾ ਪੋਰਸ ਦੀ ਬਹਾਦਰੀ ਦੀ ਕਹਾਣੀ ਮਿਲਦੀ ਹੈ ਜੋ ਦੁਨੀਆਂ ਦੇ ਜ਼ਾਲਮ ਤੇ ਤਾਕਤਵਰ ਬਾਦਸ਼ਾਹ ਸਿਕੰਦਰ ਨਾਲ ਮੱਥਾ ਲਾਉਂਦਾ ਰਿਹਾ ਤੇ ਦਰਿਆ ਜਿਹਲਮ ਨੂੰ ਉਸ ਨੇ ਉਸ ਦੇ ਵਾਸਤੇ ਹੱਦ ਬਣਾ ਦਿੱਤਾ ਸੀ। ਇੱਥੋਂ ਦੇ ਬਾਦਸ਼ਾਹਾਂ ਦੇ ਹੁਕਮ 'ਤੇ ਕਿੱਸੇ ਘੜਨ ਵਾਲੇ ਲੋਕਾਂ ਨੇ ਭਾਵੇਂ ਪੋਰਸ ਨੂੰ ਹੀਣਾ ਵਿਖਾਇਆ ਪਰ ਯੂਨਾਨੀ ਤੇ ਪੰਜਾਬੀ ਲੋਕਾਈ ਦੀ ਤਾਰੀਖ਼ ਇਕੋ ਹੀ ਤਰ੍ਹਾਂ ਹੀ ਸੋਚਦੀ ਤੇ ਬੋਲਦੀ ਹੈ।

ਹੜੱਪਾ ਦੀ ਤਹਿਜ਼ੀਬ ਇਸ ਗੱਲ ਦੀ ਗਵਾਹ ਹੈ ਕਿ ਪੰਜਾਬ ਦਾ ਇਨਸਾਨ ਦੁਨੀਆ ਦਾ ਤਰੱਕੀ ਯਾਫ਼ਤਾ ਸ਼ਖ਼ਸ ਸੀ, ਜਿਸ ਨੇ ਅੱਜ ਤੋਂ ਸੱਤ ਹਜ਼ਾਰ ਸਾਲ ਪਹਿਲਾਂ ਅਜਿਹੇ ਸ਼ਹਿਰ ਵਸਾ ਲਏ ਸਨ ਜਿੱਥੋਂ ਤੱਕ ਅੱਪੜਦਿਆਂ-ਅੱਪੜਦਿਆਂ ਦੁਨੀਆ ਨੂੰ ਹਜ਼ਾਰਾਂ ਸਾਲ ਲੱਗੇ। ਟੈਕਸਲਾ ਯੂਨੀਵਰਸਿਟੀ ਮਾਡਰਨ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਮੰਨੀ ਜਾਂਦੀ ਹੈ ਜਿੱਥੇ ਪੂਰੀ ਦੁਨੀਆ ਤੋਂ ਪੜ੍ਹਨ ਲਈ ਲੋਕ ਪੰਜਾਬ ਦਾ ਰੁਖ ਕਰਦੇ ਸਨ।



ਪੰਜਾਬ ਦੀ ਤਾਰੀਖ਼ ਥਾਂ-ਥਾਂ ਸਾਨੂੰ ਆਪਣੇ ਉੱਪਰ ਹੋਏ ਹਮਲਿਆਂ ਬਾਰੇ ਦੱਸਦੀ ਹੈ। ਇੱਥੋਂ ਦਾ ਇਨਸਾਨ ਏਨਾ ਅਮਨ ਪਸੰਦ ਸੀ ਕਿ ਢਾਈ ਤਿੰਨ ਹਜ਼ਾਰ ਸਾਲ ਪਹਿਲਾਂ ਤੱਕ ਉਸ ਨੇ ਹਥਿਆਰ ਬਣਾਉਣਾ ਨਹੀਂ ਸੀ ਸਿੱਖਿਆ। ਹਮਲਾਵਰ ਭਾਵੇਂ ਪੰਜਾਬ 'ਤੇ ਹਮਲੇ ਕਰਦੇ ਰਹੇ, ਪਰ ਅੱਜ ਤੱਕ ਪੰਜਾਬੀਆਂ ਨੇ ਕਿਸੇ 'ਤੇ ਹਮਲਾ ਨਹੀਂ ਕੀਤਾ। ਇਹ ਹੀ ਪੰਜਾਬ ਦੀ ਵਡਿਆਈ ਦੀ ਵੱਡੀ ਮਿਸਾਲ ਏ।

ਦੁਨੀਆ ਦੀ ਮਾਲੂਮ ਤਾਰੀਖ਼ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੱਕ ਦਾ ਪੰਜਾਬ ਦੁਨੀਆ ਦੇ ਸੀਨੇ 'ਤੇ ਸਾਨੂੰ ਚਮਕਦਾ ਨਜ਼ਰ ਆਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਪੰਜਾਬ ਸਾਨੂੰ ਇਹ ਦੱਸਦਾ ਹੈ ਕਿ ਉਸ ਦੀ ਸਾਖ਼ਰਤਾ ਦੀ ਦਰ 80 ਫ਼ੀਸਦੀ ਤੋਂ ਵੱਧ ਤੇ ਕਰੰਸੀ ਦੀ ਕੀਮਤ ਉਸ ਵੇਲੇ ਦੀ ਮਹਾਂਸ਼ਕਤੀ ਬਰਤਾਨੀਆ ਤੋਂ ਵੀ ਵੱਧ ਸੀ। ਜਿਥੇ ਸਭ ਮਜ਼੍ਹਬਾਂ ਦਾ ਸਤਿਕਾਰ ਸੀ, ਮਸੀਤਾਂ ਨੂੰ ਸਰਕਾਰੀ ਗ੍ਰਾਂਟਾਂ ਤੇ ਮੌਲਵੀਆਂ ਨੂੰ ਸਰਕਾਰੀ ਤਨਖ਼ਾਹ ਮਿਲਦੀ ਸੀ, ਪਰ ਅਫ਼ਸੋਸ ਮਹਾਰਾਜਾ ਦੇ ਦਿਹਾਂਤ ਤੋਂ ਕੁਝ ਸਾਲ ਬਾਅਦ ਪੰਜਾਬੀਆਂ ਦੀ ਬਾਦਸ਼ਾਹਤ ਮੁੱਕ ਗਈ। ਉਸ ਦਿਨ ਤੋਂ 1947 ਤਕ ਪੰਜਾਬ ਨਾਲ ਜੋ-ਜੋ ਬੀਤਿਆ ਇਹ ਪੰਜਾਬੀਆਂ ਦੇ ਦੁੱਖਾਂ ਦੀ ਕਹਾਣੀ ਵੀ ਹੈ ਤੇ ਕਿਸੇ ਕੌਮ ਲਈ ਪੁੱਠੇ ਰਾਹਾਂ 'ਤੇ ਚੱਲਣ ਦਾ ਨਤੀਜਾ ਵੀ ਹੈ।

ਉਹ ਪੰਜਾਬ ਜੋ ਦੁਨੀਆ ਨੂੰ ਬਾਬਾ ਫ਼ਰੀਦ, ਬਾਬਾ ਗੁਰੂ ਨਾਨਕ, ਸ਼ਾਹ ਹੁਸੈਨ, ਰਾਏ ਅਬਦੁੱਲਾ ਭੱਟੀ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਮਹਾਰਾਜਾ ਰਣਜੀਤ ਸਿੰਘ, ਬਾਬਾ ਸਾਹਿਬ ਸਿੰਘ ਬੇਦੀ,ਹਰੀ ਸਿੰਘ ਨਲੂਆ, ਹਾਸ਼ਮ ਸ਼ਾਹ, ਮੀਆਂ ਮੁਹੰਮਦ ਬਖ਼ਸ਼, ਖ਼ਵਾਜਾ ਫ਼ਰੀਦ, ਦਿਆਲ ਸਿੰਘ ਮਜੀਠੀਆ, ਭਗਤ ਸਿੰਘ, ਸਰ ਗੰਗਾ ਰਾਮ ਤੇ ਜਿਹੇ ਅਣਗਿਣਤ ਵੱਡੇ ਇਨਸਾਨ ਦਿੰਦਾ ਹੈ ਉਸੇ ਨਾਲ ਏਨਾ ਬੁਰਾ ਕਿਉਂ ਹੋਇਆ? ਏਨੀਆਂ ਵੰਡਾਂ ਤਾਂ ਦੁਸ਼ਮਣ ਆਪਣੇ ਭੈੜੇ ਤੋਂ ਭੈੜੇ ਦੁਸ਼ਮਣ ਦੇ ਜੁੱਸੇ ਦੀਆਂ ਨਹੀਂ ਕਰਦਾ ਜਿੰਨੀਆਂ ਪੰਜਾਬ ਦੀਆਂ ਹੋ ਚੁੱਕੀਆਂ ਹਨ। ਪੰਜਾਬੀਆਂ ਨੂੰ ਇਕ ਦੂਜੇ ਦਾ ਦੁਸ਼ਮਣ ਬਣਾ ਕੇ ਜਿਵੇਂ ਕੁਝ ਲੋਕਾਂ ਨੇ ਆਪਣੀਆਂ ਮਨਮਾਨੀਆਂ ਕੀਤੀਆਂ, ਕਰੋੜਾਂ ਪੰਜਾਬੀ ਬੇਘਰ ਕੀਤੇ, ਲੱਖਾਂ ਕਤਲ ਕਰਾਏ ਅਤੇ ਇਹ ਸਭ ਕਰਨ ਕਰਾਉਣ ਵਾਲੇ ਲੋਕਾਂ ਦਾ ਕਿਧਰੇ ਨਾਂਅ ਪਤਾ ਵੀ ਨਹੀਂ ਲੱਭਦਾ। ਉਹ ਪੰਜਾਬ ਜਿਸ ਨਾਲ ਨਾਦਰ ਸ਼ਾਹ ਦੁਰਾਨੀ ਤੇ ਅਹਿਮਦ ਸ਼ਾਹ ਅਬਦਾਲੀ ਦੇ ਬੁਰੇ ਸਲੂਕ 'ਤੇ ਬੁੱਲ੍ਹੇ ਸ਼ਾਹ ਆਖਿਆ ਸੀ,

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ

ਇਸ ਪੰਜਾਬ ਦੀ ਬਦਹਾਲੀ 'ਤੇ ਅੱਜ ਦਾ ਵੰਡਿਆ ਹੋਇਆ ਪੰਜਾਬੀ ਕਿਉਂ ਨਹੀਂ ਬੋਲਦਾ, ਹਜ਼ਾਰਾਂ ਸਾਲਾਂ ਦੀ ਤਾਰੀਖ਼ ਦੇ ਪੰਨੇ ਕਿਉਂ ਨਹੀਂ ਖੋਲ੍ਹਦਾ। ਕਹਿਣ ਨੂੰ ਤਾਂ ਦੁਨੀਆ ਦੇ ਦਸ ਮੁਲਕਾਂ ਵਿੱਚ ਪੰਜਾਬੀਆਂ ਦੀ ਆਬਾਦੀ ਲੱਖਾਂ ਕਰੋੜਾਂ ਵਿਚ ਹੈ ਪਰ ਇਹਦੇ ਲਈ ਬੋਲਣ ਵਾਲੇ ਤੇ ਕੁਝ ਹਜ਼ਾਰ ਵੀ ਨਹੀਂ ਲੱਭਦੇ। ਪੰਜਾਬੀਆਂ ਨੇ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਨੇ ਦੁਨੀਆ ਨੂੰ ਜੋ ਕੁਝ ਦਿੱਤਾ ਉਸ ਨੂੰ ਸਾਹਮਣੇ ਲਿਆਉਣ ਦੀ ਲੋੜ ਹੈ। ਇਹ ਅਧਿਆਇ ਖੁੱਲ੍ਹਣਗੇ ਤੇ ਪੰਜਾਬ ਦਾ ਚੱਪਾ-ਚੱਪਾ ਮਹਿਕੇਗਾ । ਆਓ, ਆਪਣੇ ਪੰਜਾਬ ਲਈ ਬੋਲੀਏ ਇਹਦੀ ਸ਼ਾਨਦਾਰ ਤਰੀਖ਼ ਨਾਲ ਪੰਜਾਬੀਆਂ ਨੂੰ ਜੋੜ ਕੇ ਦੁਨੀਆ ਦੇ ਨਾਲ-ਨਾਲ ਵਿਕਾਸ ਤੇ ਅਮਨ ਦੇ ਰਸਤੇ 'ਤੇ ਚੱਲੀਏ।



TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




## ਦੁਨੀਆਂ ਲਈ ਖ਼ਤਰੇ ਦੀ ਘੰਟੀ

# 20ਵੀਂ ਸਦੀ ਦੇ ਮੁਕਾਬਲੇ ਤਿੰਨ ਗੁਣਾ ਤੇਜ਼ੀ ਨਾਲ ਪਿਘਲ ਰਹੇ ਗ੍ਰੀਨਲੈਂਡ ਦੇ ਗਲੇਸ਼ੀਅਰ



ਗ੍ਰੀਨਲੈਂਡ ਵਿੱਚ ਗਲੇਸ਼ੀਅਰਾਂ ਅਤੇ ਬਰਫ਼ ਦੇ ਢੇਰਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜੋ 20ਵੀਂ ਸਦੀ ਦੇ ਮੁਕਾਬਲੇ ਤਿੰਨ ਗੁਣਾ ਤੇਜ਼ ਹੈ। ਇਕ ਅਧਿਐਨ ਵਿੱਚ ਇਹ ਚਿੰਤਾਜਨਕ ਗੱਲ ਸਾਹਮਣੇ ਆਈ ਹੈ। ਇਹ ਖੋਜ ਜਲਵਾਯੂ ਪਰਿਵਰਤਨ ਦੇ ਕਾਰਨ ਦੇਸ਼ ਦੇ ਗਲੇਸ਼ੀਅਰਾਂ ਅਤੇ ਬਰਫ਼ ਦੇ ਟੋਦਿਆਂ ਵਿੱਚ ਲੰਬੇ ਸਮੇਂ ਦੀਆਂ ਤਬਦੀਲੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ, ਜਿਸ ਨੇ ਪਿਛਲੇ ਇੱਕ ਦਹਾਕੇ ਵਿੱਚ ਗਲੋਬਲ ਸਮੁੰਦਰੀ ਪੱਧਰ ਦੇ ਲਗਭਗ ਪੰਜਵੇਂ ਹਿੱਸੇ ਵਿੱਚ ਯੋਗਦਾਨ ਪਾਇਆ ਹੈ।



ਇਤਿਹਾਸਕ ਡੇਟਾ ਦੀ ਵਰਤੋਂ ਕਰਦੇ ਹੋਏ, ਵਿਗਿਆਨੀਆਂ ਨੇ 5,327 ਗਲੇਸ਼ੀਅਰਾਂ ਅਤੇ ਬਰਫ਼ ਦੇ ਟੋਪਿਆਂ ਨੂੰ ਮੈਪ ਕੀਤਾ ਜੋ 1900 ਵਿੱਚ ਛੋਟੀ ਬਰਫ਼ ਯੁੱਗ ਦੇ ਅੰਤ ਵਿੱਚ ਮੌਜੂਦ ਸਨ। ਵਿਆਪਕ ਕੂਲਿੰਗ ਦੇ ਦੌਰਾਨ ਔਸਤ ਗਲੋਬਲ ਤਾਪਮਾਨ ਵਿੱਚ ਦੋ ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਆਈ ਹੈ। ਫਿਰ ਉਹ 2001 ਤੱਕ ਇਹਨਾਂ ਟੁਕੜਿਆਂ ਨੂੰ 5,467 ਵਿੱਚ ਪ੍ਰਕਾਸ਼ਿਤ ਕਰਨ ਦੇ ਯੋਗ ਸੀ।

ਇਹ ਅਧਿਐਨ ਜੀਓਫਿਜ਼ੀਕਲ ਰਿਸਰਚ ਲੈਟਰਸ ਵਿੱਚ ਪ੍ਰਕਾਸ਼ਿਤ ਹੋਇਆ ਹੈ। ਖੋਜਕਰਤਾਵਾਂ ਨੇ ਕਿਹਾ ਕਿ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 2000 ਅਤੇ 2019 ਦੇ ਵਿਚਕਾਰ ਗਲੇਸ਼ੀਅਰ ਦੇ ਪਾਣੀ ਦੇ ਪਿਘਲਣ ਦੀ ਦਰ 1900 ਤੋਂ ਬਾਅਦ ਲੰਬੇ ਸਮੇਂ ਦੀ ਔਸਤ ਨਾਲੋਂ ਤਿੰਨ ਗੁਣਾ ਹੈ।

ਯੂਨੀਵਰਸਿਟੀ ਆਫ਼ ਪੋਰਟਸਮਾਉਥ ਦੇ ਸਕੂਲ ਆਫ਼ ਐਨਵਾਇਰਮੈਂਟ, ਭੂਗੋਲ ਅਤੇ ਭੂ-ਵਿਗਿਆਨ ਤੋਂ ਡਾਕਟਰ ਕਲੇਰ ਬੋਸਟਨ ਨੇ ਕਿਹਾ ਕਿ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਅਸੀਂ ਸਿਰਫ਼ ਉਨ੍ਹਾਂ ਗਲੇਸ਼ੀਅਰਾਂ ਅਤੇ ਬਰਫ਼ ਦੇ ਪਹਾੜਾਂ ਨੂੰ ਦੇਖਿਆ ਜੋ ਖੇਤਰ ਵਿੱਚ ਘੱਟੋ ਘੱਟ ਇੱਕ ਕਿਲੋਮੀਟਰ ਸਨ। ਇਸ ਲਈ ਪਿਘਲਣ ਵਾਲੀ ਬਰਫ਼ ਦੀ ਕੁੱਲ ਮਾਤਰਾ ਸਾਡੇ ਅਨੁਮਾਨਾਂ ਤੋਂ ਵੱਧ ਹੋਵੇਗੀ।

ਇਹ ਅਧਿਐਨ ਗਲੋਬਲ ਸਮੁੰਦਰੀ ਪੱਧਰ ਦੇ ਵਾਧੇ ਦੇ ਸੰਦਰਭ ਵਿੱਚ ਇਹਨਾਂ ਤਬਦੀਲੀਆਂ ਨੂੰ ਸਮਝਣ ਦੀ ਮਹੱਤਤਾ ’ਤੇ ਜ਼ੋਰ ਦਿੰਦਾ ਹੈ। ਗ੍ਰੀਨਲੈਂਡ ਦੇ ਗਲੇਸ਼ੀਅਰ ਅਤੇ ਬਰਫ਼ ਦੇ ਟੋਪ ਰਨ-ਆਫ਼ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ ਅਤੇ ਵਰਤਮਾਨ ਵਿੱਚ ਅਲਾਸਕਾ ਤੋਂ ਬਾਅਦ ਪਿਘਲੇ ਪਾਣੀ ਦੇ ਦੂਜੇ ਸਭ ਤੋਂ ਵੱਡੇ ਸਰੋਤ ਵਜੋਂ ਦਰਜਾਬੰਦੀ ਕਰਦੇ ਹਨ।

ਸਕੂਲ ਆਫ਼ ਜੀਓਗ੍ਰਾਫੀ, ਯੂਨੀਵਰਸਿਟੀ ਆਫ਼ ਲੀਡਜ਼ ਤੋਂ ਪ੍ਰਮੁੱਖ ਲੇਖਕ ਡਾ. ਜੋਨਾਥਨ ਐਲ. ਕੈਰੀਵਿਕ ਨੇ ਕਿਹਾ ਕਿ ਗ੍ਰੀਨਲੈਂਡ ਤੋਂ ਉੱਤਰੀ ਅਟਲਾਂਟਿਕ ਵਿੱਚ ਪਿਘਲੇ ਪਾਣੀ ਦੇ ਵਹਿਣ ਦੇ ਪ੍ਰਭਾਵ ਗਲੋਬਲ ਸਮੁੰਦਰੀ ਪੱਧਰ ਦੇ ਵਾਧੇ ਤੋਂ ਪਰੇ ਹਨ, ਜੋ ਉੱਤਰੀ ਅਟਲਾਂਟਿਕ ਮਹਾਸਾਗਰ ਦੇ ਗੇੜ, ਯੂਰਪੀਅਨ ਜਲਵਾਯੂ ਨਮੂਨੇ, ਅਤੇ ਗ੍ਰੀਨਲੈਂਡਿਕ ਫਜੋਰਡ ਵਿੱਚ ਪਾਣੀ ਦੀ ਗੁਣਵੱਤਾ ਅਤੇ ਸਮੁੰਦਰੀ ਵਾਤਾਵਰਣ ਪ੍ਰਣਾਲੀਆਂ ਨੂੰ ਪ੍ਰਭਾਵਤ ਕਰਦਾ ਹੈ। ਇਸ ਦਾ ਮਨੁੱਖਾਂ ’ਤੇ ਵੀ ਬਹੁਤ ਪ੍ਰਭਾਵ ਪੈਂਦਾ ਹੈ। ਇਨ੍ਹਾਂ ਗਲੇਸ਼ੀਅਰਾਂ ਵਿੱਚ ਵੱਡੀਆਂ ਤਬਦੀਲੀਆਂ ਦਾ ਸਿੱਧਾ ਅਸਰ ਮੱਛੀਆਂ ਫੜਨ, ਮਾਈਨਿੰਗ ਅਤੇ ਪਣ-ਬਿਜਲੀ ਦੀਆਂ ਆਰਥਿਕ ਗਤੀਵਿਧੀਆਂ ’ਤੇ ਪੈਂਦਾ ਹੈ ਅਤੇ ਲੋਕਾਂ ਦੀ ਸਿਹਤ ਵੀ ਪ੍ਰਭਾਵਿਤ ਹੋ ਰਹੀ ਹੈ।

# ਪਾਣੀ ਸੰਕਟ ਕਾਰਨ ਤਬਾਹੀ ਵੱਲ ਵਧ ਰਹੀ ਦੁਨੀਆਂ



ਗੁਰਮੀਤ ਸਿੰਘ ਪਲਾਹੀ
9815802070



ਰਾਜਸਥਾਨ ਦੇ ਬੂੰਦੀ ਜ਼ਿਲੇ ਦੇ ਭੀਮਗੰਜ ਪਿੰਡ ’ਚ ਮੌਸਮ ’ਚ ਗਰਮੀ ਵਧਦਿਆਂ ਹੀ ਖੂਹਾਂ ਦਾ ਪਾਣੀ ਸੁੱਕਣ ਲੱਗਾ ਹੈ। ਇਕ ਰਿਪੋਰਟ ਅਨੁਸਾਰ ਇਥੋਂ ਦੀਆਂ ਔਰਤਾਂ ਹਰ ਰੋਜ਼ ਇਕ ਰੱਸੀ ਨਾਲ 120 ਫੁੱਟ ਡੂੰਘੇ ਖੂਹ ਵਿੱਚ ਉਤਰਦੀਆ ਹਨ, ਤਦ ਜਾਕੇ ਇਕ ਵਲਟੋਹੀ (ਚਾਰੀ) ਪਾਣੀ ਨਿਕਲਦਾ ਹੈ ਅਤੇ ਇੰਨਾ ਕੁ ਪਾਣੀ, ਆਪਣੇ ਪਰਿਵਾਰ ਦੀ ਪਿਆਸ ਬੁਝਾਉਣ ਲਈ, ਵਰਤਿਆ ਜਾਂਦਾ ਹੈ।

ਪਾਣੀ ਦੀ ਦੁਰਵਰਤੋਂ ਕਰਕੇ ਮਨੁੱਖ ਅੱਜ ਆਪ, ਆਪਣੇ ਲਈ ਮੁਸੀਬਤ ਸਹੇੜ ਰਿਹਾ ਹੈ, ਇਹ ਜਾਣਦਿਆਂ ਹੋਇਆਂ ਵੀ ਕਿ ਪਾਣੀ ਜ਼ਿੰਦਗੀ ’ਚ ਮਨੁੱਖ ਲਈ ਖ਼ੂਨ ਵਾਂਗ ਹੈ, ਸਾਡਾ ਭੋਜਨ, ਵਾਤਾਵਰਨ ਅਤੇ ਬਨਸਪਤੀ ਸਭ ਕੁਝ ਪਾਣੀ ਨਾਲ ਜੁੜਿਆ ਹੋਇਆ ਹੈ ਅਤੇ ਇਹੀ ਦੁਨੀਆ ਨੂੰ ਖ਼ੁਸ਼ਹਾਲ ਰੱਖਣ ਦਾ ਸਾਧਨ ਹਨ।

ਕੀ ਪਾਣੀ ਤੋਂ ਬਿਨ੍ਹਾਂ ਖੇਤੀਬਾੜੀ ਸੰਭਵ ਹੈ ? ਨਹੀਂ ਨਾ। ਨਿਰਮਾਣ ਊਰਜਾ, ਉਤਪਾਦਨ ਤੇ ਸਿਹਤ ਸਫ਼ਾਈ ਦਾ ਗੂੜ੍ਹਾ ਸੰਬੰਧ ਹੈ। ਪਰ ਪਾਣੀ ਦੀ ਬਰਬਾਦੀ ਕਰਕੇ ਅਸੀਂ ਆਪਣਾ ਖ਼ੂਨ ਆਪ ਪੀਣ ਲੱਗੇ ਹਾਂ। ਅਸੀਂ ਪਾਣੀ ਦੇ ਚੱਕਰ ਨੂੰ ਤੋੜ ਦਿੱਤਾ ਹੈ। ਸਾਡਾ ਈਕੋ ਸਿਸਟਮ ਤਬਾਹ ਹੋ ਰਿਹਾ ਹੈ, ਸਾਡਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਪਾਣੀ ਦੀ ਅੰਨੀ ਵਰਤੋਂ ਨੇ ਕੁਦਰਤੀ ਆਫ਼ਤਾਂ ਨੂੰ ਸੱਦਾ ਦਿੱਤਾ ਹੋਇਆ ਹੈ।

ਭਾਰਤ ਦੇਸ਼ ਦੇ ਕਈ ਇਲਾਕੇ ਇਹੋ ਜਿਹੇ ਹਨ, ਜਿਥੋਂ ਦੇ ਪਾਣੀ ਵਿੱਚ ਜ਼ਹਿਰੀਲੇ ਰਸਾਇਣ ਤੱਤ ਘੁਲੇ ਹੋਏ ਹਨ। ਇਸਦੇ ਕਾਰਨ ਉਹਨਾਂ ਖੇਤਰਾਂ ਦਾ ਪਾਣੀ ਕਿਸੇ ਵੀ ਕੰਮ ਦਾ ਨਹੀਂ ਰਿਹਾ। ਜਿਹੜਾ ਪਾਣੀ ਪ੍ਰਦੂਸ਼ਿਤ ਹੋ ਗਿਆ ਹੈ, ਉਸਨੂੰ ਪੀਣ ਯੋਗ ਬਨਾਉਣ ਲਈ ਅਤੇ ਇਸਤੇਮਾਲ ਕਰਨ ਲਈ ਲੋਕਾਂ ਵਿੱਚ ਕੋਈ ਵੀ ਦਿਲਚਸਪੀ ਨਹੀਂ ਹੈ। ਇਸ ਲਈ ਨਦੀਆਂ, ਨਾਲਿਆਂ, ਝੀਲਾਂ ਦੇ ਸਾਫ਼ ਪਾਣੀ ਲਈ ਜਾਣਿਆ ਜਾਂਦਾ ਭਾਰਤ, ਜਲ ਸੰਕਟ ਵਿੱਚ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਅੱਗੇ ਹੈ। ਸੰਯੁਕਤ ਰਾਸ਼ਟਰ ਦੇ ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ (ਭੋਜਨ ਅਤੇ ਖੇਤੀ ਸੰਸਥਾ) ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਪਾਣੀ ਸੰਕਟ ਦਾ ਕਾਰਨ ਧਰਤੀ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਹੈ।



ਕੇਂਦਰੀ ਭੂਮੀ ਦੇ ਜਲ ਬੋਰਡ ਦੇ ਅਨੁਸਾਰ ਭਾਰਤ ਵਿੱਚ ਸਿੰਜਾਈ ਲਈ ਹਰ ਸਾਲ 230 ਅਰਬ ਘਣ ਮੀਟਰ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਹੈ, ਇਸ ਕਾਰਨ ਦੇਸ਼ ਦੇ ਕਈ ਇਲਾਕਿਆਂ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠ ਚਲਾ ਗਿਆ ਹੈ। ਭਾਰਤ ਵਿੱਚ ਧਰਤੀ ਹੇਠੋਂ ਕੱਢਿਆ 88 ਫੀਸਦੀ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ।9 ਫੀਸਦੀ ਘਰੇਲੂ ਜ਼ਰੂਰਤਾਂ ਲਈ ਅਤੇ ਤਿੰਨ ਫੀਸਦੀ ਉਦਯੋਗਾਂ ਲਈ ਵਰਤੋਂ ’ਚ ਆਉਂਦਾ ਹੈ।

ਵੱਖੋ-ਵੱਖਰੇ ਸਰਵੇਖਣ ਦੱਸਦੇ ਹਨ ਕਿ ਭਾਰਤ ਵਿੱਚ ਪਾਣੀ ਦੀ ਬਰਬਾਦੀ ਦੂਜੇ ਦੇਸ਼ਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਖੇਤੀ ਖੇਤਰ ’ਚ ਇਸਦੀ ਜ਼ਿਆਦਾ ਵਰਤੋਂ ਹੈ। ਜਿਹਨਾਂ ਫਸਲਾਂ ਦਾ ਸਮਰੱਥਨ ਮੁੱਲ ਦੇਸ਼ ਵਿੱਚ ਸਭ ਤੋਂ ਜ਼ਿਆਦਾ ਹੈ। ਉਹਨਾਂ ਫਸਲਾਂ ਦਾ ਕਿਸਾਨ ਉਤਪਾਦਨ ਕਰਦੇ ਹਨ। ਉਦਾਹਰਨ ਦੇ ਤੌਰ ’ਤੇ ਪੰਜਾਬ, ਬਿਹਾਰ, ਝਾਰਖੰਡ, ਛੱਤੀਸਗੜ੍ਹ ’ਚ ਝੋਨਾ, ਪੱਛਮੀ ਉੱਤਰ ਪ੍ਰਦੇਸ਼ ਵਿੱਚ ਗੰਨਾ ਅਤੇ ਦੂਜੇ ਰਾਜਾਂ ’ਚ ਪੰਜਾਬ ਸਮੇਤ ਕਣਕ ਅਤੇ ਕਪਾਹ ਦੀ ਖੇਤੀ ਨੂੰ ਕਿਸਾਨ ਪਹਿਲ ਦਿੰਦੇ ਹਨ।ਇਸ ਕਾਰਨ ਕਈ ਸੂਬਿਆਂ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨਾ ਜ਼ਿਆਦਾ ਨੀਵਾਂ ਚਲੇ ਜਾਂਦਾ ਹੈ ਕਿ ਨਲਕਿਆਂ ਵਿਚੋਂ ਪਾਣੀ ਨਿਕਲਣਾ ਵੀ ਮੁਸ਼ਕਲ ਹੁੰਦਾ ਹੈ। ਉਦਾਹਰਨ ਦੇ ਤੌਰ ’ਤੇ ਪੰਜਾਬ ਵਿਚਲੇ 138 ਬਲਾਕਾਂ ਵਿਚੋਂ 128 ਬਲਾਕਾਂ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠ ਡਿੱਗ ਗਿਆ ਹੈ। ਭਾਰਤ ਦੀ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਭਾਰਤ ਦੇ 766 ਜ਼ਿਲ੍ਹਿਆਂ ’ਚੋਂ 256 ਜ਼ਿਲ੍ਹਿਆਂ ਵਿੱਚ ਪਾਣੀ ਸੰਕਟ ਨੇ ਦਸਤਕ ਦੇ ਦਿੱਤੀ ਹੈ।ਪੰਜਾਬ ਨੂੰ ਇਸ ਸਬੰਧੀ ਵੱਧ ਖਤਰਾ ਹੈ।

ਤਦ ਵੀ ਕਿਸਾਨ ਇਹੋ ਜਿਹੀਆਂ ਫਸਲਾਂ ਉਗਾਉਣ ਲਈ ਮਜ਼ਬੂਰ ਹਨ। ਜਿਨ੍ਹਾਂ ’ਤੇ ਪਾਣੀ ਦੀ ਖਪਤ ਜ਼ਿਆਦਾ ਹੈ, ਕਿਉਂਕਿ ਦੇਸ਼ ਵਿੱਚ ਖੇਤੀ ਘਾਟੇ ਦੀ ਹੋ ਕੇ ਰਹਿ ਗਈ ਹੈ। ਅਤੇ ਕਿਸਾਨ ਖ਼ੁਦਕੁਸ਼ੀਆਂ ’ਚ ਨਿਰੰਤਰ ਵਾਧਾ ਹੋ ਰਿਹਾ ਹੈ। ਪਾਣੀ ਦੇ ਸੰਕਟ ’ਚ ਵਾਧੇ ਦਾ ਇੱਕ ਹੋਰ ਕਾਰਨ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਬੋਤਲਾਂ ਵਿੱਚ ਪਾਣੀ ਵੇਚਣ ਵਾਲੀਆਂ ਕੰਪਨੀਆਂ ਨੇ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਆਰੰਭੀ ਹੋਈ ਹੈ, ਜਿਸ ਨਾਲ ਪਾਣੀ ਦਾ ਸੰਕਟ ਹੋਰ ਗਹਿਰਾ ਹੋਣ ਦੀ ਖ਼ਬਰ ਹੈ।

(ਬਾਕੀ ਸਫ਼ਾ 29 ’ਤੇ)

# ਸੁਹਣੀ ਸਵੇਰ

ਕਹਾਣੀ

ਨਵਤੇਜ ਸਿੰਘ



ਇੱਕ ਵਾਰ ਦੀ ਗੱਲ ਹੈ - ਤੇ ਏਸ ਗੱਲ ਨੂੰ ਬਹੁਤਾ ਚਿਰ ਨਹੀ ਹੋਇਆ- ਇਕ ਬੜੇ ਸੁਹਣੇ ਦੇਸ ਉਤੇ ਸੱਤ ਸਮੁੰਦਰ ਪਾਰ ਵੱਸਦਾ ਇੱਕ ਰਾਜਾ ਰਾਜ ਕਰਦਾ ਹੁੰਦਾ ਸੀ। ਏਸ ਰਾਜੇ ਦੇ ਥੱਲੇ ਦੁਨੀਆ ਦਾ ਏਨਾ ਇਲਾਕਾ ਸੀ ਕਿ ਲੋਕੀ ਕਹਿੰਦੇ ਸਨ: ਉਹਦੇ ਰਾਜ ਉਤੇ ਕਦੇ ਸੂਰਜ ਨਹੀਂ ਡੁੱਬਦਾ।

ਪਹਿਲਾਂ ਏਸ ਸੁਹਣੇ ਦੇਸ ਦੇ ਦੋ ਬੜੇ ਸੁਹਣੇ ਨਾਂ ਹੁੰਦੇ ਸਨ, ਇਕ ਦਾ ਮਤਲਬ ਸੀ 'ਸੁਹਣੀ ਸਵੇਰ' ਤੇ ਦੂਜੇ ਦਾ 'ਨਿੱਘਾ ਆਲ੍ਹਣਾ'। ਪਰ ਜਦੋਂ ਤੋਂ ਇਸ ਸੱਤ ਸਮੁੰਦਰ ਪਾਰਲੇ ਰਾਜੇ ਦਾ ਰਾਜ ਏਥੇ ਸ਼ੁਰੂ ਹੋਇਆ, ਉਹਨੇ ਹੁਕਮ ਕਰ ਦਿਤਾ ਸੀ:

ਅੱਜ ਤੋਂ ਏਸ ਦੇਸ ਦੇ ਵਾਸੀ ਆਪਣੀ ਬੋਲੀ ਵਿੱਚ ਇਹਦਾ ਨਾਂ ਨਹੀਂ ਲੈ ਸਕਣਗੇ। ਅੱਗੇ ਤੋਂ ਏਸ ਦੇਸ ਦਾ ਸਰਕਾਰੀ ਨਾਂ ਮੇਰੇ ਹੁਕਮ ਮੁਤਾਬਕ 'ਗ਼ੁਲਾਮ-ਦੇਸ' ਰਖਿਆ ਗਿਆ ਹੈ। ਇਸ ਤੋਂ ਛੁੱਟ ਹੋਰ ਕੋਈ ਨਾਂ ਵਰਤਣ ਵਾਲਾ ਕੈਦ ਕੀਤਾ ਜਾਏਗਾ।

ਕਹਿੰਦੇ ਸਨ ਏਸ ਰਾਜੇ ਨੂੰ 'ਗ਼ੁਲਾਮ' ਲਫ਼ਜ਼ ਨਾਲ ਬੜਾ ਪਿਆਰ ਸੀ, ਤੇ ਉਹਨੇ ਆਪਣੇ ਲਾਡਲੇ ਕੁੱਤੇ ਦਾ ਨਾਂ ਵੀ 'ਗ਼ੁਲਾਮ' ਈ ਰਖਿਆ ਹੋਇਆ ਸੀ।

ਤੇ ਸਿਰਫ਼ ਸੁਹਣੇ ਦੇਸ ਦਾ ਨਾਂ ਹੀ ਨਹੀਂ ਸੀ ਬਦਲਾਇਆ ਗਿਆ, ਹੌਲੀ ਹੌਲੀ ਨਵੇਂ ਹਾਕਮਾਂ ਨੇ ਸਾਰੇ ਦੇਸ ਦਾ ਮੂੰਹ ਮੱਥਾ ਹੀ ਬਦਲ ਦਿਤਾ ਸੀ।

ਪਹਿਲਾਂ ਜੇਠ ਵਿੱਚ ਏਸ ਦੇਸ ਦੇ ਖਲਵਾੜੇ ਕਣਕਾਂ ਨਾਲ ਮਿਉਂਦੇ ਨਹੀਂ ਸਨ ਹੁੰਦੇ, ਭਾਦੋਂ ਵਿੱਚ ਖੇਤਾਂ ਦੇ ਆਲੇ ਦੁਆਲੇ ਦੂਰ ਤੀਕ ਬਾਸਮਤੀ ਦੀ ਮਹਿਕ ਖਿੱਲਰ ਜਾਂਦੀ ਹੁੰਦੀ ਸੀ, ਮੱਝਾਂ ਦੇ ਥਣ - ਜਿਨ੍ਹਾਂ ਨੂੰ ਏਥੇ ਅੰਮ੍ਰਿਤ-ਕਟੋਰੇ' ਕਿਹਾ ਜਾਂਦਾ ਸੀ - ਸਦਾ ਭਰੇ ਰਹਿੰਦੇ ਸਨ ਤੇ ਲੋਕ ਆਪਣੀ ਕਿਰਤ ਦੇ ਆਸਰੇ ਬੜੀ ਚੰਗੀ ਤਰ੍ਹਾਂ ਵਸਦੇ ਰਸਦੇ ਸਨ। ਜਦੋਂ ਤੋਂ ਇਹ ਨਵਾਂ ਰਾਜ ਸ਼ੁਰੂ ਹੋਇਆ - ਖਲਵਾੜੇ ਭਾਵੇਂ ਪਹਿਲਾਂ ਵਾਂਗ ਈ ਮਿਉਂਦੇ ਨਾ, ਬਾਸਮਤੀ ਦੀ ਮਹਿਕ ਵੀ ਪਹਿਲੀਆਂ ਵਾਂਗ ਈ ਖਿਲਰਦੀ, ਅੰਮ੍ਰਿਤ-ਕਟੋਰੇ ਵੀ ਉਸੇ ਤਰ੍ਹਾਂ - ਪਰ ਨਵੇਂ ਹਾਕਮਾਂ ਨੇ ਲੋਕਾਂ ਕੋਲੋਂ ਇਹਨਾਂ ਸਭਨਾਂ ਵਸਤਾਂ ਨੂੰ ਵਰਤਣ ਦਾ ਹੱਕ ਖੋਹ ਲਿਆ ਸੀ।

ਸਿਰਫ਼ ਹਰ ਚੀਜ਼ ਪੈਦਾ ਕਰਨ ਲਈ ਕਰੜੀ ਤੋਂ ਕਰੜੀ ਮਿਹਨਤ ਕਰਨ ਦਾ ਹੱਕ ਉਹਨਾਂ ਕੋਲ ਰਹਿਣ ਦਿਤਾ ਗਿਆ ਸੀ। ਜਦੋਂ ਸਭ ਵਸਤਾਂ ਪੈਦਾ ਹੋ ਜਾਂਦੀਆਂ, ਤਾਂ ਨਵੇਂ ਹਾਕਮ ਸਭ ਕੁਝ ਇਕੱਠਾ ਕਰ ਕੇ ਵੱਡੇ ਵੱਡੇ ਕਿਲਿਆਂ ਅੰਦਰ ਬੰਦ ਕਰ ਦੇਂਦੇ। ਇਹਨਾਂ ਕਿਲਿਆਂ ਦੇ ਲੋਹੇ ਦੇ ਫਾਟਕ ਸਨ, ਤੇ ਬਾਹਰ ਸੰਗੀਨਾਂ ਦਾ ਪਹਿਰਾ। ਫੇਰ ਕਿਲਿਆਂ ਵਿਚਲੇ ਢੇਰਾਂ ਵਿਚੋਂ ਥੋੜਾ ਥੋੜਾ 'ਗ਼ੁਲਾਮ-ਦੇਸ' ਦੇ ਵਾਸੀਆਂ ਨੂੰ ਭਿਖਿਆ ਵਾਂਗ ਦੇ ਦਿਤਾ ਜਾਂਦਾ - ਸਿਰਫ਼ ਓਨਾ ਕੁ ਜਿੰਨੇ ਅਗਲੀ ਵਾਰ ਇਹ ਫਿਰ ਇਹਨਾਂ ਸਭ ਵਸਤਾਂ ਨੂੰ ਪੈਦਾ ਕਰਨ ਜੋਗੇ ਆਦਮੀ ਜਿਉਂਦੇ ਰਹਿ ਸਕਣ, ਤੇ ਕੁਝ ਮੱਝਾਂ ਨੂੰ ਖੁਆਇਆ ਜਾਂਦਾ ਤਾਂ ਜੋ ਉਹ ਦੁੱਧ ਦੇਂਦੀਆਂ ਰਹਿ ਸਕਣ, ਤੇ ਕੁਝ ਬਲਦਾਂ ਨੂੰ ਤਾਂ ਜੋ ਉਹ ਹਲਾਂ ਅਗੇ ਜੁਤੇ ਰਹਿਣ। ਤੇ ਬਸ - ਏਸ ਤੋਂ ਵਧ ਭੋਰਾ ਵੀ ਨਾ (ਹਾਂ ਉਹ ਏਦੂੰ ਵੱਖ ਸੀ, ਜਿਹੜਾ 'ਗ਼ੁਲਾਮ-ਦੇਸ' ਦੇ ਚੂਹੇ ਦਾਅ ਲਾ ਕੇ ਢੇਰਾਂ ਵਿਚੋਂ ਖਾ ਜਾਂਦੇ। ਪਰ ਹਾਕਮਾਂ ਵਿਚੋਂ ਕਈ ਸਿਆਣੇ ਇਹਨਾਂ ਦੀ ਥਾਂ ਆਪਣੇ ਦੇਸ ਤੋਂ ਚੂਹੇ ਮੰਗਵਾ ਕੇ ਏਧਰ ਵੀ ਸੁਧਾਰ ਕਰਨ ਦੀਆਂ ਤਜਵੀਜ਼ਾਂ ਸੋਚ ਰਹੇ ਸਨ!)। ਤੇ ਅਖ਼ੀਰ ਇਨ੍ਹਾਂ ਕਿਲਿਆਂ ਵਿਚੋਂ ਸਾਰਾ ਕੁਝ ਹੂੰਝ ਹਾਂਝ ਕੇ , ਜਹਾਜ਼ਾਂ ਵਿੱਚ ਲੱਦ ਕੇ, ਸੱਤ ਸਮੁੰਦਰ ਪਾਰ ਰਾਜੇ ਦੇ ਆਪਣੇ ਦੇਸ ਵਿਚ ਘੱਲ ਦਿੱਤਾ ਜਾਂਦਾ।

ਜਿਸ ਤਰ੍ਹਾਂ ਪਹਿਲੀਆਂ ਵਿੱਚ - ਜਦੋਂ ਲੋਕੀਂ ਆਪਣੇ ਦੇਸ ਨੂੰ 'ਸੁਹਣੀ ਸਵੇਰ' ਜਾਂ 'ਨਿੱਘਾ ਆਲ੍ਹਣਾ' ਕਹਿ ਸਕਦੇ ਹੁੰਦੇ ਸਨ - ਵੱਖ ਵੱਖ ਰੁੱਤਾਂ ਔਂਦੀਆਂ ਸਨ, ਕੋਈ ਗੀਤਾਂ ਦੀ, ਕੋਈ ਪੀਂਘਾਂ ਤੇ ਕੋਇਲਾਂ ਦੀ, ਕੋਈ ਨੱਚਣ ਤੇ ਟੱਪਣ ਦੀ, ਕੋਈ ਪੱਤਿਆਂ ਦੇ ਝੜਨ ਦੀ, ਕੋਈ ਫੁੱਲਾਂ ਦੇ ਖਿੜਨ ਦੀ, ਉਸੇ ਤਰ੍ਹਾਂ ਹੁਣ ਵੀ ਵੱਖ ਵੱਖ ਰੁੱਤਾਂ ਔਂਦੀਆਂ। ਪਰ ਜਿਸ ਤਰ੍ਹਾਂ ਹੋਰ ਸਭ ਕੁਝ ਵੱਟ ਗਿਆ ਸੀ, ਉਸੇ ਤਰ੍ਹਾਂ ਰੁੱਤਾਂ ਵੀ ਵੱਟ ਗਈਆਂ ਸਨ: ਹੁਣ ਕੋਈ ਭੋਖੜਿਆਂ ਨਾਲ ਮਰਨ ਦੀ ਰੁੱਤ ਸੀ ਤੇ ਕੋਈ ਨੜੋਇਆਂ ਦੀ, ਕੋਈ ਮਲੇਰੀਏ ਦੀ ਤੇ ਕੋਈ ਹੈਜ਼ੇ ਦੀ, ਕੋਈ ਜੇਲ੍ਹ ਖ਼ਾਨੇ ਉਸਾਰਨ ਦੀ, ਤੇ ਕੋਈ ਜੇਲ੍ਹਖ਼ਾਨੇ ਭਰਨ ਦੀ। ਤੇ ਹੁਣ ਵਾਲੀਆਂ ਰੁੱਤਾਂ ਪਹਿਲੀਆਂ ਰੁੱਤਾਂ ਵਾਂਗ ਈ ਇਕ ਖ਼ਾਸ ਮਿਆਦ ਪਿਛੋਂ ਔਂਦੀਆਂ, ਜਿਵੇਂ ਕੁਦਰਤ ਦੇ ਨੇਮ ਵਿਚ ਬੱਝੀਆਂ ਹੋਣ।

ਦੇਸ-ਵਾਸੀਆਂ ਵਿਚੋਂ ਕੁਝ ਨੂੰ ਨਵੇਂ ਹਾਕਮਾਂ ਨੇ ਆਪਣੇ ਉਚੇਚੇ ਸੇਵਕ ਬਣਾ ਲਿਆ ਸੀ। ਇਹਨਾਂ ਨੂੰ ਕਿਲਿਆਂ ਦੇ ਫਾਟਕ ਬੰਦ ਕਰਨ, ਦੇਸੀ ਚੂਹਿਆਂ ਤੇ ਲੋੜ ਪੈਣ ਤੇ ਦੇਸੀ ਲੋਕਾਂ ਨੂੰ ਮਾਰਨ ਦਾ ਕੰਮ ਦਿਤਾ ਜਾਂਦਾ। ਜਿਹੜੇ ਇਹਨਾਂ ਸੇਵਕਾਂ ਵਿਚੋਂ ਬੜੇ ਨਿਮਕ-ਹਲਾਲ ਨਿਕਲਦੇ ਉਹਨਾਂ ਨੂੰ ਤਿੱਲੇ ਨਾਲ ਸਜੀਆਂ ਵਰਦੀਆਂ ਪੁਆ ਕੇ, ਹੱਥ ਵਿਚ ਸੰਗੀਨਾਂ ਫੜਾ ਕੇ ਵੱਡੇ ਪਹਿਰੇਦਾਰਾਂ ਦੀ ਪਦਵੀ ਦੇ ਦਿਤੀ ਜਾਂਦੀ। ਜਿਹੜੇ 'ਗ਼ੁਲਾਮ-ਦੇਸ' ਦੇ ਖ਼ਾਸ ਪਤਵੰਤੇ ਸੱਜਣ ਸਨ ਉਹ ਏਸ ਪਦਵੀ ਨੂੰ ਸਭ ਤੋਂ ਵੱਡੀ ਇਜ਼ਤ ਸਮਝਣ ਲੱਗ ਪਏ।

ਪਰ ਏਸ ਦੇਸ ਦੇ ਆਮ ਲੋਕ, ਜਿਨ੍ਹਾਂ ਨੂੰ ਆਪਣੇ ਦੇਸ ਦੇ ਪੁਰਾਣੇ ਨਾਵਾਂ ਨਾਲ ਪਿਆਰ ਸੀ, ਜਿਹੜੇ ਇਹ ਨਾਂ ਖੁੱਸ ਜਾਣ ਤੇ ਇੰਜ ਮਹਿਸੂਸ ਕਰਦੇ ਸਨ ਜਿਵੇਂ ਕਿਸੇ ਡਾਕੂ ਨੇ ਉਹਨਾਂ ਦੀਆਂ ਮੁਸ਼ਕਾਂ ਕੱਸ ਕੇ ਉਹਨਾਂ ਦੇ ਸਾਹਮਣੇ ਉਹਨਾਂ ਦੀ ਬੁੱਢੀ ਮਾਂ ਦੇ ਸਾਰੇ ਕਪੜੇ ਲਾਹ ਦਿਤੇ ਹੋਣ, ਇਕ ਇਕ ਕਰਕੇ ਉਹਨਾਂ ਦੀ ਮਾਂ ਦੇ ਸਾਰੇ ਚਾਂਦੀ-ਕੇਸ ਖੋਹ ਦਿਤੇ ਹੋਣ; ਇਹ ਸਾਰੇ ਲੋਕ - ਖਲਵਾੜੇ ਜਿਹਨਾਂ ਦੀ ਕਿਰਤ ਸਨ, ਬਾਸਮਤੀ ਦੀ ਮਹਿਕ ਜਿਹਨਾਂ ਦੇ ਮੁੜ੍ਹਕੇ ਵਿਚੋਂ ਜੰਮੀ ਸੀ, ਅੰਮ੍ਰਿਤ-ਕਟੋਰੇ ਜਿਹਨਾਂ ਦੇ ਸਦਾ ਪਿਆਰ ਨੇ ਛਲਕਾਏ ਸਨ, ਇਹ ਸਾਰੇ ਨਵੇਂ ਹਾਕਮਾਂ ਨੂੰ ਤੇ ਉਹਨਾਂ ਕੋਲੋਂ ਪਦਵੀਆਂ ਲੈਣ ਵਾਲਿਆਂ ਨੂੰ ਬੜੀ ਨਫ਼ਰਤ ਕਰਦੇ ਸਨ। ਪਹਿਲਾਂ ਤੇ ਇਹ ਨਫ਼ਰਤ ਐਵੇਂ ਧੁਖਦੀ ਜਹੀ ਰਹਿੰਦੀ, ਕਿਉਂਕਿ ਇਹ ਅੱਥਰੂਆਂ ਨਾਲ ਭਿਜੀ ਹੁੰਦੀ,ਪਰ ਫੇਰ ਹੌਲੀ ਹੌਲੀ ਅੱਥਰੂ ਸੁੱਕ ਗਏ, ਤੇ ਸੁੱਚੀ ਨਫ਼ਰਤ ਅੰਗਿਆਰਿਆਂ ਵਾਂਗ ਭਖ ਪਈ, ਤੇ ਫੇਰ ਭਾਂਬੜਾਂ ਵਿਚ ਮੱਚ ਪਈ। ਖਲਵਾੜਿਆਂ ਤੇ ਖੇਤਾਂ ਵਿਚੋਂ ਨਿਕਲ ਕੇ ਲੋਕ ਠਾਠਾਂ ਮਾਰਦੀਆਂ ਭੀੜਾਂ ਵਿੱਚ ਜੁੜ ਪਏ, ਤੇ ਉਹਨਾਂ ਕਿਲਿਆਂ ਵਲ ਵਧੇ ਜਿਹਨਾਂ ਵਿਚ ਉਹਨਾਂ ਦੀ ਕਿਰਤ ਦੇ ਸਾਰੇ ਫਲ ਕੈਦ ਸਨ, ਤੇ ਉਹਨਾਂ ਜੇਲ੍ਹਾਂ ਵਲ ਵਧੇ ਜਿਨ੍ਹਾਂ ਵਿੱਚ ਉਹ ਬਹਾਦਰ ਡੱਕੇ ਹੋਏ ਕੈਦ ਸਨ ਜਿਨ੍ਹਾਂ ਆਪਣੇ ਦੇਸ ਨੂੰ 'ਗ਼ੁਲਾਮ-ਦੇਸ' ਆਖਣੋਂ ਇਨਕਾਰ ਕਰ ਦਿਤਾ ਸੀ, ਤੇ ਚਿੱਟੀ ਦਿਹਾੜ ਵਿੱਚ ਸਭਨਾਂ ਦੇ ਸਾਹਮਣੇ 'ਸੁਹਣੀ ਸਵੇਰ' ਦੇ ਗੀਤ ਆਪਣੇ ਦੇਸ ਦੇ ਪਹਾੜਾਂ ਜਿੱਡੀ ਉੱਚੀ ਅਵਾਜ਼ ਵਿੱਚ ਗੰਵੇਂ ਸਨ, ਉਹ ਕੈਦ ਸਨ ਜਿਨ੍ਹਾਂ ਨਵੇਂ ਹਾਕਮਾਂ ਦੇ ਅਹਿਲਕਾਰਾਂ ਨੂੰ ਆਪਣੇ ਖਲਵਾੜੇ ਨਹੀਂ ਸਨ ਛੂਹਣ ਦਿਤੇ, ਤੇ ਬਾਸਮਤੀ ਦੀ ਮਹਿਕ ਨਹੀਂ ਸੀ ਲੁੱਟਣ ਦਿਤੀ ਤੇ ਅੰਮ੍ਰਿਤ-ਕਟੋਰਿਆਂ ਨੂੰ ਤਰੁੰਡਦੇ ਹਿਰਸੀ ਹੱਥ ਵੱਢ ਸੁੱਟੇ ਸਨ।

ਲੋਕਾਂ ਦੀ ਠਾਠਾਂ ਮਾਰਦੀ ਭੀੜ ਤੋਂ ਸੰਗੀਨਾਂ ਵਾਲੇ ਤ੍ਰਹਿ ਗਏ। ਰਾਜੇ ਨੇ ਆਪਣੇ ਸੱਤ ਸਮੁੰਦਰ ਪਾਰਲੇ ਦੇਸ ਵਿਚੋਂ ਸਿਪਾਹੀ ਘੱਲੇ। ਸਿਪਾਹੀਆਂ ਨੇ ਲੋਕਾਂ ਉਤੇ ਗੋਲੀਆਂ ਦੀ ਵਾਛੜ ਕੀਤੀ। ਪਰ ਗੋਲੀਆਂ ਜਿਵੇਂ ਸਮੁੰਦਰ ਵਿੱਚ ਡਿਗ ਰਹੀਆਂ ਹੋਣ! ਫੇਰ ਸੱਤ ਸਮੁੰਦਰ ਪਾਰ ਰਾਜੇ ਨੇ ਅਨਗਿਣਤ ਬੰਬ-ਮਾਰ ਜਹਾਜ਼ ਘੱਲੇ।

ਪਰ ਲੋਕਾਂ ਦੀ ਭੀੜ ਹੁਣ ਇਕ ਮਹਾਨ ਫ਼ੌਜ ਬਣ ਚੁੱਕੀ ਸੀ। ਬੰਬ ਵਰ੍ਹਦੇ ਤੇ ਕਈ ਉਹਨਾਂ ਝੰਡਿਆਂ ਸਣੇ ਡਿਗ ਪੈਂਦੇ ਜਿਹਨਾਂ ਉਤੇ ਇਕ ਨਿੱਘੇ ਆਲ੍ਹਣੇ ਦੀ ਤਸਵੀਰ ਸੀ, ਤੇ ਸੁਹਣੀ ਸਵੇਰ ਦੀਆਂ ਕਿਰਨਾਂ ਸਨ। ਪਰ ਜਿੰਨੇ ਡਿਗਦੇ ਓਦੂੰ ਦੂਣੇ, ਓਦੂੰ ਚੌਣੇ ਏਸ ਦੇਸ ਦੀਆਂ ਅਨਗਿਣਤ ਪਗ-ਡੰਡੀਆਂ ਤੋਂ ਏਸ ਫ਼ੌਜ ਵਿਚ ਆ ਰਲਦੇ, ਤੇ ਝੰਡਿਆਂ ਨੂੰ ਚੁੰਮ ਕੇ ਚੁਕ ਲੈਂਦੇ। ਫ਼ੌਜ ਪੈਰੋ-ਪੈਰ ਵਧੇਰੇ ਤਕੜੀ ਹੁੰਦੀ ਅਗਾਂਹ ਵਧਦੀ ਜਾਂਦੀ, ਕਿਲਿਆਂ ਵਲ, ਜੇਲ੍ਹਾਂ ਵਲ- ਕਿਲੇ ਤੇ ਜੇਲ੍ਹ, ਜਿਹੜੇ ਉਹਨਾਂ ਦੇ ਦੇਸ ਦੇ ਪਿੰਡੇ ਉਤੇ ਮਾਤਾ ਦੇ ਫਲੂਹਿਆਂ ਵਾਂਗ ਉਭਰ ਆਏ ਸਨ।

ਲੋਕਾਂ ਦੀ ਫ਼ੌਜ ਅੱਗੇ ਵਧਦੀ ਗਈ, ਤੇ ਤਿੱਲੇ ਦੀਆਂ ਵਰਦੀਆਂ ਵਾਲੇ- ਆਪਣੇ ਦੇਸ ਦੇ ਚੂਹਿਆਂ ਤੇ ਲੋੜ ਪੈਣ ਤੇ ਨਿਤਾਣੇ ਲੋਕਾਂ ਨੂੰ ਮਾਰਨ ਲਈ ਰੱਖੇ ਸੇਵਕ- ਇਹਨਾਂ ਨਵੇਂ ਕਿਸਮ ਦੇ ਲੋਕਾਂ ਤੋਂ ਡਰ ਕੇ ਜੰਗਲਾਂ ਵਿੱਚ ਲੁਕਣ ਲਈ ਭੱਜ ਗਏ। ਪਰ ਜਿਸ ਦੇਸ ਨਾਲ ਇਹਨਾਂ ਧ੍ਰੋਹ ਕਮਾਇਆ ਸੀ ਉਹਦੇ ਜੰਗਲਾਂ ਨੇ ਈ ਇਹਨਾਂ ਨੂੰ ਓਟ ਨਾ ਦਿਤੀ। ਕੁਝ ਲੋਕਾਂ ਦੀ ਫ਼ੌਜ ਦੇ ਹਥ ਆ ਗਏ, ਤੇ ਬਾਕੀਆਂ ਨੂੰ ਜੰਗਲਾਂ ਵਿਚ ਸੱਪ ਡੰਗ ਗਏ, ਚੀਤੇ ਤੇ ਸ਼ੇਰ ਪਾੜ ਗਏ।

ਤੇ ਜਿਹੜੇ ਸੱਤ ਸਮੁੰਦਰੋਂ ਪਾਰੋਂ ਨਵੇਂ ਹਾਕਮ ਆ ਕੇ ਏਥੇ ਵੱਸੇ ਹੋਏ ਸਨ, ਤੇ ਉਹਨਾਂ ਦੀਆਂ ਪਲਟਣਾਂ, ਤੇ ਬੰਬ ਵਰ੍ਹਾਣ ਵਾਲੇ ਉਡਾਰੂ- ਇਹ ਸਾਰੇ ਡਰ ਨਾਲ ਏਨੇ ਸ਼ੁਦਾਈ ਹੋ ਗਏ ਕਿ ਕਈ ਹਾਕਮ ਰਾਤ ਨੂੰ ਡਰਾਉਣੇ ਵਿਚੋਂ ਬੁੜ੍ਹਾਂਦੇ ਉਠਦੇ ਤੇ ਨਾਲ ਦੀ ਮੰਜੀ ਤੇ ਲੇਟੀ ਆਪਣੀ ਵਹੁਟੀ ਨੂੰ ਵੈਰੀ ਦਾ ਸੂਹੀਆ ਸਮਝ ਕੇ ਗੋਲੀ ਮਾਰ ਦੇਂਦੇ। ਇਕੋ ਹੀ ਪਲਟਣ ਦੇ ਦੋ ਦਸਤੇ ਸ਼ਾਮ ਦੇ ਘੁਸਮੁਸੇ ਵਿੱਚ ਇਕ ਦੂਜੇ ਨੂੰ ਦੁਸ਼ਮਨ ਸਮਝ ਕੇ ਕੰਬਦੀਆਂ ਉਂਗਲਾਂ ਨਾਲ ਗੋਲੀਆਂ ਦਾਗ਼ ਦੇਂਦੇ। ਅਸਮਾਨਾਂ ਦੀਆਂ ਉਚਾਈਆਂ ਵਿੱਚ ਉਡਦਿਆਂ ਬੰਬ ਵਰ੍ਹਾਣ ਵਾਲਿਆਂ ਨੂੰ ਏਸ ਸੁਹਣੇ ਦੇਸ ਦੇ ਬੱਦਲ ਇੰਜ ਘੇਰ ਲੈਂਦੇ ਕਿ ਉਹ ਹਾਕਮਾਂ ਦੀਆਂ ਸ਼ਾਨਦਾਰ ਬਸਤੀਆਂ ਤੇ ਕਿਲਿਆਂ ਨੂੰ ਲੋਕਾਂ ਦੇ ਪਿੰਡ ਸਮਝ ਕੇ ਬੰਬ ਮਾਰੀ ਜਾਂਦੇ।

ਲੋਕਾਂ ਦੀ ਫ਼ੌਜ ਅਗੇ ਵਧਦੀ ਗਈ, ਏਨੀ ਅਗੇ ਕਿ ਕਿਲਿਆਂ ਦੇ ਫਾਟਕ ਉਹਨਾਂ ਦੀ ਧਮਕ ਨਾਲ ਕੰਬਣ ਲਗ ਪਏ, ਏਨੀ ਅਗੇ ਕਿ ਜੇਲ੍ਹਾਂ ਵਿੱਚ ਡੱਕੇ ਬਹਾਦਰਾਂ ਦੇ ਗੀਤ, ਬਾਜ਼ ਦੀ ਉਡਾਰੀ ਵਾਂਗ ਸਰ ਸਰ ਕਰਦੇ, ਉਹਨਾਂ ਦੇ ਗੀਤਾਂ ਨਾਲ ਰਲ ਗਏ। ਲੋਕਾਂ ਦੀ ਫ਼ੌਜ ਹੋਰ ਅਗੇ ਵਧ ਗਈ, ਤੇ ਫੇਰ ਫਾਟਕ ਭੰਨ ਦਿਤੇ ਗਏ। ਲੋਕਾਂ ਦੀ ਕਿਰਤ ਦੇ ਫਲ ਅਜ਼ਾਦ ਹੋ ਗਏ। ਜੇਲ੍ਹਾਂ ਵਿਚ ਡੱਕੇ ਬਹਾਦਰਾਂ ਨੂੰ ਲੋਕਾਂ ਨੇ ਗਲਵੱਕੜੀਆਂ ਪਾ ਲਈਆਂ।

ਕਿਲਿਆਂ ਤੇ ਜੇਲ੍ਹਾਂ ਉਤੇ ਲੋਕਾਂ ਨੇ ਝੰਡੇ ਗੱਡ ਦਿਤੇ, ਝੰਡੇ ਜਿਨ੍ਹਾਂ ਉਤੇ ਨਿੱਘੇ ਆਲ੍ਹਣੇ ਦੀ ਮੂਰਤ ਤੇ ਸੁਹਣੀ ਸਵੇਰ ਦੀਆਂ ਕਿਰਨਾਂ ਸਨ। ਤੇ ਮੁੜ ਪਹਿਲੀਆਂ ਰੁੱਤਾਂ ਪਰਤ ਆਈਆਂ- ਕੋਈ ਪੀਂਘਾਂ ਤੇ ਕੋਇਲਾਂ ਦੀ, ਕੋਈ ਪੱਤਿਆਂ ਦੇ ਝੜਨ ਦੀ, ਤੇ ਕੋਈ ਫੁਲਾਂ ਦੇ ਖਿੜਨ ਦੀ.......

ਪੰਚਤੰਤਰ ਬਾਲ ਕਹਾਣੀ

# ਅਕਲਮੰਦ ਹੰਸ

ਇੱਕ ਬਹੁਤ ਵੱਡਾ ਵਿਸ਼ਾਲ ਰੁੱਖ ਸੀ । ਉਸ ਤੇ ਦਰਜਨਾਂ ਹੰਸ ਰਹਿੰਦੇ ਸਨ । ਉਨ੍ਹਾਂ ਵਿੱਚ ਇੱਕ ਬਹੁਤ ਸਿਆਣਾ ਹੰਸ ਸੀ, ਸੂਝਵਾਨ ਅਤੇ ਬਹੁਤ ਦੂਰਦਰਸ਼ੀ । ਸਭ ਉਸਨੂੰ ਇੱਜ਼ਤ ਨਾਲ 'ਤਾਇਆ' ਕਹਿਕੇ ਬੁਲਾਉਂਦੇ ਸਨ। ਇੱਕ ਦਿਨ ਉਸਨੇ ਇੱਕ ਛੋਟੀ-ਜਿਹੀ ਵੇਲ ਨੂੰ ਰੁੱਖ ਦੇ ਤਣੇ ਤੇ ਬਹੁਤ ਹੇਠਾਂ ਚਿੰਮੜਿਆ ਪਾਇਆ। ਤਾਏ ਨੇ ਦੂਜੇ ਹੰਸਾਂ ਨੂੰ ਸੱਦ ਕੇ ਕਿਹਾ ਵੇਖੋ, ਇਸ ਵੇਲ ਨੂੰ ਨਸ਼ਟ ਕਰ ਦੇਵੋ। ਇੱਕ ਦਿਨ ਇਹ ਵੇਲ ਸਾਨੂੰ ਸਾਰਿਆਂ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਵੇਗੀ ।

ਇੱਕ ਜਵਾਨ ਹੰਸ ਹੱਸਦੇ ਹੋਏ ਬੋਲਿਆ ਤਾਇਆ, ਇਹ ਛੋਟੀ-ਜਿਹੀ ਵੇਲ ਸਾਨੂੰ ਕਿਵੇਂ ਮੌਤ ਦੇ ਮੂੰਹ ਵਿੱਚ ਲੈ ਜਾਵੇਗੀ ?

ਸਿਆਣੇ ਹੰਸ ਨੇ ਸਮਝਾਇਆ ਅੱਜ ਇਹ ਤੈਨੂੰ ਛੋਟੀ ਜਿਹੀ ਲੱਗ ਰਹੀ ਹੈ। ਹੌਲ਼ੀ-ਹੌਲ਼ੀ ਇਹ ਰੁੱਖ ਦੇ ਸਾਰੇ ਤਣੇ ਨੂੰ ਲਪੇਟਾ ਮਾਰਕੇ ਉਪਰ ਤੱਕ ਆ ਜਾਵੇਗੀ। ਫਿਰ ਵੇਲ ਦਾ ਤਣਾ ਮੋਟਾ ਹੋਣ ਲੱਗੇਗਾ ਅਤੇ ਰੁੱਖ ਨਾਲ ਚਿਪਕ ਜਾਵੇਗਾ, ਤਦ ਹੇਠੋਂ ਉਪਰ ਤਕ ਰੁੱਖ ਤੇ ਚੜ੍ਹਨ ਲਈ ਪੌੜੀ ਬਣ ਜਾਵੇਗੀ। ਕੋਈ ਵੀ ਸ਼ਿਕਾਰੀ ਪੌੜੀ ਦੇ ਸਹਾਰੇ ਚੜ੍ਹ ਕੇ ਸਾਡੇ ਤੱਕ ਪਹੁੰਚ ਜਾਇਗਾ ਅਤੇ ਅਸੀਂ ਸਾਰੇ ਮਾਰੇ ਜਾਵਾਂਗੇ।

ਦੂਜੇ ਹੰਸ ਨੂੰ ਭਰੋਸਾ ਨਹੀਂ ਆਇਆ, ਇੱਕ ਛੋਟੀ ਜਿਹੀ ਵੇਲ ਕਿਵੇਂ ਪੌੜੀ ਬਣੇਗੀ ?

ਤੀਜਾ ਹੰਸ ਬੋਲਿਆ, ਤਾਇਆ, ਤੂੰ ਤਾਂ ਇੱਕ ਛੋਟੀ ਜਿਹੀ ਵੇਲ ਨੂੰ ਖਿੱਚ ਕੇ ਜ਼ਿਆਦਾ ਹੀ ਲੰਬਾ ਕਰ ਰਿਹਾ ਹੈਂ।

ਇੱਕ ਹੰਸ ਬੁੜਬੁੜਾਇਆ, ਇਹ ਤਾਇਆ ਆਪਣੀ ਅਕਲ ਦਾ ਰੋਹਬ ਪਾਉਣ ਲਈ ਅੰਟ-ਸ਼ੰਟ ਕਹਾਣੀ ਬਣਾ ਰਿਹਾ ਹੈ।



ਇਸ ਪ੍ਰਕਾਰ ਕਿਸੇ ਵੀ ਹੰਸ ਨੇ ਤਾਏ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇੰਨੀ ਦੂਰ ਤੱਕ ਵੇਖ ਸਕਣ ਦੀ ਉਨ੍ਹਾਂ ਵਿੱਚ ਅਕਲ ਕਿੱਥੇ ਸੀ ?

ਸਮਾਂ ਗੁਜ਼ਰਦਾ ਰਿਹਾ। ਵੇਲ ਚਿੰਮੜਦੇ-ਲਿਪਟਦੇ ਉਪਰ ਸ਼ਾਖਾਵਾਂ ਤੱਕ ਪਹੁੰਚ ਗਈ। ਵੇਲ ਦਾ ਤਣਾ ਮੋਟਾ ਹੋਣਾ ਸ਼ੁਰੂ ਹੋਇਆ ਅਤੇ ਸਚਮੁੱਚ ਹੀ ਰੁੱਖ ਦੇ ਤਣੇ ਤੇ ਪੌੜੀ ਬਣ ਗਈ। ਜਿਸ 'ਤੇ ਸੌਖ ਨਾਲ ਚੜ੍ਹਿਆ ਜਾ ਸਕਦਾ ਸੀ। ਸਾਰਿਆਂ ਨੂੰ ਤਾਏ ਦੀ ਗੱਲ ਦੀ ਸੱਚਾਈ ਸਾਹਮਣੇ ਨਜ਼ਰ ਆਉਣ ਲੱਗੀ। ਪਰ ਹੁਣ ਕੁੱਝ ਨਹੀਂ ਕੀਤਾ ਜਾ ਸਕਦਾ ਸੀ ਕਿਉਂਕਿ ਵੇਲ ਇੰਨੀ ਮਜਬੂਤ ਹੋ ਗਈ ਸੀ ਕਿ ਉਸਨੂੰ ਨਸ਼ਟ ਕਰਨਾ ਹੰਸਾਂ ਦੇ ਵੱਸ ਦੀ ਗੱਲ ਨਹੀਂ ਸੀ । ਇੱਕ ਦਿਨ ਜਦੋਂ ਸਾਰੇ ਹੰਸ ਦਾਣਾ ਚੁਗਣ ਬਾਹਰ ਗਏ ਹੋਏ ਸਨ ਤਦ ਇੱਕ ਚਿੜੀਮਾਰ ਉਧਰ ਆ ਨਿਕਲਿਆ। ਰੁੱਖ 'ਤੇ ਬਣੀ ਪੌੜੀ ਨੂੰ ਵੇਖਦੇ ਹੀ ਉਸਨੇ ਰੁੱਖ ਤੇ ਚੜ੍ਹ ਕੇ ਜਾਲ ਵਿਛਾਇਆ ਅਤੇ ਚਲਾ ਗਿਆ। ਸਾਂਝ ਨੂੰ ਸਾਰੇ ਹੰਸ ਪਰਤ ਆਏ ਅਤੇ ਰੁੱਖ ਤੇ ਉੱਤਰੇ ਤਾਂ ਚਿੜੀਮਾਰ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਗਏ। ਜਦੋਂ ਉਹ ਜਾਲ ਵਿੱਚ ਫਸ ਗਏ ਅਤੇ ਫੜਫੜਾਉਣ ਲੱਗੇ, ਤਦ ਉਨ੍ਹਾਂ ਨੂੰ ਤਾਏ ਦੀ ਅਕਲਮੰਦੀ ਅਤੇ ਦੂਰ-ਦ੍ਰਿਸ਼ਟੀ ਦਾ ਪਤਾ ਲਗਾ । ਸਭ ਤਾਏ ਦੀ ਗੱਲ ਨਾ ਮੰਨਣ ਲਈ ਸ਼ਰਮਿੰਦਾ ਸਨ ਅਤੇ ਆਪਣੇ ਆਪ ਨੂੰ ਕੋਸ ਰਹੇ ਸਨ । ਤਾਇਆ ਸਭ ਨਾਲ ਰੁਸ਼ਟ ਸੀ ਅਤੇ ਚੁਪ ਬੈਠਾ ਹੋਇਆ ਸੀ ।

ਇੱਕ ਹੰਸ ਨੇ ਹਿੰਮਤ ਕਰਕੇ ਕਿਹਾ ਤਾਇਆ, ਅਸੀਂ ਮੂਰਖ ਹਾਂ, ਲੇਕਿਨ ਹੁਣ ਸਾਡੇ ਤੋਂ ਮੂੰਹ ਨਾ ਫੇਰੋ।

ਦੂਜਾ ਹੰਸ ਬੋਲਿਆ, ਇਸ ਸੰਕਟ ਵਿੱਚੋਂ ਨਿਕਲਣ ਦੀ ਤਰਕੀਬ ਤੁਸੀਂ ਹੀ ਸਾਨੂੰ ਦੱਸ ਸਕਦੇ ਹੋ। ਅੱਗੇ ਤੋਂ ਅਸੀਂ ਤੁਹਾਡੀ ਕੋਈ ਗੱਲ ਨਹੀਂ ਟਾਲਾਂਗੇ। ਸਾਰੇ ਹੰਸਾਂ ਨੇ ਹਾਮੀ ਭਰੀ ਤਦ ਤਾਏ ਨੇ ਉਨ੍ਹਾਂ ਨੂੰ ਦੱਸਿਆ ਮੇਰੀ ਗੱਲ ਧਿਆਨ ਨਾਲ ਸੁਣੋ । ਸਵੇਰੇ ਜਦੋਂ ਚਿੜੀਮਾਰ ਆਵੇਗਾ, ਤਦ ਮੁਰਦਾ ਹੋਣ ਦਾ ਡਰਾਮਾ ਕਰਨਾ । ਚਿੜੀਮਾਰ ਥੋਨੂੰ ਮੁਰਦਾ ਸਮਝ ਕੇ ਜਾਲ ਤੋਂ ਕੱਢ ਜ਼ਮੀਨ 'ਤੇ ਰਖਦਾ ਜਾਵੇਗਾ । ਉੱਥੇ ਵੀ ਮਰਿਆਂ ਵਾਂਗ ਪਏ ਰਹਿਣਾ । ਜਿਵੇਂ ਹੀ ਉਹ ਅਖੀਰਲੇ ਹੰਸ ਨੂੰ ਹੇਠਾਂ ਰੱਖੇਗਾ, ਮੈਂ ਸੀਟੀ ਬਜਾਊਂਗਾ । ਮੇਰੀ ਸੀਟੀ ਸੁਣਦੇ ਹੀ ਸਭਨਾਂ ਨੇ ਉੱਡ ਜਾਣਾ ।

ਸਵੇਰੇ ਚਿੜੀਮਾਰ ਆਇਆ । ਹੰਸਾਂ ਨੇ ਉਵੇਂ ਹੀ ਕੀਤਾ ਜਿਵੇਂ ਤਾਏ ਨੇ ਸਮਝਾਇਆ ਸੀ । ਸਚਮੁੱਚ ਚਿੜੀਮਾਰ ਹੰਸਾਂ ਨੂੰ ਮੁਰਦਾ ਸਮਝ ਕੇ ਜ਼ਮੀਨ 'ਤੇ ਪਟਕਦਾ ਗਿਆ । ਸੀਟੀ ਦੀ ਆਵਾਜ਼ ਦੇ ਨਾਲ ਹੀ ਸਾਰੇ ਹੰਸ ਉੱਡ ਗਏ । ਚਿੜੀਮਾਰ ਅਵਾਕ ਹੋਕੇ ਵੇਖਦਾ ਰਹਿ ਗਿਆ ।

# ਮੇਰੀ ਕਲਮ

## ਛਲੇਡਾ ਜੱਫੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਪੈ ਗਈ ਜੱਫੀ ਛਲੇਡਿਆਂ ਦੀ, ਜੋ ਰੰਗ ਬਦਲਣ ਦਿਨ ਰਾਤੀ,
ਨਿੱਤ ਬਣਾਉਂਦੇ ਲੋਕਾਂ ਨੂੰ ਬੁੱਧੂ, ਰੱਖਣ ਦੁਨੀਆ ਨੂੰ ਪਾਟੀ।

ਪੈਰ ਪੈਰ ’ਤੇ ਤੋਲਦੇ ਫੱਕੜ, ਬੰਨ੍ਹਣ ਝੂਠ ਪੁਲੰਦੇ,
ਬਕਦੇ ਜੋ ਵੀ ਮੂੰਹ ਵਿੱਚ ਆਉਂਦਾ, ਕਰਦੇ ਗੰਦੇ ਧੰਦੇ।

ਉਸੇ ਜ਼ਬਾਨੋਂ ਇੱਕ ਦੂਜੇ ਨੂੰ, ਗਾਲ੍ਹਾਂ ਕੱਢਣੋਂ ਨਹੀਂ ਥੱਕਦੇ,
ਉਸੇ ਹੀ ਮੂੰਹੋਂ ਉਸੇ ਹੀ ਵੇਲੇ, ਜਾਣ ਇੱਕ ਦੂਜੇ ਤੋਂ ਸਦਕੇ।

ਨਾ ਕੋਈ ਇਨ੍ਹਾਂ ਦਾ ਯਾਰ ਹੈ ਯਾਰੋ, ਨਾ ਕੋਈ ਇਨ੍ਹਾਂ ਦਾ ਸੰਗੀ,
ਮਤਲਬ ਕੱਢਣ ਲਈ ਇਨ੍ਹਾਂ ਨੇ, ਸ਼ਰਮ ਹੈ ਛਿੱਕੇ ਟੰਗੀ।

ਪਾਕਿਸਤਾਨੀ ਜ਼ਿਹਨੀਅਤ ਦੀ, ਕਸਰ ਨਾ ਕੋਈ ਰੱਖੀ,
ਡੱਡੂਆਂ ਦੀ ਪੰਸੇਰੀ ਹੋ ਗਈ, ਇੱਕੋ ਛਪੜੀ ਵਿੱਚ ਕੱਠੀ।

ਮਾਰ ਟਪੂਸੀਆਂ ਕਰਨਗੇ ਹੁਣ ਇਹ, ਰਾਜਨੀਤੀ ਹੋਰ ਗੰਦੀ,
ਹਾਰੇ ਹੋਏ ਜੁਆਰੀਆਂ ਦੀ ਹੁਣ, ਦੇਖੋ ਲੱਗੀ ਕਿੰਝ ਮੰਡੀ।

ਉਚੀ ਜ਼ਾਤ ਅਤੇ ਵੱਡੇ ਹੋਣ ਦੇ, ਦਮਗਜੇ ਮਾਰੀ ਜਾਂਦੇ,
ਬਾਜਵੇ ਵਰਗੇ ਬੇ ਵਜਾਹ ਹੀ, ਗਰੀਬਾਂ ਦੀ ਖਿੱਲੀ ਉਡਾਂਦੇ।

ਹਰ ਮਸਲੇ ਅਤੇ ਹਰ ਅਸੂਲ ’ਤੇ, ਕੁਰਬਾਨ ਹੋਣ ਨੂੰ ਕਾਹਲ਼ੇ,
ਅੰਦਰ ਖਾਤੇ ਜ਼ਮੀਰਾਂ ਵੇਚਣ ਦੇ, ਕਰਦੇ ਘਾਲ਼ੇ ਮਾਲ਼ੇ।

ਸੰਜੀਦਾ ਅਤੇ ਵਿਸ਼ਵਾਸੀ ਲੋਕੀ, ਕਿੱਧਰ ਨੂੰ ਹੁਣ ਜਾਵਣ,
ਕਿਸ ਦੇ ਲਈ ਹੁਣ ਤਾੜੀਆਂ ਮਾਰਨ, ਕਿਸ ਨੂੰ ਹੁਣ ਨਕਾਰਨ।

## ਮਾਂ ਦੀ ਲੋਰੀ ਪੁੱਤ ਲਈ

ਰਸੂਲ ਹਮਜ਼ਾਤੋਵ

1

ਮੇਰੇ ਲਾਲ ਤੂੰ ਵੱਡਾ ਹੋ ਕੇ ਸ਼ਕਤੀਵਾਨ ਹੋ ਜਾਵੇਂਗਾ ।
ਖ਼ੂਨੀ ਬਘਿਆੜਾਂ ਦੇ ਦੰਦੋਂ ਕੱਢ ਕੇ ਮਾਸ ਲਿਆਵੇਂਗਾ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਫੁਰਤੀ ਐਸੀ ਆਏਗੀ,
ਚੀਤੇ ਦੇ ਪੰਜਿਆਂ ਦੇ ਵਿਚੋਂ ਪੰਛੀ ਕੱਢ ਲਿਆਏਗੀ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਫਨ ਤੈਨੂੰ ਸਭ ਆਵਣਗੇ,
ਵੱਡਿਆਂ ਦੀ ਗੱਲ ਮੰਨੇਗਾ ਤੂੰ, ਮੀਤ ਬਹੁਤ ਬਣ ਜਾਵਣਗੇ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਸਮਝਦਾਰ ਬਣ ਜਾਵੇਂਗਾ,
ਤੰਗ ਪੰਘੂੜਾ ਹੋ ਜਾਵਣ ਤੇ, ਲਾ ਕੇ ਖੰਭ ਉੱਡ ਜਾਵੇਂਗਾ ।
ਮੈਂ ਹੀ ਜਨਮ ਏ ਦਿੱਤਾ ਤੈਨੂੰ, ਮੇਰਾ ਪੁੱਤ ਰਹੇਂਗਾ ਤੂੰ,
ਜਿਹਦਾ ਬਣੇਂਗਾ ਤੂੰ ਜੁਆਈ, ਉਹਨੂੰ ਸੱਸ ਕਹੇਂਗਾ ਤੂੰ ।
ਜਦੋਂ ਜੁਆਨ ਹੋਵੇਂਗਾ ਪੁੱਤਰਾ, ਸੋਹਣੀ ਵਹੁਟੀ ਲਿਆਵੇਂਗਾ,
ਪਿਆਰੇ ਦੇਸ਼, ਵਤਨ ਦੀ ਖਾਤਰ, ਮਧੁਰ ਤਰਾਨੇ ਗਾਵੇਂਗਾ ।

2

ਖ਼ੁਸ਼ਕ, ਗਰਮ ਮੌਸਮ ਵਿੱਚ ਬਰਖਾ – ਮੇਰੇ ਬੱਚੇ, ਤੂੰ ਏਂ ਉਹ ।
ਬਰਸਾਤੀ ਗਰਮੀ ਵਿੱਚ ਸੂਰਜ – ਮੇਰੇ ਬੱਚੇ, ਤੂੰ ਏਂ ਉਹ ।
ਬੁਲ੍ਹ ਸ਼ਹਿਦੋਂ ਵੀ ਮਿੱਠੇ ਮਿੱਠੇ – ਮੇਰੇ ਬੱਚੇ, ਤੂੰ ਏਂ ਉਹ ।
ਸਿਆਹ ਅੰਗੂਰਾਂ ਜਿਹੀਆਂ ਅੱਖਾਂ – ਮੇਰੇ ਬੱਚੇ, ਤੂੰ ਏਂ ਉਹ ।
ਨਾਂਅ ਵੀ ਸ਼ਹਿਦ ਤੋਂ ਵਧ ਕੇ ਮਿੱਠਾ – ਮੇਰੇ ਬੱਚੇ, ਤੂੰ ਏਂ ਉਹ ।
ਚੈਨ ਨੈਣਾਂ ਨੂੰ ਜੋ ਮੁੱਖ ਦੇਵੇ – ਮੇਰੇ ਬੱਚੇ, ਤੂੰ ਏਂ ਉਹ ।
ਜਿਉਂਦਾ ਦਿਲ ਜੋ ਧੜਕ ਰਿਹਾ ਏ – ਮੇਰੇ ਬੱਚੇ, ਤੂੰ ਏਂ ਉਹ ।
ਧੜਕੇ ਦਿਲ ਦੀ ਚਾਬੀ ਵਾਂਗੂੰ – ਮੇਰੇ ਬੱਚੇ, ਤੂੰ ਏਂ ਉਹ ।
ਸੰਦੂਕ ਜੋ ਚਾਂਦੀ ਨਾਲ ਏ ਮੜ੍ਹਿਆ – ਮੇਰੇ ਬੱਚੇ, ਤੂੰ ਏਂ ਉਹ ।
ਸੰਦੂਕ ਜੋ ਸੋਨੇ ਨਾਲ ਏ ਭਰਿਆ – ਮੇਰੇ ਬੱਚੇ, ਤੂੰ ਏਂ ਉਹ ।

3

ਅਜੇ ਨਿਰਾ ਧਾਗੇ ਦਾ ਗੋਲਾ, ਇੱਕ ਦਿਨ ਗੋਲੀ ਬਣ ਜਾਵੇਂਗਾ ।
ਤੋੜੇਂਗਾ ਤੂੰ ਪਰਬਤ, ਪੱਥਰ, ਭਾਰੀ ਹਥੌੜਾ ਬਣ ਜਾਵੇਂਗਾ ।
ਤੀਰ ਬਣੇਂਗਾ ਇੱਕ ਦਿਨ ਐਸਾ, ਐਨ ਨਿਸ਼ਾਨੇ ਜਾਵੇਂਗਾ ।
ਨਾਚ ਹੋਵੇਗਾ ਤੇਰਾ ਦਿਲਕਸ਼, ਮਧੁਰ ਤਰਾਨੇ ਗਾਵੇਂਗਾ ।
ਆਪਣੇ ਹਰ ਇਕ ਹਾਣੀ ਨਾਲੋਂ, ਦੌੜਾਂ ਤੇਜ਼ ਲਗਾਵੇਂਗਾ ।
ਘੁੜ ਦੌੜਾਂ ਵਿੱਚ ਹਰ ਇਕ ਤਾਈਂ, ਪਿੱਛੇ ਛੱਡ ਤੂੰ ਜਾਵੇਂਗਾ ।
ਵਾਦੀ ਵਿਚੋਂ ਤੇਜ਼ ਦੌੜਾਂਦਾ, ਘੋੜਾ ਤੂੰ ਲੈ ਜਾਵੇਂਗਾ ।
ਬਣ ਕੇ ਬੱਦਲ ਅੰਬਰ ਪਹੁੰਚੇ, ਐਸੀ ਧੂੜ ਉਡਾਵੇਂਗਾ ।

## ਮਾਂ ਭੂਮੀ

ਲਾਲ ਸਿੰਘ ਦਿਲ

ਪਿਆਰ ਦਾ ਵੀ ਕੋਈ ਕਾਰਨ ਹੁੰਦੈ ?
ਮਹਿਕ ਦੀ ਵੀ ਕੋਈ ਜੜ ਹੁੰਦੀ ਹੈ ?
ਸੱਚ ਦਾ ਹੋਵੇ ਨਾ ਹੋਵੇ ਕੋਈ
ਝੂਠ ਕਦੇ ਬੇਮਕਸਦ ਨਹੀਂ ਹੁੰਦਾ !
ਤੇਰੇ ਨੀਲੇ ਪਰਬਤਾਂ ਕਰਕੇ ਨਹੀਂ
ਨਾ ਨੀਲੇ ਪਾਣੀਆਂ ਲਈ
ਜੇ ਇਹ ਬੁੱਢੀ ਮਾਂ ਦੇ ਵਾਲਾਂ ਜਿਹੇ
ਗੋਹੜੇ-ਰੰਗੇ ਵੀ ਹੁੰਦੇ
ਤਦ ਵੀ ਮੈਂ ਤੈਨੂੰ ਪਿਆਰ ਕਰਦਾ
ਇਹ ਦੌਲਤਾਂ ਦੇ ਖਜ਼ਾਨੇ
ਮੇਰੇ ਲਈ ਤਾਂ ਨਹੀਂ
ਭਾਵੇਂ ਨਹੀਂ
ਪਿਆਰ ਦਾ ਕੋਈ ਕਾਰਨ ਨਹੀਂ ਹੁੰਦਾ
ਝੂਠ ਕਦੇ ਬੇਮਕਸਦ ਨਹੀਂ ਹੁੰਦਾ
ਖਜ਼ਾਨਿਆਂ ਦੇ ਸੱਪ ਤੇਰੇ ਗੀਤ ਗਾਉਂਦੇ ਨੇ
ਸੋਨੇ ਦੀ ਚਿੜੀ ਕਹਿੰਦੇ ਹਨ

## ਬੱਦਲਾਂ ਮੰਨੀ ਕੂੰਜ ਦੀ ਗੱਲ

ਮਨਮੋਹਨ ਸਿੰਘ ਦਾਊਂ

ਬੱਦਲਾਂ ਰਲ-ਮਿਲ ਕੀਤੀ ਗੱਲ,
ਚੱਲੋ ਭੱਜ ਚੱਲੀਏ ਵੱਲ ਥਲ।
ਨੀਲਾ ਅੰਬਰ ਹੁਣ ਸੁੰਨਾ ਲੱਗਦਾ,
ਦਿਨ ਵੇਲੇ ਨਾ ਤਾਰਾ ਜਗਦਾ।
ਉੱਡ-ਉੱਡ ਅਸੀਂ ਹੰਭ ਗਏ ਹਾਂ,
ਕਿੰਨੇ ਉੱਚੇ ਲੰਘ ਗਏ ਹਾਂ।
ਬਿਜਲੀ ਕੜਕੇ ਡਰ ਹੈ ਆਉਂਦਾ,
ਹੁਣ ਨਾ ਅੰਬਰ ਸਾਨੂੰ ਭਾਉਂਦਾ।
ਘੁੱਪ-ਹਨੇਰਾ ਕਦੇ ਡਰਾਏ,
ਧੱਕ-ਧੱਕ ਕਰਦਾ ਦਿਲ ਘਬਰਾਏ।
ਦੇਖੀਏ ਚੱਲ ਕੇ ਧਰਤੀ ਮਾਂ,
ਰੁੱਖਾਂ ਦੀ ਹੈ ਜਿੱਥੇ ਛਾਂ।
ਉੱਥੇ ਕੁਦਰਤ ਹੈ ਬਲਿਹਾਰੀ,
ਰੰਗ-ਬਰੰਗੀ ਦੁਨੀਆਂ ਪਿਆਰੀ।
ਸੋਚਣ ਲੱਗੇ ਬੱਦਲ ਭਾਰੇ,
ਥੱਲੇ ਚੱਲੀਏ ਰਲ-ਮਿਲ ਸਾਰੇ।
ਧੁਰ ਟੰਗਿਆ ਸਾਨੂੰ ਅਸਮਾਨੀ,
ਨਾ ਕੋਈ ਸਾਡਾ ਦਰਦੀ ਜਾਨੀ।
ਕੂੰਜ ਨੇ ਸੁਣ ਲਈ ਬੱਦਲਾਂ ਦੀ ਗੱਲ,
ਮਸਲਾ ਕਿੰਜ ਕਰਾਂ ਮੈਂ ਹੱਲ।
ਨਹੀਂ, ਨਹੀਂ ਤੁਸੀਂ ਅੰਬਰੀਂ ਸੋਂਹਦੇ,
ਤੁਸੀਂ ਤਾਂ ਸਭ ਦੇ ਮਨਾਂ ਨੂੰ ਮੋਂਹਦੇ।
ਇੱਥੇ ਭੀੜ-ਭੜੱਕਾ ਹੋਇਆ,
ਪ੍ਰਦੂਸ਼ਣ ਕਾਰਨ, ਨਾ ਜਾਏ ਖਲੋਇਆ।
ਤੁਹਾਡਾ ਕੰਮ ਹੈ ਵਰਖਾ ਕਰਨਾ,
ਧਰਤੀ ਉੱਤੇ ਰਹਿੰਦੇ ਵਰ੍ਹਨਾ।
ਕੂੰਜ ਨੇ ਨੁਕਤਾ ਇਹ ਸਮਝਾਇਆ,
ਬੱਦਲਾਂ ਨੂੰ ਮੁੜ ਕੰਮੀਂ ਲਾਇਆ।
ਬੱਦਲ ਲੱਗੇ ਛਮ-ਛਮ ਵੱਸਣ,
ਨਾਲ ਖ਼ੁਸ਼ੀ ਦੇ ਲੱਗੇ ਹੱਸਣ।

## .ਗ਼ਜ਼ਲ

-ਕੁਲਦੀਪ

ਚਿਰਾਂ ਤੋਂ ਅੰਦਰੋਂ ਅੰਦਰ ਖ਼ੌਰੇ ਕਿਉਂ ਵਿਲਕਦਾ ਹੈ ਘਰ
ਵਜਾ ਹੋਵੇ ਗੀ ਕੋਈ ਜੋ ਕਿ ਤਿਲ-ਤਿਲ ਸੁਲਗਦਾ ਹੈ ਘਰ
ਮੁੜੇ ਨਾ ਤੁਰ ਗਏ ਪਰਦੇਸ ਰੋਜ਼ੀ ਦੇ ਬਹਾਨੇ ਜੋ,
ਉਨ੍ਹਾਂ ਦੀ ਦੇਖਦਾ ਹੈ ਰਾਹ ਅਤੇ ਅੱਜ ਵੀ ਧੜਕਦਾ ਹੈ ਘਰ
ਨਗਰ ਮੇਰੇ ਦੀ ਹਰ ਚੌਖਟ ’ਤੇ ਉਕਰੀ ਇਹ ਕਹਾਣੀ ਹੈ
ਕਿਸੇ ਦਾ ਬੁਝ ਰਿਹਾ ਚੁੱਲਾ, ਕਿਸੇ ਦਾ ਸੁਲਘਦਾ ਹੈ ਘਰ
ਕਿਸੇ ਅਪਣੇ ਦੇ ਹੁੰਦਿਆਂ ਵੀ ਰਹੇ ਕਿਉਂ ਚੁੱਪ ਦਾ ਪਹਿਰਾ,
ਦੁਖੀ ਹੈ ਇਸ ਲਈ ਮਨ ਦਾ ਪਰਿੰਦਾ, ਚੀਕਦਾ ਹੈ ਘਰ,
ਜਦੋਂ ਵੀ ਓਸ ਦੇ ਖ਼ਾਬਾਂ ਦੇ ਸੰਗ ਅਠਖੇਲੀਆਂ ਕਰਦਾ,
ਬੜਾ ਮਹਿੰਗਾ ਪਊ ‘ਕੁਲਦੀਪ’ ਮੈਨੂੰ ਵਰਜਦਾ ਹੈ ਘਰ,
ਜਦੋਂ ਵੀ ਸੋਚਦਾਂ ਮੈਂ ਕਿ ਸਮਾਧੀ ਲਾ ਲਵਾਂ ਕਿਧਰੇ,
ਤਾਂ ਨੰਨ੍ਹੀ ਛਾਂ ਹੈ ਮੇਰੀ ਡੁਸਕਦੀ ਤੇ ਘੂਰਦਾ ਹੈ ਘਰ।

## ਹਨੇਰੀ ਵੀ ਜਗਾ ਸਕਦੀ ਹੈ ਦੀਵੇ

ਸੁਰਜੀਤ ਪਾਤਰ



ਹਨੇਰੀ ਵੀ ਜਗਾ ਸਕਦੀ ਹੈ ਦੀਵੇ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ
ਜੇ ਸਾਰੇ ਹੋਰ ਦੀਵੇ ਬੁਝ ਨ ਜਾਂਦੇ
ਤਾਂ ਦੀਵਾ ਦਿਲ ਦਾ ਇਉਂ ਜਗਣਾ ਨਹੀਂ ਸੀ
ਜੇ ਮੇਰੇ ਸਿਰ ’ਤੇ ਇਉਂ ਸੂਰਜ ਨਾ ਤਪਦਾ
ਮੈਂ ਝੂਠੀ ਸ਼ਾਨ ਵਿੱਚ ਰਹਿੰਦਾ ਚਮਕਦਾ
ਕਿਸੇ ਚੋਟੀ ਤੇ ਠਹਿਰੀ ਬਰਫ ਹੁੰਦਾ
ਮੈਂ ਬਣ ਕੇ ਨੀਰ ਇਉਂ ਵਗਣਾ ਨਹੀਂ ਸੀ
ਹਵਾ ਮੇਰੇ ਮੁਖਾਲਿਫ ਜੇ ਨ ਵਗਦੀ
ਜੇ ਮੇਰੇ ਘਰ ਨੂੰ ਵੀ ਅਗਨੀ ਨ ਲਗਦੀ
ਕਿਹੀ ਫਿਤਰਤ ਤਮਾਸ਼ਾਈ ਹੈ ਜੱਗ ਦੀ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ
ਅਜਬ ਸੀਨੇ ’ਚ ਅੱਜ ਵੀਰਾਨਗੀ ਹੈ
ਜੋ ਸੀਨੇ ਨਾਲ ਲੱਗੀ ਸਾਨਗੀ ਹੈ
ਜੇ ਇਸ ਦੇ ਦਿਲ ’ਚ ਸੁੰਨਾਪਨ ਨ ਹੁੰਦਾ
ਤਾਂ ਇਸ ਤੋਂ ਮੇਰਾ ਸੁਰ ਲੱਗਣਾ ਨਹੀਂ ਸੀ
ਜੇ ਮੁੱਕਦੀ ਚਾਰ ਦਿਨ ਦੀ ਚਾਨਣੀ ਨਾ
ਕਲੇਜਾ ਇੰਜ ਹੁੰਦਾ ਛਾਨਣੀ ਨਾ
ਤਾਂ ਮੈਨੂੰ ਚਾਨਣਾ ਹੋਣਾ ਨਹੀਂ ਸੀ
ਕਦੇ ਸੱਚ ਦਾ ਪਤਾ ਲੱਗਣਾ ਨਹੀਂ ਸੀ

## ਪੈਰ ਜਦੋਂ ਦੇ ਚੰਨ ਤੇ ਪਹੁੰਚੇ ਨੇ ਇਨਸਾਨਾਂ ਦੇ

ਆ.ਗਾ ਨਿਸਾਰ

ਪੈਰ ਜਦੋਂ ਦੇ ਚੰਨ ’ਤੇ ਪਹੁੰਚੇ ਨੇ ਇਨਸਾਨਾਂ ਦੇ ।
ਉੱਥੇ ਵਧ ਗਏ ਨੇ ਅੰਦੇਸ਼ੇ ਨਿੱਤ ਤੂਫ਼ਾਨਾਂ ਦੇ ।
ਮੈਂ ਕੀ ਜਾਣਾ ਕੌਣ ਗਿਆ ਤੇ ਕੌਣ ਆਇਆ ਏ ਘਰ,
ਮੈਂ ਤੇ ਤਾਰੇ ਗਿਣਦਾ ਰਹਿਣਾ ਬਸ ਅਸਮਾਨਾਂ ਦੇ ।
ਨਿਤ ਨਵੇਂ ਬਹੁਤਾਨ ਨੂੰ ਜਰਨਾ ਕਿਸਮਤ ਉਨ੍ਹਾਂ ਦੀ,
ਜਿਨ੍ਹਾਂ ਭਰੋਸੇ ਕਰ ਲਏ ਭੁੱਲ ਕੇ ਵੀ ਅਣਜਾਨਾਂ ਦੇ ।
ਨ.ਫਸਾ-ਨ.ਫਸੀ ਦੁਨੀਆ ਉੱਤੇ ਐਨੀ ਵਧ ਗਈ ਏ,
ਵੇਖ ਰਿਹਾ ਹਾਂ ਥਾਂ ਥਾਂ ਸੌਦੇ ਮੈਂ ਈਮਾਨਾਂ ਦੇ ।
ਆਪਣੇ ਜਜ਼ਬੇ ਜੋ ਨਹੀਂ ਰੱਖਦੇ ਗਿਰਵੀ .ਗਰਜ਼ਾਂ ਕੋਲ,
ਭਾਰ ਕਦੇ ਨਹੀਂ ਚੁਕਦੇ ਯਾਰੋ ਉਹ ਅਹਿਸਾਨਾਂ ਦੇ ।
ਆ ਜਾਂਦਾ ਏ ਵੇਲਾ ਜਦ ਵੀ ਆਪਣੀ ਆਈ ਤੇ,
ਰੇਜ਼ਾ-ਰੇਜ਼ਾ ਕਰਦਾ ਪਲ ਵਿੱਚ ਮਾਨ ਚਟਾਨਾਂ ਦੇ ।
ਫੜੀਆਂ ਹੋਵਣ ਜੇ ਕਰ ‘ਆ.ਗਾ’ ਕੰਬਦੇ ਹੱਥਾਂ ਵਿੱਚ,
ਤੀਰ ਨਿਸ਼ਾਨੇ ’ਤੇ ਨਹੀਂ ਲੱਗਦੇ ਫੇਰ ਕਮਾਨਾਂ ਦੇ ।

## ਪ੍ਰਣਾਮ ਹਿਰਨ ਦਾ

ਅਜਮੇਰ ਰੋਡੇ

ਮਰਦੇ ਹਿਰਨ ਨੇ ਰਾਮਚੰਦਰ ਨੂੰ
ਪ੍ਰਣਾਮ ਕੀਤਾ ਤੇ ਦਮ ਤੋੜ ਦਿਤਾ
ਰਾਮਚੰਦਰ ਨੇ ਹਿਰਨ ਦੇ ਮੋਟੇ ਨੈਣਾਂ ਵਿਚ
ਤੱਕਿਆ ਤੇ ਕਿਹਾ :
ਹੇ ਮਿਰਗ, ਮੈਂ ਤੇਰੀ ਮੁਕਤੀ ਕਰ ਦਿੱਤੀ ਹੈ
ਹੁਣ ਤੂੰ ਆਪਣੀਆਂ ਅੱਖਾਂ ਬੰਦ ਕਰ ਲੈ
ਮੇਰੇ ਇਸ ਸਰੀਰ ਵਾਂਗ
ਤੇਰਾ ਸਰੀਰ ਵੀ ਮਾਇਆ ਸੀ
ਤੂੰ ਮਾਇਆ ਜਾਲ਼ ਤੋਂ ਸੁਰਖ਼ਰੂ ਹੋ ਗਿਆ ਹੈਂ
ਤੂੰ ਆਪਣੀਆਂ ਅੱਖਾਂ ਬੰਦ ਕਰ ਲੈ
ਹੇ ਮਿਰਗ ਇਹ ਮੇਰੀ ਪ੍ਰਿਆ ਸੀਤਾ ਦੀ ਇੱਛਾ ਸੀ
ਕਿ ਮੈਂ ਤੇਰਾ ਸੁੰਦਰ ਸਰੀਰ ਉਸ ਦੀ ਭੇਟਾ ਕਰਾਂ
ਤੂੰ ਆਪਣੀਆਂ ਅੱਖਾਂ ਬੰਦ ਕਰ ਲੈ
ਹੇ ਮਿਰਗ, ਮੈਂ ਤੈਨੂੰ ਉਚਤਮ ਮਨੁੱਖਾ ਜੂਨੀ
ਵਿਚ ਪਾ ਦੇਵਾਂਗਾ ਤੈਨੂੰ ਦੇਵਰਾਜ ਇੰਦਰ ਦੇ
ਸਿੰਘਾਸਨ ਤੇ ਬਿਠਾ ਦੇਵਾਂਗਾ
ਤੂੰ ਆਪਣੀਆਂ ਅੱਖਾਂ ਬੰਦ ਕਰ ਲੈ
ਹੇ ਮਿਰਗ, ਮੈਂ ਆਖਰੀ ਵਾਰ
ਇਸ ਧਰਤੀ ਤੇ ਆਇਆ ਹਾਂ
ਮੈਂ ਕਿਸੇ ਹੋਰ ਯੁਗ ਵਿਚ ਤੇਰੇ ਨੈਣ
ਬੰਦ ਕਰਨ ਨਹੀਂ ਆਵਾਂਗਾ
ਤੂੰ ਆਪਣੀਆਂ ਅੱਖਾਂ ਬੰਦ ਕਰ ਲੈ
ਹਿਰਨ ਖੁਲ੍ਹੀਆਂ ਅੱਖਾਂ ਨਾਲ਼
ਉਸੇ ਤਰਾਂ ਪਿਆ ਰਿਹਾ
ਹਰੇ ਕਚੂਰ ਘਾਹ ਦੀ ਤਿੜ
ਮੁੜ ਮੁੜ
ਉਸ ਦੇ ਗੁਲਾਬੀ ਹੋਠਾਂ ਨੂੰ ਛੋਂਹਦੀ ਰਹੀ।

# ਕਿਵੇਂ ਪਤਾ ਚਲਦਾ ਹੈ ਕਿ ਫ਼ਿਲਮ ਹਿੱਟ ਹੈ ਜਾਂ ਫ਼ਲਾਪ

ਜੇਕਰ ਤੁਸੀਂ ਬਾਲੀਵੁੱਡ 'ਚ ਦਿਲਚਸਪੀ ਰੱਖਦੇ ਹੋ, ਤਾਂ ਫਿਲਮਾਂ ਦੇ ਹਿੱਟ ਅਤੇ ਫਲਾਪ ਨੇ ਤੁਹਾਨੂੰ ਜ਼ਰੂਰ ਪ੍ਰਭਾਵਿਤ ਕੀਤਾ ਹੋਵੇਗਾ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਅਜਿਹਾ ਕਿਉਂ ਹੁੰਦਾ ਹੈ ਕਿ ਇੱਕ ਫਿਲਮ ਦੇ ਹਿੱਟ ਹੋਣ ਲਈ 500 ਕਰੋੜ ਵੀ ਘੱਟ ਹੁੰਦੇ ਹਨ ਅਤੇ ਕੋਈ ਫਿਲਮ 50 ਕਰੋੜ ਕਮਾ ਕੇ ਵੀ ਹਿੱਟ ਹੋ ਜਾਂਦੀ ਹੈ। ਕੋਈ ਫਿਲਮ ਕਿਵੇਂ ਸਫਲ ਸਾਬਤ ਹੁੰਦੀ ਹੈ ਅਤੇ ਕੌਣ ਤੈਅ ਕਰਦਾ ਹੈ ਕਿ ਕੋਈ ਫਿਲਮ ਫਲਾਪ ਹੋ ਗਈ ਹੈ। ਇਹ ਅਸਲ ਵਿੱਚ ਬਾਕਸ ਆਫਿਸ ਦਾ ਇੱਕ ਵਿਸ਼ੇਸ਼ ਫੰਡਾ ਹੈ ਜੋ ਇੱਕ ਖਾਸ ਪੈਮਾਨੇ 'ਤੇ ਫਿਲਮ ਦੀ ਸਫਲਤਾ ਨੂੰ ਮਾਪਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਫਿਲਮ ਹਿੱਟ ਹੈ ਜਾਂ ਫਲਾਪ। ਅੱਜ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਬਾਕਸ ਆਫਿਸ ਦਾ ਇਹ ਕਿਹੜਾ ਗਣਿਤ ਹੈ ਜੋ ਕਿਸੇ ਫਿਲਮ ਨੂੰ ਸੁਪਰਹਿੱਟ ਅਤੇ ਕਿਸੇ ਫਿਲਮ ਨੂੰ ਫਲਾਪ ਸਾਬਤ ਕਰਦਾ ਹੈ।ਦਰਅਸਲ, ਕੋਈ ਫਿਲਮ ਹਿੱਟ ਜਾਂ ਫਲਾਪ ਹੋਵੇ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਫਿਲਮ 'ਤੇ ਕਿੰਨਾ ਪੈਸਾ ਖਰਚ ਹੋਇਆ ਹੈ ਅਤੇ ਫਿਲਮ ਨੇ ਕਿੰਨੀ ਕਮਾਈ ਕੀਤੀ ਹੈ। ਮਤਲਬ ਸ਼ੂਟਿੰਗ,




ਸਟਾਰ ਫੀਸ, ਡਿਸਟ੍ਰੀਬਿਊਸ਼ਨ, ਪ੍ਰਮੋਸ਼ਨ ਤੋਂ ਬਾਅਦ ਫਿਲਮ ਦੀ ਕੁੱਲ ਲਾਗਤ ਕੀ ਹੈ। ਉਦਾਹਰਣ ਦੇ ਲਈ ਤੁਹਾਨੂੰ ਦੱਸ ਦੇਈਏ ਕਿ ਬਾਹੂਬਲੀ 2 ਦੀ ਕੁੱਲ ਲਾਗਤ 250 ਕਰੋੜ ਸੀ। ਹੁਣ ਬਾਹੂਬਲੀ ਨੇ ਆਪਣੀਆਂ ਸਾਰੀਆਂ ਭਾਸ਼ਾਵਾਂ ਵਿੱਚ 2000 ਕਰੋੜ ਦੀ ਕਮਾਈ ਕਰ ਲਈ ਹੈ। ਜਦੋਂ ਕੋਈ ਫ਼ਿਲਮ ਲਾਗਤ ਤੋਂ ਵੱਧ ਕਮਾਈ ਕਰਦੀ ਹੈ ਤਾਂ ਉਸ ਨੂੰ ਸਫ਼ਲ ਕਿਹਾ ਜਾਂਦਾ ਹੈ।

ਜੇਕਰ ਕਿਸੇ ਫਿਲਮ ਦੀ ਲਾਗਤ ਦਾ ਹਿਸਾਬ ਲਗਾਉਣਾ ਹੋਵੇ ਤਾਂ ਉਸ ਦੀ ਪ੍ਰੋਡਕਸ਼ਨ ਲਾਗਤ ਦੇ ਨਾਲ, ਨਿਰਮਾਣ ਲਾਗਤ ਅਤੇ ਪ੍ਰਮੋਸ਼ਨ ਲਾਗਤ ਨੂੰ ਜੋੜਿਆ ਜਾਣਾ ਚਾਹੀਦਾ ਹੈ। ਇਸ ਲਾਗਤ ਨੂੰ ਫਿਲਮ ਦੀ ਕੁੱਲ ਲਾਗਤ ਕਿਹਾ ਜਾਂਦਾ ਹੈ। ਕਿਸੇ ਫਿਲਮ ਦੇ ਸਫਲ ਹੋਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਰਿਲੀਜ਼ ਦੇ ਪਹਿਲੇ ਦਿਨ ਕੁੱਲ ਲਾਗਤ ਦਾ ਘੱਟੋ-ਘੱਟ ਵੀਹ ਫੀਸਦੀ ਕਮਾਈ ਕਰੇ। ਨਹੀਂ ਤਾਂ ਅੱਗੇ ਜਾਣ ਵਿੱਚ ਸਮੱਸਿਆ ਹੈ।

ਮਾਹਿਰ ਦੱਸਦੇ ਹਨ ਕਿ ਜੇਕਰ ਕਿਸੇ ਫਿਲਮ ਦੀ ਕੁੱਲ ਲਾਗਤ 100 ਕਰੋੜ ਹੈ ਤਾਂ ਉਸ ਨੂੰ ਸਫਲ ਹੋਣ ਲਈ ਘੱਟੋ-ਘੱਟ 120 ਕਰੋੜ ਦੀ ਕਮਾਈ ਕਰਨੀ ਪਵੇਗੀ। ਜੇਕਰ ਉਹੀ ਫਿਲਮ ਆਪਣੀ ਲੈਂਡਿੰਗ ਲਾਗਤ ਤੋਂ 120% ਵੱਧ ਕਮਾਈ ਕਰਦੀ ਹੈ, ਤਾਂ ਇਸ ਨੂੰ ਹਿੱਟ ਘੋਸ਼ਿਤ ਕੀਤਾ ਜਾਵੇਗਾ। ਜੇਕਰ ਫਿਲਮ ਆਪਣੀ ਕੁੱਲ ਲਾਗਤ ਦਾ 150 ਫੀਸਦੀ ਤੋਂ ਵੱਧ ਕਮਾਈ ਕਰ ਲਵੇ ਤਾਂ ਉਸ ਨੂੰ ਸੁਪਰਹਿੱਟ ਕਿਹਾ ਜਾਂਦਾ ਹੈ।

'ਦਿ ਕਸ਼ਮੀਰ ਫਾਈਲਜ਼' ਮੁਤਾਬਕ ਇਸ ਨੂੰ ਸਮਝੋ। ਕਸ਼ਮੀਰ ਫਾਈਲਜ਼ ਦੀ ਕੁੱਲ ਕੀਮਤ ਸਿਰਫ਼ 15 ਕਰੋੜ ਰੁਪਏ ਸੀ। ਜੇਕਰ ਫਿਲਮ ਨੇ 25 ਕਰੋੜ ਵੀ ਕਮਾ ਲਏ ਹੁੰਦੇ ਤਾਂ ਇਹ ਹਿੱਟ ਸਾਬਤ ਹੋ ਸਕਦੀ ਸੀ। ਫਿਲਮ ਨੇ 250 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਅਤੇ ਬਾਕਸ ਆਫਿਸ ਦੁਆਰਾ ਬਲਾਕਬਸਟਰ ਘੋਸ਼ਿਤ ਕੀਤਾ ਗਿਆ ਸੀ।




## ਫ਼ਿਲਮਾਂ ਨੂੰ ਹਿੱਟ ਕਰਵਾਉਣ ਦਾ ਫ਼ਾਰਮੂਲਾ

ਭਾਵੇਂ ਕਿ ਫ਼ਿਲਮਾਂ ਨੂੰ ਹਿੱਟ ਕਰਵਾਉਣ ਦਾ ਕੋਈ ਫ਼ਾਰਮੂਲਾ ਨਹੀਂ ਮੰਨਿਆ ਜਾਂਦਾ, ਪਰ ਫਿਰ ਵੀ ਫਿਲਮ ਬਣਾਉਣ ਵਾਲਿਆਂ ਵੱਲੋਂ ਫ਼ਿਲਮ ਨੂੰ ਹਿੱਟ ਕਰਵਾਉਣ ਲਈ ਕਈ ਤਰਾਂ ਦੇ ਢੰਗ ਤਰੀਕੇ ਅਪਣਾਏ ਜਾਂਦੇ ਹਨ। ਹੁਣ ਪੰਜਾਬੀ ਫਿਲਮ 'ਮੌੜ' ਨੂੰ ਹਿੱਟ ਕਰਵਾਉਣ ਲਈ ਇਸ ਫਿਲਮ ਦੀ ਟੀਮ ਅਤੇ ਕਲਾਕਾਰਾਂ ਵੱਲੋਂ ਫ਼ਿਲਮ ਵਿੱਚ ਕਿਰਦਾਰਾਂ ਵੱਲੋਂ ਪਹਿਨੇ ਕਪੜੇ ਪਾ ਕੇ ਅਤੇ ਉਹੋ ਜਿਹੀ ਵੇਸ-ਭੂਸ਼ਾ ਬਣਾ ਕੇ ਫ਼ਿਲਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਫਿਲਮ



ਸਫਲ ਹੋ ਸਕੇ। ਇਸੇ ਤਰ੍ਹਾਂ ਦੇ ਹੋਰ ਤਰੀਕੇ ਵੀ ਫਿਲਮ ਵਾਲਿਆਂ ਵੱਲੋਂ ਫ਼ਿਲਮ ਨੂੰ ਹਿੱਟ ਕਰਵਾਉਣ ਲਈ ਵਰਤੇ ਜਾਂਦੇ ਹਨ।

# ਕੈਂਸਰ ਕੋਲੋਂ ਜ਼ਿੰਦਗੀ ਦੀ ਜੰਗ ਹਾਰੇ ਅਦਾਕਾਰ ਮੰਗਲ ਢਿੱਲੋਂ

ਚੰਡੀਗੜ੍ਹ/ਏ.ਟੀ.ਨਿਊਜ਼ :ਪੰਜਾਬੀ ਅਦਾਕਾਰ, ਫ਼ਿਲਮਸਾਜ਼ ਤੇ ਨਿਰਮਾਤਾ ਮੰਗਲ ਢਿੱਲੋਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਲੁਧਿਆਣਾ ਦੇ ਹਸਪਤਾਲ ਵਿੱਚ ਆਖਰੀ ਸਾਹ ਲਏ। ਉਹ 64 ਸਾਲਾਂ ਦੇ ਸਨ। ਮੰਗਲ ਢਿੱਲੋਂ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੂਰਦਰਸ਼ਨ ਤੇ ਰੇਡੀਓ 'ਤੇ ਕਈ ਨਾਟਕ ਖੇਡੇ ਤੇ ਉਨ੍ਹਾਂ ਨਵੀਂ ਦਿੱਲੀ ਤੇ ਮੁੰਬਈ ਵਿੱਚ ਕੁਝ ਕਮਰਸ਼ਲ ਵੁਆਇਸ-ਓਵਰ ਵੀ ਕੀਤੇ। ਸਾਲ 1987 ਵਿੱਚ ਉਨ੍ਹਾਂ ਨੂੰ ਰਮੇਸ਼ ਸਿੱਪੀ ਦੇ ਟੀਵੀ ਲੜੀਵਾਰ 'ਬੁਨਿਆਦ' ਵਿੱਚ ਲੁਭਾਇਆ ਰਾਮ ਦਾ ਕਿਰਦਾਰ ਮਿਲਿਆ, ਜਿਸ ਨੇ ਮੁੰਬਈ ਫ਼ਿਲਮ ਤੇ ਟੈਲੀਵਿਜ਼ਨ ਸਨਅਤ ਵਿੱਚ ਉਨ੍ਹਾਂ ਦੀ ਨੀਂਹ ਰੱਖੀ। 'ਬੁਨਿਆਦ' ਮਗਰੋਂ ਉਨ੍ਹਾਂ 25-30 ਹਿੰਦੀ ਫ਼ਿਲਮਾਂ ਤੇ ਟੀਵੀ ਲੜੀਵਾਰਾਂ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚ 'ਯੁਗਾਂਧਰ', 'ਲਕਸ਼ਣ ਰੇਖਾ', 'ਨਿਸ਼ਾਨਾ', 'ਵਿਸ਼ਵਾਤਮਾ', 'ਖ਼ੂਨ ਭਰੀ ਮਾਂਗ' ਤੇ 'ਆਜ਼ਾਦ ਦੇਸ਼ ਕੇ ਗ਼ੁਲਾਮ' ਤੋਂ ਇਲਾਵਾ 'ਜਨੂੰਨ' ਤੇ 'ਪੈਂਥਰ' ਜਿਹੇ ਲੜੀਵਾਰ ਵੀ ਸ਼ਾਮਲ ਹਨ।



# ਕੀ ਸ਼ੈਰੀ ਮਾਨ ਗਾਇਕੀ ਛੱਡ ਰਹੇ ਨੇ ?

ਆਪਣੇ ਪਹਿਲੇ ਗੀਤ 'ਯਾਰ ਅਣਮੁੱਲੇ' ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਧਮਾਕੇਦਾਰ ਸ਼ੁਰੂਆਤ ਕਰਨ ਵਾਲੇ ਗਾਇਕ ਸ਼ੈਰੀ ਮਾਨ ਸ਼ੁਰੂਆਤ ਤੋਂ ਹੀ ਲਗਾਤਾਰ ਇਕ ਤੋਂ ਬਾਅਦ ਇਕ ਹਿੱਟ ਗਾਣੇ ਦਿੰਦੇ ਆ ਰਹੇ ਹਨ। ਪਿਛਲੇ ਕੁੱਝ ਦਿਨਾਂ ਤੋਂ ਸੁਰਖੀਆਂ ਵਿੱਚ ਚੱਲ ਰਹੇ ਪੰਜਾਬੀ ਗਾਇਕ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਨਾਲ ਇੱਕ ਵਾਰ ਫਿਰ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ, ਬੀਤੇ ਦਿਨੀਂ ਸ਼ੈਰੀ ਮਾਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਸਟੋਰੀ ਰਾਹੀਂ ਆਪਣੀ 'ਆਖ਼ਰੀ ਐਲਬਮ' ਦਾ ਐਲਾਨ ਕੀਤਾ ਹੈ। ਉਨ੍ਹਾਂ



ਦੀ ਪੋਸਟ ਤੋਂ ਇਹ ਸਵਾਲ ਖੜ੍ਹੇ ਹੋ ਗਏ ਹਨ ਕਿ ਕਿੱਧਰੇ ਉਨ੍ਹਾਂ ਨੇ ਗਾਇਕੀ ਛੱਡਣ ਦਾ ਫ਼ੈਸਲਾ ਤਾਂ ਨਹੀਂ ਲੈ ਲਿਆ।

ਸ਼ੈਰੀ ਨੇ ਇੰਸਟਾਗ੍ਰਾਮ ਸਟੋਰੀ ਵਿੱਚ ਲਿਖਿਆ, ਯਾਰ ਅਣਮੁੱਲੇ ਤੋਂ ਲੈ ਕੇ ਹੁਣ ਤਕ ਪਿਆਰ ਦੇਣ ਲਈ ਬਹੁਤ ਸ਼ੁਕਰੀਆ। ਇਹ ਤੁਹਾਡੇ ਲਈ 'ਦਿ ਲਾਸਟ ਗੁੱਡ ਐਲਬਮ' ਹੋਵੇਗੀ। ਤੁਸੀਂ ਜੋ ਕੁੱਝ ਵੀ ਮੈਨੂੰ ਦਿੱਤਾ , ਉਸ ਲਈ ਬਹੁਤ-ਬਹੁਤ ਧੰਨਵਾਦ। ਇਹ ਐਲਬਮ ਅਗਲੇ ਹਫ਼ਤੇ 15 ਤੋਂ 20 ਜੂਨ ਦੇ ਵਿਚਾਲੇ ਰਿਲੀਜ਼ ਹੋਵੇਗੀ। ਇਸ ਤੋਂ ਪਹਿਲਾਂ ਹਰ ਗਾਣੇ ਬਾਰੇ ਐਲਾਨ ਕਰਕੇ ਦੱਸਾਂਗਾ।

# ਪੰਜਾਬੀ ਗਾਇਕ ਰਣਜੀਤ ਬਾਵਾ ਵੱਲੋਂ ਯੂ.ਕੇ. 'ਚ ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾਂਜਲੀ ਭੇਟ

ਲੰਡਨ/ਏ.ਟੀ.ਨਿਊਜ਼: ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕ ਅਤੇ ਅਦਾਕਾਰ ਰਣਜੀਤ ਬਾਵਾ ਨੇ ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਐਲਵੇਡਨ ਚਰਚ ਦਾ ਦੌਰਾ ਕੀਤਾ।

ਰਣਜੀਤ ਬਾਵਾ ਥੇਟਫੋਰਡ ਨੇੜੇ ਲੰਡਨ ਰੋਡ ਸਥਿਤ ਸੇਂਟ ਐਂਡਰਿਊਜ਼ ਅਤੇ ਸੇਂਟ ਪੈਟਰਿਕ ਚਰਚ ਜਾ ਕੇ ਉੱਥੇ ਕਬਰਿਸਤਾਨ ਵਿੱਚ ਦਫ਼ਨ ਮਹਾਰਾਜਾ ਦਲੀਪ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਤੇ ਇਤਿਹਾਸ ਵਿੱਚ ਦਫ਼ਨ ਪੰਜਾਬ ਦੇ ਖ਼ਾਲਸਾ ਰਾਜ ਦੀ ਸੂਰਬੀਰਤਾ ਨੂੰ ਯਾਦ ਕੀਤਾ।

ਪਿਛਲੇ ਦਿਨੀਂ ਯੂਕੇ ਪੁੱਜੇ ਰਣਜੀਤ ਬਾਵਾ ਨੂੰ ਸਿੱਖ ਇਤਿਹਾਸਕਾਰ ਪੀਟਰ ਬੈਂਸ ਨੇ ਚਰਚ ਦਾ ਦੌਰਾ ਕਰਵਾਇਆ। ਪੱਤਰਕਾਰਾਂ





ਵੱਲੋਂ ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਨੂੰ ਯੂਕੇ ਆ ਕੇ ਸਿੱਖ ਸਾਮਰਾਜ ਦੇ ਅਖ਼ੀਰਲੇ ਮਹਾਰਾਜਾ ਦਲੀਪ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰ ਕੇ ਕਿਹੋ ਜਿਹਾ ਮਹਿਸੂਸ ਹੋਇਆ, ਤਾਂ ਰਣਜੀਤ ਨੇ ਕਿਹਾ ਕਿ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ, ਅਸੀਂ ਏਲਵੇਡਨ ਵਿੱਚ ਪਹਿਲਾਂ ਕਦੇ ਵੀ ਨਹੀਂ ਆਏ, ਜਦ ਕਿ ਯੂਕੇ ਚਾਰ ਜਾਂ ਪੰਜ ਵਾਰ ਆਏ ਹਾਂ ਪਰ ਇੱਥੇ ਨਹੀਂ ਆਏ। ਇੱਥੇ ਆ ਕੇ ਅਸੀਂ ਆਪਣੇ ਖ਼ਾਲਸਾ ਰਾਜ ਦੇ ਇਤਿਹਾਸ ਨਾਲ ਜੁੜ ਗਏ ਮਹਿਸੂਸ ਕਰਦੇ ਹਾਂ।

ਰਣਜੀਤ ਬਾਵਾ ਚਰਚ ਦੇ ਅੰਦਰ ਵੀ ਗਿਆ ਅਤੇ ਉਸਨੇ 1 ਜਨਵਰੀ, 1866 ਨੂੰ ਮਹਾਰਾਜਾ ਦੁਆਰਾ ਚਰਚ ਨੂੰ ਦਿੱਤੀ ਗਈ ਇੱਕ ਬਾਈਬਲ ਅਤੇ ਇੱਕ ਆਮ ਪ੍ਰਾਰਥਨਾ ਕਿਤਾਬ ਦੇ ਨਾਲ-ਨਾਲ 1863 ਵਿੱਚ ਮਹਾਰਾਜਾ ਦਲੀਪ ਸਿੰਘ ਨੇ ਸਾਈਟ ਨੂੰ ਦਿੱਤੀ ਚੈਲੀ ਨੂੰ ਦੇਖਿਆ ਅਤੇ ਛੂਹਿਆ।

ਰਣਜੀਤ ਬਾਵਾ ਨੇ ਪੀਟਰ ਬੈਂਸ ਦਾ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਗੋਰਿਆਂ ਦੀ ਧਰਤੀ ਉੱਤੇ ਪੰਜਾਬੀ ਇਤਿਹਾਸ, ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਿਆ ਹੈ। ਪੀਟਰ ਬੈਂਸ ਇੱਕ ਸਿੱਖ ਇਤਿਹਾਸਕਾਰ, ਲੇਖਕ, ਕਲਾ ਸੰਗ੍ਰਹਿਕਾਰ ਅਤੇ ਮਹਾਰਾਜਾ ਦਲੀਪ ਸਿੰਘ ਆਰਕਾਈਵਿਸਟ ਹੈ। ਉਸ ਦੇ ਦਾਦਾ ਜੀ 1930 ਵਿੱਚ ਯੂਕੇ ਚਲੇ ਗਏ ਸਨ।ਐਂਗਲੋ ਪੰਜਾਬ ਹੈਰੀਟੇਜ ਫਾਊਂਡੇਸ਼ਨ ਦੁਆਰਾ ਇਹ ਦੌਰਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪ੍ਰਾਚੀਨ ਹਾਊਸ ਮਿਊਜ਼ੀਅਮ ਦੇਖਣ ਲਈ ਥੈਟਫੋਰਡ ਦਾ ਦੌਰਾ ਵੀ ਸ਼ਾਮਲ ਸੀ। ਦੱਸਣਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ, ਜਿਸ ਦੀ ਮੌਤ 22 ਅਕਤੂਬਰ, 1893 ਨੂੰ ਹੋ ਗਈ ਸੀ, ਪੰਜਾਬ ਦੇ ਆਖਰੀ ਸਿੱਖ ਸ਼ਾਸਕ ਸਨ ਅਤੇ 1840 ਦੇ ਦਹਾਕੇ ਵਿੱਚ ਅੰਗਰੇਜ਼ਾਂ ਦੁਆਰਾ ਰਾਜ ਖੋਹ ਲੈਣ ਤੋਂ ਬਾਅਦ, ਉਹ ਇੰਗਲੈਂਡ ਆ ਗਏ । ਇਸ ਚਰਚ ਦੇ ਕਬਰਿਸਤਾਨ ਵਿੱਚ ਮਹਾਰਾਜਾ, ਉਨ੍ਹਾਂ ਦੀ ਪਤਨੀ ਮਹਾਰਾਣੀ ਬਾਂਬਾ ਦਲੀਪ ਸਿੰਘ ਅਤੇ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਅਲਬਰਟ ਐਡਵਰਡ ਅਲੈਗਜ਼ੈਂਡਰ ਦਲੀਪ ਸਿੰਘ ਨੂੰ ਦਫ਼ਨ ਕੀਤਾ ਗਿਆ ਸੀ।

# ਉਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤਣ ਵਾਲਾ ਵਿਸ਼ਵ ਪ੍ਰਸਿੱਧ ਹਾਕੀ ਖਿਡਾਰੀ ਊਧਮ ਸਿੰਘ ‘ਊਧੀ’



ਪ੍ਰਿੰ. ਸਰਵਣ ਸਿੰਘ





ਊਧਮ ਸਿੰਘ ਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਦਰਜ ਹੈ। ਉਹ ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ ਜਿਸ ਦਾ ਨਿੱਕਨੇਮ ‘ਊਧੀ’ ਸੀ। ਸੰਸਾਰਪੁਰ ਦਾ ਕੋਈ ਮੁੰਡਾ ਜੇ ਪੜ੍ਹਾਈ ਵਿੱਚ ਚੱਲ ਨਾ ਸਕਦਾ ਤਾਂ ਮਾਪੇ ਕਹਿੰਦੇ, ਚੱਲ ਊਧੀ ਓ ਬਣਜਾ। ਭਾਵ ਹਾਕੀ ਦੇ ਸਿਰ ’ਤੇ ਠਾਣੇਦਾਰ ਬਣਜਾ! ਊਧੀ ਪੰਜ ਉਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ, ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਉਲੰਪਿਕਸ ਹੀ ਖੇਡ ਸਕਿਆ। ਉਲੰਪਿਕ ਖੇਡਾਂ ਵਿਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ ਜੋ ਹਾਲੇ ਤੱਕ ਉਲੰਪਿਕ ਰਿਕਾਰਡ ਹੈ। ਕੇਵਲ ਲੈਸਲੀ ਕਲੌਡੀਅਸ ਹੀ ਉਹਦੀ ਬਰਾਬਰੀ ਕਰ ਸਕਿਆ। ਉਹ ਦੋਵੇਂ ਨਿੱਕੇ ਕੱਦਾਂ ਵਾਲੇ ਸਨ ਜੋ ਵਿਸ਼ਵ ਦੇ ਮਹਾਨ ਹਾਕੀ ਖਿਡਾਰੀ ਸਾਬਤ ਹੋਏ।

ਊਧਮ ਸਿੰਘ ਦਾ ਕੱਦ 5 ਫੁੱਟ 6 ਇੰਚ ਸੀ ਤੇ ਲੈਸਲੀ ਕਲੌਡੀਅਸ ਦਾ 5 ਫੁੱਟ 4 ਇੰਚ। ਊਧਮ ਸਿੰਘ 55-60 ਕਿਲੋ ਸਰੀਰਕ ਵਜ਼ਨ ਨਾਲ ਚਾਰ ਦਹਾਕੇ ਸਰਗਰਮ ਹਾਕੀ ਖੇਡਿਆ। ਉਸ ਨੇ ਆਪਣੇ ਹਾਣੀਆਂ ਨਾਲ ਤਾਂ ਖੇਡਣਾ ਹੀ ਸੀ, ਉਨ੍ਹਾਂ ਦੇ ਪੁੱਤਰਾਂ ਨਾਲ ਵੀ ਖੇਡਿਆ ਤੇ ਪੋਤਰਿਆਂ ਨੂੰ ਵੀ ਡਾਜਾਂ ਮਾਰਦਾ ਰਿਹਾ। ਇਹ ਗੱਲ ਅਫ਼ਸੋਸ ਨਾਲ ਲਿਖਣੀ ਪੈ ਰਹੀ ਹੈ ਕਿ ਜਿੱਡਾ ਵੱਡਾ ਉਹ ਖਿਡਾਰੀ ਸੀ ਉਸ ਨੂੰ ਓਡਾ ਵੱਡਾ ਮਾਣ ਸਨਮਾਨ ਨਹੀਂ ਮਿਲਿਆ। ਕੇਵਲ ਅਰਜਨ ਐਵਾਰਡ ਹੀ ਮਿਲ ਸਕਿਆ।

ਉਸ ਦਾ ਜਨਮ 31 ਜੁਲਾਈ 1928 ਨੂੰ ਹਾਕੀ ਦੇ ਘਰ ਸੰਸਾਰਪੁਰ ਵਿੱਚ ਹਜ਼ਾਰਾ ਸਿੰਘ ਕੁਲਾਰ ਤੇ ਮਾਤਾ ਹੁਕਮ ਕੌਰ ਦੇ ਘਰ ਹੋਇਆ। ਉਹ ਨਿੱਕਾ ਹੁੰਦਾ ਹੀ ਜਲੰਧਰ ਛਾਉਣੀ ਦੇ ਗਰਾਊਂਡ ਵਿੱਚ ਹਾਕੀ ਖੇਡਣ ਲੱਗ ਪਿਆ ਸੀ। ਐੱਨ. ਡੀ. ਵਿਕਟਰ ਹਾਈ ਸਕੂਲ ਤੋਂ ਦਸਵੀਂ ਕਰ ਕੇ ਉਹ ਡੀ. ਏ. ਵੀ. ਕਾਲਜ ਜਲੰਧਰ ਵਿੱਚ ਐੱਫ. ਏ. ਦੀ ਪੜ੍ਹਾਈ ਕਰ ਰਿਹਾ ਸੀ ਜਦੋਂ ਉਸ ਨੂੰ ਵਧੀਆ ਹਾਕੀ ਖਿਡਾਰੀ ਵਜੋਂ ਪੰਜਾਬ ਪੁਲਿਸ ਵਿੱਚ ਭਰਤੀ ਕਰ ਲਿਆ ਗਿਆ। ਉਹ 1947 ਤੋਂ 1978 ਤੱਕ ਪੰਜਾਬ ਪੁਲਿਸ ਤੇ ਬੀ. ਐੱਸ. ਐੱਫ. ਵੱਲੋਂ ਮੁਕਾਬਲੇ ਦੀ ਹਾਕੀ ਖੇਡਿਆ। ਹਾਕੀ ਦੀ ਕੋਚਿੰਗ ਤਾਂ ਉਹ ਉਮਰ ਦੇ ਆਖ਼ਰੀ ਦਮਾਂ ਤੱਕ ਦਿੰਦਾ ਰਿਹਾ। ਮੈਰਿਟ ਉੱਤੇ ਜਲੰਧਰ ਦੇ ਕਿਸੇ ਹਾਕੀ ਸਟੇਡੀਅਮ ਜਾਂ ਨਾਮੀ ਖੇਡ ਅਦਾਰੇ ਨਾਲ ਊਧਮ ਸਿੰਘ ਦਾ ਨਾਂ ਜੋੜ ਦੇਣਾ ਚਾਹੀਦੈ ਤਾਂ ਕਿ ਉਹਦਾ ਨਾਂ ਸਦਾ ਲਈ ਜਗਮਗਾਉਂਦਾ ਰਹੇ। ਸਕੂਲੀ ਪਾਠ ਪੁਸਤਕਾਂ ਵਿੱਚ ਵੀ ਉਹਦੇ ਖੇਡ ਜੀਵਨ ਬਾਰੇ ਲੇਖ ਪਾਇਆ ਜਾਣਾ ਚਾਹੀਦੈ ਤਾਂ ਕਿ ਵਿਦਿਆਰਥੀ ਖੇਡਾਂ ਖੇਡਣ ਲਈ ਪ੍ਰੇਰਿਤ ਹੋ ਸਕਣ।

ਬਿਨਾਂ ਨਾਗਾ ਦੌੜਨਾ, ਹਾਕੀ ਖੇਡਣਾ ਤੇ ਕਸਰਤ ਕਰਨੀ ਊਧੀ ਦਾ ਨਿੱਤਨੇਮ ਸੀ। ਸੰਸਾਰਪੁਰ ਦੇ ਰਾਹ, ਪਹੇ ਤੇ ਪਗਡੰਡੀਆਂ ਉਹਦੀਆਂ ਪੈੜਾਂ ਨਾਲ ਘਸੇ ਪਏ ਸਨ। ਹਾਕੀ ਦਾ ਫਾਰਵਰਡ ਖਿਡਾਰੀ ਇੱਕ ਮੈਚ ਵਿੱਚ ਔਸਤਨ ਬਾਰਾਂ ਤੋਂ ਪੰਦਰਾਂ ਕਿਲੋਮੀਟਰ ਦੌੜਦਾ ਹੈ। ਉਹ ਸੈਂਕੜੇ ਨਹੀਂ, ਹਜ਼ਾਰਾਂ ਮੈਚ ਖੇਡਿਆ। ਸਵੇਰੇ ਸ਼ਾਮ ਸਰੀਰ ਗਰਮਾਉਣ ਤੇ ਦਮ ਪਕਾਉਣ ਦੀਆਂ ਦੌੜਾਂ ਵੱਖਰੀਆਂ। ਉਹ ਘਰੋਂ ਸਕੂਲ ਤੇ ਗਰਾਊਂਡ ਤੱਕ ਦੌੜ ਕੇ ਹੀ ਜਾਂਦਾ। ਛਾਉਣੀ ਦੇ ਫੌਜੀਆਂ ਨੇ ਉਹਦਾ ਨਾਂ ‘ਫਲਾਈਂਗ ਜਨਤਾ’ ਰੱਖਿਆ ਸੀ। ਜਿੱਦਣ ਉਹ ਕਿਤੇ ਬਾਹਰ ਗਿਆ ਹੁੰਦਾ ਤਾਂ ਫੌਜੀ ਕਹਿੰਦੇ, ਅੱਜ ‘ਫਲਾਈਂਗ ਜਨਤਾ’ ਨਹੀਂ ਆਈ! ਜੇ ਕਿਤੇ ਉਹਦੇ ਦੌੜਨ ਦਾ ਪੂਰਾ ਰਿਕਾਰਡ ਰੱਖਿਆ ਹੁੰਦਾ ਤਾਂ ਊਧਮ ਸਿੰਘ ਉਰਫ਼ ‘ਫਲਾਈਂਗ ਜਨਤਾ’ ਨੇ ਲੱਖ ਮੀਲ ਤੋਂ ਕਿਤੇ ਵੱਧ ਦਾ ਸਫ਼ਰ ਤੈਅ ਕਰ ਲਿਆ ਹੋਣਾ ਸੀ!

ਉਹ ਬੀਐੱਸਐੱਫ ਦਾ ਕਮਾਂਡੈਂਟ ਬਣਿਆ ਤਾਂ ਮੈਂ ਉਸ ਨੂੰ ਮਿਲਣ ਉਹਦੇ ਦਫ਼ਤਰ ਜਲੰਧਰ ਗਿਆ। ਬਾਹਰ ਠੰਢੀ ਧੁੰਦ ਸੀ ਜਿਸ ਨਾਲ ਮੈਂ ਠਰਿਆ ਹੋਇਆ ਸਾਂ। ਪਰ ਜਿਸ ਨਿੱਘ ਤੇ ਤਪਾਕ ਨਾਲ ਉਹ ਮਿਲਿਆ ਮੇਰੀ ਸਾਰੀ ਠਾਰੀ ਦੂਰ ਹੋ ਗਈ। ਉਸ ਨੇ ਅਸਮਾਨੀ ਰੰਗ ਦੀ ਪੈਂਟ ਤੇ ਭੂਰੇ ਕੋਟ ਉੱਪਰ ਵੱਡੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ। ਆਮ ਬੰਦੇ ਚੀਚੀ ਨਾਲ ਦੀ ਉਂਗਲ ਵਿੱਚ ਛਾਪ ਪਾਉਂਦੇ ਹਨ, ਪਰ ਉਸ ਨੇ ਸਟੀਲ ਦਾ ਛੱਲਾ ਵਿਚਕਾਰਲੀ ਉਂਗਲ ਵਿੱਚ ਪਾਇਆ ਹੋਇਆ ਸੀ। ਜਦੋਂ ਉਹ ਹੱਥ ਚੁੱਕ ਕੇ ਗੱਲ ਕਰਦਾ ਤਾਂ ਉਹ ਛੱਲਾ ਮੱਲੋਮੱਲੀ ਧਿਆਨ ਖਿੱਚਦਾ। ਗੱਲੀਂ ਬਾਤੀਂ ਪਤਾ ਲੱਗਾ ਕਿ ਹਾਕੀ ਖੇਡਦਿਆਂ ਅੰਗੂਠੇ ਸਣੇ ਉਹਦੀਆਂ ਉਂਗਲਾਂ ਟੁੱਟ ਕੇ ਜੁੜੀਆਂ ਸਨ। ਇਹੋ ਵਿਚਕਾਰਲੀ ਉਂਗਲ ਹੀ ਕਰਾਮਾਤੀ ਸੀ ਜੋ ਸਲਾਮਤ ਰਹੀ।

ਉਸ ਨੇ ਦੱਸਿਆ, ਮੈਂ 1948 ਦੀਆਂ ਉਲੰਪਿਕ ਖੇਡਾਂ ਲਈ ਭਾਰਤੀ ਟੀਮ ’ਚ ਚੁਣਿਆ ਗਿਆ ਸਾਂ ਜੋ ਲੰਡਨ ਹੋਣੀਆਂ ਸਨ। ਟੀਮ ਦਾ ਕੈਂਪ ਬੰਬਈ ਦੇ ਬੀਐੱਚਏ ਗਰਾਊਂਡ ਵਿੱਚ ਲੱਗਾ ਸੀ। ਇੱਕ ਦਿਨ ਮੈਂ ਪ੍ਰੈਕਟਿਸ ਕਰਦਿਆਂ ਪੂਰਾ ਜ਼ੋਰ ਲਾ ਕੇ ਖੇਡਿਆ। ਕੋਚ ਨੇ ਮੈਨੂੰ ਆਰਾਮ ਕਰਨ ਨੂੰ ਕਿਹਾ, ਪਰ ਮੇਰੇ ’ਤੇ ਹੋਰ ਖੇਡਣ ਦਾ ਏਨਾ ਭੂਤ ਸਵਾਰ ਸੀ ਕਿ ਮੈਂ ਫੇਰ ਵੀ ਖੇਡੀ ਗਿਆ। ਖੇਡਦੇ-ਖੇਡਦੇ ਸੈਂਟਰ ਹਾਫ ਅਮੀਰ ਕੁਮਾਰ ਤੋਂ ਮੇਰੇ ਹੱਥ ’ਤੇ ਐਸੀ ਸਟਿੱਕ ਵੱਜੀ ਕਿ ਮੇਰੀਆਂ ਦੋ ਉਂਗਲਾਂ ਟੁੱਟ ਗਈਆਂ। ਉਹ ਸੱਟ ਮੈਨੂੰ ਬਹੁਤ ਮਹਿੰਗੀ ਪਈ। ਜੇ ਮੈਂ ਲੰਡਨ ਦੀ ਉਲੰਪਿਕ ਖੇਡ ਜਾਂਦਾ ਤਾਂ ਮੇਰੇ ਕੋਲ ਉਲੰਪਿਕ ਖੇਡਾਂ ਦੇ ਪੰਜ ਮੈਡਲ ਹੋ ਜਾਣੇ ਸਨ ਜਿਨ੍ਹਾਂ ਦੀ ਬਰਾਬਰੀ ਸ਼ਾਇਦ ਕੋਈ ਵੀ ਨਾ ਕਰ ਸਕਦਾ।

ਊਧਮ ਸਿੰਘ ਦਾ ਪਿਤਾ 1930 ਵਿੱਚ ਵਲਾਇਤ ਚਲਾ ਗਿਆ ਸੀ। ਊਧੀ ਪ੍ਰਾਇਮਰੀ ਸਕੂਲ ’ਚ ਪੜ੍ਹਦਾ ਸੀ ਜਦੋਂ ਉਹਦੀ ਮਾਂ ਗੁਜ਼ਰ ਗਈ। ਮਾਪਿਆਂ ਵਿਹੂਣੇ ਬਾਲ ਨੂੰ ਭੈਣ ਤੇ ਭਰਾ-ਭਰਜਾਈ ਨੇ ਸੰਭਾਲਿਆ। 1946 ’ਚ ਜਦ ਉਹ ਕਾਲਜ ਵਿੱਚ ਦਾਖਲ ਹੋਇਆ ਤਾਂ ਉਹਦਾ ਪਿਤਾ ਹਰ ਮਹੀਨੇ ਉਸ ਨੂੰ ਛੇ ਸੌ ਰੁਪਏ ਭੇਜਣ ਲੱਗਾ। ਉਹ ਆਪ ਵੀ ਵਧੀਆ ਖੁਰਾਕ ਖਾਂਦਾ ਤੇ ਆਪਣੇ ਨਾਲ ਦੇ ਖਿਡਾਰੀਆਂ ਨੂੰ ਵੀ ਖਵਾਉਂਦਾ। 1952 ’ਚ ਹੈਲਸਿੰਕੀ ਦੀਆਂ ਉਲੰਪਿਕ ਖੇਡਾਂ ’ਚੋਂ ਗੋਲਡ ਮੈਡਲ ਜਿੱਤ ਕੇ ਉਹ ਲੰਡਨ ਰਹਿੰਦੇ ਆਪਣੇ ਪਿਤਾ ਨੂੰ ਮਿਲਣ ਗਿਆ। ਬੂਹੇ ਦੀ ਘੰਟੀ ਦੱਬੀ ਤਾਂ ਉਹਦੇ ਪਿਤਾ ਨੇ ਦਰ ਖੋਲ੍ਹਿਆ। ਪਰ ਉਹ ਆਪਣੇ ਪਿਤਾ ਨੂੰ ਸਿਆਣ ਨਾ ਸਕਿਆ। ਊਧਮ ਸਿੰਘ ਨੇ ਪੁੱਛਿਆ, ਕੀ ਸਰਦਾਰ ਹਜ਼ਾਰਾ ਸਿੰਘ ਘਰ ਹਨ?

ਅੱਗੋਂ ਉਹਦਾ ਪਿਤਾ ਮਜ਼ਾਕੀਆ ਬੰਦਾ ਸੀ। ਉਸ ਨੇ ਕਿਹਾ, ਹਜ਼ਾਰਾ ਸਿੰਘ ਤਾਂ ਘਰ ਨਹੀਂ। ਬਸ ਆਉਣ ਈ ਵਾਲਾ। ਆਓ ਬੈਠੋ। ਉਸ ਦਾ ਪਿਤਾ ਉਸ ਨੂੰ ਉੱਪਰਲੀ ਮੰਜ਼ਿਲ ’ਤੇ ਲੈ ਗਿਆ ਤੇ ਪੁੱਛਿਆ, ਜੁਆਨਾਂ ਕੀ ਪੀਵੇਂਗਾ? ਸੰਗਦੇ ਹੋਏ ਊਧੀ ਨੇ ‘ਪੱਤੀ ਵਾਲਾ ਦੁੱਧ’ ਕਿਹਾ। ਪਿਤਾ ਰਸੋਈ ਵਿੱਚੋਂ ਦੁੱਧ ਲੈਣ ਚਲਾ ਗਿਆ। ਇੰਨੇ ਨੂੰ ਉਹਦੀ ਨਿਗ੍ਹਾ ਆਪਣੀ ਫੋਟੋ ’ਤੇ ਪੈ ਗਈ ਜੋ ਉਸ ਨੇ ਆਪਣੇ ਪਿਤਾ ਨੂੰ ਭੇਜੀ ਸੀ। ਦੋਹਾਂ ਪਿਉ ਪੁੱਤਾਂ ਦੀ ਫੋਟੋ ਇੱਕੋ ਫਰੇਮ ’ਚ ਵੇਖ ਉਸ ਨੂੰ ਪਤਾ ਲੱਗ ਗਿਆ ਕਿ ਇਹੋ ਮੇਰਾ ਬਾਪ ਹੈ। ਜਦ ਉਹਦਾ ਬਾਪ ਦੁੱਧ ਲੈ ਕੇ ਆਇਆ ਤਾਂ ਉਸ ਨੇ ਪੈਰੀਂ ਪੈਂਦਿਆਂ ਕਿਹਾ, ਡੈਡ, ਮੈਂ ਤੁਹਾਨੂੰ ਸਿਆਣ ਲਿਆ। ਮੈਂ ਤੁਹਾਡਾ ਪੁੱਤਰ ‘ਊਧੀ’ ਹਾਂ। ਪਿਉ ਪੁੱਤਰ 22 ਸਾਲਾਂ ਬਾਅਦ ਪਹਿਲੀ ਵਾਰ ਮਿਲੇ ਸਨ। ਉਨ੍ਹਾਂ ਦੀਆਂ ਧਾਅ ਗਲਵਕੜੀਆਂ ਪੈ ਗਈਆਂ ਜੋ ਦੇਰ ਤੱਕ ਪਈਆਂ ਰਹੀਆਂ। ਊਧਮ ਸਿੰਘ ਨੇ ਦੱਸਿਆ, ਅਸੀਂ ਦੇਰ ਰਾਤ ਤੱਕ ਪਰਿਵਾਰ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦੇ ਰਹੇ ਕਿ ਸਾਡੀ ਅੱਖ ਲੱਗ ਗਈ। ਮੈਨੂੰ ਨੀਂਦ ’ਚ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੈਂ ਵਰ੍ਹਿਆਂ ਬਾਅਦ ਆਪਣੀ ਮਾਂ ਦੀ ਗੋਦ ਵਿੱਚ ਸੁੱਤਾ ਪਿਆ ਹੋਵਾਂ! ਊਧਮ ਸਿੰਘ ਸ਼ਰਾਬ ਨਹੀਂ ਸੀ ਪੀਂਦਾ। ਕਹਿੰਦਾ ਸੀ ਕਿ ਮੇਰੇ ਹਿੱਸੇ ਦੀ ਸ਼ਰਾਬ ਡੈਡ ਪੀ ਗਏ।

(ਬਾਕੀ ਸਫ਼ਾ 31 ’ਤੇ)

# ਵਿਸ਼ੇਸ਼ ਉਲੰਪਿਕ ਲਈ ਭਾਰਤੀ ਐਥਲੀਟਾਂ ਦਾ ਸਨਮਾਨ




ਸਪੈਸ਼ਲ ਉਲੰਪਿਕ ਇੰਡੀਆ ਨੇ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਭਾਰਤੀ ਦਲ ਲਈ ਮਸ਼ਾਲ ਦੌੜ ਅਤੇ ਰਾਸ਼ਟਰੀ ਰਵਾਨਾ ਸਮਾਰੋਹ ਦਾ ਆਯੋਜਨ ਕੀਤਾ। ਦੱਸ ਦੇਈਏ ਕਿ ਜਰਮਨੀ ਦੇ ਬਰਲਿਨ ਵਿੱਚ 17 ਤੋਂ 25 ਜੂਨ 2023 ਤੱਕ ਵਿਸ਼ੇਸ਼ ਉਲੰਪਿਕ ਵਿਸ਼ਵ ਸਮਰ ਖੇਡਾਂ ਦਾ ਆਯੋਜਨ ਕੀਤਾ ਜਾਵੇਗਾ।

ਭਾਰਤ ਸਪੈਸ਼ਲ ਉਲੰਪਿਕ ਲਈ 198 ਐਥਲੀਟਾਂ ਦਾ ਦਲ ਭੇਜੇਗਾ। 12 ਜੂਨ ਨੂੰ ਬਰਲਿਨ ਲਈ ਰਵਾਨਾ ਹੋਣ ਵਾਲੇ ਦਲ ਦੇ ਅਥਲੀਟ ਇਸ ਸਮਾਗਮ ਵਿੱਚ 16 ਖੇਡਾਂ ਵਿੱਚ ਹਿੱਸਾ ਲੈਣਗੇ। ਅਥਲੀਟਾਂ ਦੇ ਨਾਲ ਉਨ੍ਹਾਂ ਦੇ ਸਾਥੀ ਅਤੇ 57 ਕੋਚ ਹੋਣਗੇ।

ਸਮਾਗਮ ਵਿੱਚ ਮਸ਼ਾਲ ਚਲਾਉਣ ਲਈ ਕੇਂਦਰੀ ਮੰਤਰੀ ਅਨੁਰਾਗ ਠਾਕੁਰ (ਯੁਵਾ ਮਾਮਲੇ ਅਤੇ ਖੇਡ ਵਿਭਾਗ ਅਤੇ ਸੂਚਨਾ ਤੇ ਪ੍ਰਸਾਰਣ ਵਿਭਾਗ) ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ (ਮਹਿਲਾ ਅਤੇ ਬਾਲ ਵਿਕਾਸ ਅਤੇ ਘੱਟ ਗਿਣਤੀ ਮਾਮਲੇ ਵਿਭਾਗ) ਵਿਦਾਇਗੀ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਇਸ ਸਮਾਗਮ ਵਿੱਚ ਕਈ ਹੋਰ ਹਸਤੀਆਂ ਨੇ ਵੀ ਸ਼ਿਰਕਤ ਕੀਤੀ।

ਸਮਾਰੋਹ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ - ਉਮੀਦ ਦੀ ਮਸ਼ਾਲ ਅਤੇ ਵਿਦਾਇਗੀ ਸਮਾਰੋਹ। ਇਹ ਮਸ਼ਾਲ 26 ਮਈ ਨੂੰ ਦਿੱਲੀ ਤੋਂ ਰਵਾਨਾ ਹੋਈ ਅਤੇ ਵੱਖ-ਵੱਖ ਸ਼ਹਿਰਾਂ ਵਿੱਚੋਂ ਦੀ ਲੰਘ ਕੇ ਵਾਪਸ ਪਰਤੀ। ਇਹ ਮਸ਼ਾਲ ਹਰਿਆਣਾ ਪਹੁੰਚੀ, ਜਿੱਥੇ ਅਥਲੀਟਾਂ ਨੇ ਇਸ ਨੂੰ ਦੇਸ਼ ਦੀ ਰਾਜਧਾਨੀ ਵਿੱਚ ਲਿਆਂਦਾ। ਇਹ ਹਰਿਆਣਾ ਦੇ ਐਥਲੀਟ ਹਨ ਜੋ ਸਪੈਸ਼ਲ ਉਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ।

ਇਸ ਮਸ਼ਾਲ ਦਾ ਸਵਾਗਤ ਗੈਸਟ ਆਫ ਆਨਰ ਭਾਰਤੀ ਉਲੰਪਿਕ ਸੰਘ ਦੀ ਪ੍ਰਧਾਨ ਪੀ.ਟੀ.ਊਸ਼ਾ ਸਮੇਤ ਵਿਸ਼ੇਸ਼ ਉਲੰਪਿਕ ਇੰਡੀਆ ਦੇ ਅਧਿਕਾਰੀਆਂ ਨੇ ਕੀਤਾ। ਮਸ਼ਾਲ ਜਗਾਉਣ ਦੀ ਰਸਮ ਅਨੁਰਾਗ ਠਾਕੁਰ ਦੇ ਭਾਸ਼ਣ ਨਾਲ ਸਮਾਪਤ ਹੋਈ।

ਅਨੁਰਾਗ ਠਾਕੁਰ ਨੇ ਸਪੈਸ਼ਲ ਉਲੰਪਿਕ ਵਿੱਚ ਭਾਗ ਲੈਣ ਵਾਲੇ ਅਥਲੀਟਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਠਾਕੁਰ ਨੇ ਕਿਹਾ ਕਿ ਮੈਂ ਡਾ. ਮਲਿਕਾ ਨੱਡਾ ਅਤੇ ਵਿਸ਼ੇਸ਼ ਉਲੰਪਿਕ ਭਾਰਤ ਨੂੰ ਸਾਲਾਂ ਦੇ ਸ਼ਾਨਦਾਰ ਕੰਮ ਲਈ ਸ਼ੁੱਭਕਾਮਨਾਵਾਂ ਦਿੰਦਾ ਹਾਂ। ਉਨ੍ਹਾਂ ਦੇ ਯਤਨਾਂ ਸਦਕਾ ਹੀ ਅਸੀਂ ਇੰਨੀ ਵੱਡੀ ਭਾਰਤੀ ਟੁਕੜੀ ਬਰਲਿਨ ਭੇਜਣ ਦੇ ਸਮਰੱਥ ਹਾਂ। ਭਾਰਤ ਦੇ 23 ਵੱਖ-ਵੱਖ ਸ਼ਹਿਰਾਂ ਤੋਂ 198 ਅਥਲੀਟ ਅਤੇ 57 ਕੋਚ 16 ਖੇਡਾਂ ਵਿੱਚ ਹਿੱਸਾ ਲੈਣਗੇ। ਮੈਨੂੰ ਉਮੀਦ ਹੈ ਕਿ ਸਾਡੇ ਅਥਲੀਟ ਦੇਸ਼ ਦਾ ਨਾਂ ਰੌਸ਼ਨ ਕਰਨਗੇ।

## ਸਿੱਖਾਂ ਦੇ ਰਵਾਇਤੀ ਮਾਰਸ਼ਲ ਆਰਟ

ਧਿਆਨ ਨਾਲ ਵੇਖਿਆ ਜਾਂਦਾ ਹੈ।

**ਸਿੱਖ ਧਰਮ ਨਾਲ ਸਬੰਧ** :ਗਤਕੇ ਦਾ ਸਿੱਖ ਧਰਮ ਨਾਲ ਗੂੜ੍ਹਾ ਸਬੰਧ ਹੈ।ਅਸਲ ਵਿੱਚ ਗਤਕੇ ਨੂੰ ਸਿੱਖ ਧਰਮ ਦੀ ਉਪਜ ਮੰਨਿਆ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਗਤਕੇ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਸਨ। ਇਸ ਤਰਾਂ ਗਤਕਾ ਸਿੱਖਾਂ ਦੀ ਜਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ। ਇਤਿਹਾਸਕਾਰ ਦਸਦੇ ਹਨ ਕਿ ਸ਼ਸਤਰ ਵਿੱਦਿਆ ਦੇ ਖਜ਼ਾਨੇ ਨੂੰ ਬਾਬਾ ਬੁੱਢਾ ਜੀ ਨੇ ਸੰਭਾਲਿਆ। ਤੀਜੇ ਗੁਰੂ , ਸ੍ਰੀ ਗੁਰੂ ਅਮਰਦਾਸ ਜੀ ਨੇ ਧਿਆਨ, ਸਿਮਰਨ ਨੂੰ ਮੁੱਖ ਰੱਖਿਆ ਤੇ ਮਲ ਅਖਾੜੇ ਦੀ ਵਿਰਾਸਤ ਨੂੰ ਸੰਭਾਲਿਆ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਚਪਨ ਤੋਂ ਹੀ ਬਾਬਾ ਬੁੱਢਾ ਜੀ ਪਾਸੋਂ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਉਸ ਸਮੇਂ ਦੇ ਮੁਗਲ ਬਾਦਸ਼ਾਹ ਵੱਲੋਂ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕਰਨ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਗਤਕਾ ਸਿਖਲਾਈ ਦਿੱਤੀ ਜਾਣ ਲੱਗੀ ਅਤੇ ਗਤਕੇ ਮੁਕਾਬਲੇ ਵੀ ਕਰਵਾਏ ਜਾਣ ਲੱਗੇ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਘੋੜਸਵਾਰੀ ਦੇ ਨਾਲ-ਨਾਲ ਬਹੁਤ ਸਾਰੇ ਅਹੁਦਿਆਂ ਦੀ ਨਿਯੁਕਤੀ ਲਈ ਗੱਤਕੇਬਾਜ਼ ਨੂੰ ਪਹਿਲ ਦਿੱਤੀ ਜਾਂਦੀ ਸੀ। ਕਈ ਘਰਾਣਿਆਂ ਵਿੱਚ ਤਾਂ ਬਹੁਤ ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਹੀ ਗਤਕਾ ਖੇਡਣ ਦੀ ਜਾਂਚ ਸਿਖਾਈ ਜਾਂਦੀ ਸੀ। ਜਿਸ ਥਾਂ 'ਤੇ ਗਤਕੇ ਦੀ ਸਿੱਖਿਆ ਦਿੱਤੀ ਜਾਂਦੀ ਸੀ ਉਸ ਨੂੰ ਅਖਾੜਾ ਕਿਹਾ ਜਾਂਦਾ ਹੈ। ਸਿੱਖ ਮਿਸਲਾਂ ਦੀ ਹੋਂਦ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੱਕ ਅਜਿਹਾ ਹੁੰਦਾ ਰਿਹਾ।

ਗਤਕੇ ਦਾ ਇਤਿਹਾਸ : ਗਤਕੇ ਦੀ ਸ਼ੁਰੂਆਤ 15ਵੀਂ ਸਦੀ ਵਿੱਚ ਪੰਜਾਬ ਵਿੱਚ ਹੋਈ ਮੰਨੀ ਜਾਂਦੀ ਹੈ।20ਵੀਂ ਸਦੀ ਦੇ ਬਾਅਦ ਵਿੱਚ ਇਹ ਕਲਾ ਪੁਨਰ-ਸੁਰਜੀਤ ਹੋਈ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਚੈਨਲਾਈਜ਼ ਕੀਤਾ ਤੇ ਨਿਹੰਗਾਂ ਦੀ ਫ਼ੌਜ ਵੀ ਬਣਾਈ। ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਅੰਗਰੇਜ਼ਾਂ ਨੇ ਗਤਕੇ ਨੂੰ ਬੈਨ ਕਰ ਦਿੱਤਾ ਸੀ ਬਲਕਿ ਉਨ੍ਹਾਂ ਨੇ ਸਾਰੇ ਹਥਿਆਰਾਂ 'ਤੇ ਹੀ ਪਾਬੰਦੀ ਲਗਾ ਦਿੱਤੀ ਸੀ ਪਰ ਅੰਗਰੇਜ਼ ਨਿਹੰਗਾਂ ਦੇ ਅਖਾੜੇ ਉੱਤੇ ਪਾਬੰਦੀ ਨਹੀਂ ਲਗਾ ਸਕੇ ਸਨ। ਗਤਕਾ ਸਿੱਖ ਜੰਗਾਂ ਵਿੱਚ ਵਰਤਿਆ ਗਿਆ ਸੀ ਅਤੇ ਇਸ ਦੀ ਪੂਰੀ ਤਰ੍ਹਾਂ ਨਾਲ ਜੰਗੀ ਪਰਖ ਕੀਤੀ ਗਈ ਹੈ।

ਭਾਰਤ ਦੇ 22 ਸੂਬਿਆਂ 'ਚ ਖੇਡਿਆ ਜਾਂਦਾ ਹੈ ਗਤਕਾ :ਗਤਕਾ ਹੁਣ ਸਿਰਫ਼ ਪੰਜਾਬ ਤੱਕ ਸੀਮਿਤ ਨਹੀਂ ਰਿਹਾ ਸਗੋਂ ਗਤਕਾ ਹੁਣ ਭਾਰਤ ਦੇ ਵੱਖ ਵੱਖ ਸੂਬਿਆਂ ਅਤੇ ਵਿਦੇਸ਼ਾਂ 'ਚ ਵੀ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਿਆ ਹੈ। ਨੈਸ਼ਨਲ ਗਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਸੂਤਰਾਂ ਅਨੁਸਾਰ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ, ਜੰਮੂ ਅਤੇ ਕਸ਼ਮੀਰ, ਉੱਤਰਾਖੰਡ, ਗੁਜਰਾਤ, ਉੱਤਰ ਪ੍ਰਦੇਸ਼, ਤੇਲੰਗਾਨਾ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਗੋਆ, ਪੁਡੂਚੇਰੀ, ਛੱਤੀਸਗੜ੍ਹ, ਮੱਧ ਪ੍ਰਦੇਸ਼, ਝਾਰਖੰਡ, ਬਿਹਾਰ, ਰਾਜਸਥਾਨ, ਦਿੱਲੀ, ਤਾਮਿਲਨਾਡੂ ਅਤੇ ਕੇਰਲਾ ਆਦਿ 22 ਸੂਬਿਆਂ 'ਚ ਗਤਕਾ ਖੇਡਿਆ ਜਾਂਦਾ ਹੈ। ਉਹਨਾਂ ਦਸਿਆ ਕਿ ਇਹਨਾਂ ਸੂਬਿਆਂ ਦੇ ਖਿਡਾਰੀ ਨੈਸ਼ਨਲ ਗਤਕਾ ਐਸੋਸੀਏਸ਼ਨ ਆਫ਼ ਇੰਡੀਆ ਦੀ ਅਗਵਾਈ ਹੇਠ ਗਤਕਾ ਸਿੱਖ ਰਹੇ ਹਨ। ਹਰੇਕ ਸੂਬੇ ਵਿੱਚ 700 ਤੋਂ ਵੱਧ ਖਿਡਾਰੀ ਹਨ ਜੋ ਵੱਖ-ਵੱਖ ਥਾਵਾਂ 'ਤੇ ਗਤਕੇ ਦਾ ਅਭਿਆਸ ਕਰ ਰਹੇ ਹਨ। ਹੁਣ ਗਤਕਾ ਇੱਕ ਖੇਡ ਬਣ ਗਿਆ ਹੈ, ਇਸ ਲਈ ਸਾਰੇ ਧਰਮਾਂ ਦੇ ਲੋਕ ਗਤਕੇ ਨੂੰ ਅਪਣਾ ਰਹੇ ਹਨ। ਇਸ ਦੀ ਸਿਖਲਾਈ ਕੋਈ ਵੀ ਔਰਤ ਜਾਂ ਮਰਦ ਲੈ ਸਕਦਾ ਹੈ। ਭਾਰਤ 'ਚ ਸਿੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਲੋਕ ਵੀ ਹੁਣ ਗਤਕਾ ਸਿੱਖਣ ਤੇ ਖੇਡਣ ਵੱਲ ਰੁਚੀ ਵਿਖਾਉਣ ਲੱਗੇ ਹਨ। ਕਈ ਵਾਰ ਹੋਰਨਾਂ ਧਰਮਾਂ ਦੇ ਲੋਕ ਵੀ ਸਿੱਖਾਂ ਵਾਂਗ ਆਪਣੇ ਧਾਰਮਿਕ ਸਮਾਗਮ ਦੌਰਾਨ ਗਤਕਾ ਜਾਂ ਗਤਕੇ ਵਰਗੀ ਖੇਡ ਖੇਡਣ ਦਾ ਯਤਨ ਕਰਦੇ ਹਨ ਪਰ ਉਹ ਟ੍ਰੇਨਿੰਗ ਅਤੇ ਹੌਂਸਲੇ ਦੀ ਘਾਟ ਕਾਰਨ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦੇ।

***

## ਕੀ ਹੁੰਦਾ ਹੈ ਗਤਕਾ ?

ਤਲਵਾਰ ਅਤੇ ਹਮਲਾ ਰੋਕਣ ਲਈ ਢਾਲ ਹੁੰਦੀ ਹੈ। ਗੱਤਕਾ ਇੱਕ ਮੀਟਰ ਦੇ ਕਰੀਬ ਲੰਬਾ ਡੰਡਾ ਹੁੰਦਾ ਹੈ। ਇਸ ਦੇ ਇੱਕ ਸਿਰੇ 'ਤੇ ਹੱਥ ਦੀ ਚੰਗੀ ਪਕੜ ਅਤੇ ਸੁਰੱਖਿਆ ਲਈ ਇੱਕ ਗੱਦੀ ਲਗਾਈ ਹੁੰਦੀ ਹੈ। ਢਾਲ ਲੱਕੜ ਜਾਂ ਲੋਹੇ ਦੀ ਬਣੀ ਹੁੰਦੀ ਹੈ, ਜਿਸ ਦੇ ਅੰਦਰਲੇ ਪਾਸੇ ਫੜਨ ਲਈ ਮਜ਼ਬੂਤ ਕੁੰਡੀ ਲੱਗੀ ਹੁੰਦੀ ਹੈ। ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਕੁਝ ਮੁਹਾਰਤ ਹਾਸਲ ਕਰ ਲੈਣ ਤੋਂ ਬਾਅਦ ਤਲਵਾਰ ਅਤੇ ਕਈ ਹੋਰ ਪ੍ਰਮੁੱਖ ਹਥਿਆਰਾਂ ਖੰਡਾ, ਤਵਰ, ਬਰਛਾ, ਚੱਕਰ, ਨੇਜਾ ਅਤੇ ਜਾਲ ਨਾਲ ਸਿਖਲਾਈ ਦਿੱਤੀ ਜਾਂਦੀ ਹੈ। ਪਹਿਲਾਂ ਇਹ ਗੱਤਕਾ ਖੇਡ ਨਿਹੰਗ ਸਿੰਘਾਂ ਅਤੇ ਅਜਿਹੇ ਕੁਝ ਹੋਰ ਸਮੂਹਾਂ ਤਕ ਹੀ ਸੀਮਿਤ ਰਹਿ ਗਈ ਸੀ। ਮੇਲਿਆਂ ਅਤੇ ਨਗਰ-ਕੀਰਤਨ ਵਿੱਚ ਗੱਤਕੇਬਾਜ਼ੀ ਨੂੰ ਰੌਚਕ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਸ ਸਮੇਂ ਗਤਕਾ ਕੌਮੀ ਅਤੇ ਕੌਮਾਂਤਰੀ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ।

## ਗਤਕੇ ਤੋਂ ਅਣਜਾਣ ਲੋਕਾਂ ਵੱਲੋਂ ਫ਼ਿਲਮਾਂਕਣ

ਇੰਨਾਂ ਹੀ ਨਹੀਂ ਸ਼ੂਟਿੰਗ 'ਚ ਸੰਨੀ ਦਿਓਲ ਨਾਲ ਹੋਰ ਵੀ ਅਦਾਕਾਰ ਸਿੰਘਾਂ ਦੇ ਬਾਣੇ 'ਚ ਗਤਕਾ ਖੇਡਦੇ ਨਜ਼ਰ ਵੀ ਆਏ ਹਨ। ਫ਼ਿਲਮ ਦੀ ਸ਼ੂਟਿੰਗ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਜਿਸ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨੇ ਫ਼ਿਲਮ ਦੇ ਇਸ ਸੀਨ 'ਤੇ ਇਤਰਾਜ਼ ਜਤਾਇਆ ਹੈ।

***

## ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੇ ਗੁਰੂ ਸਾਹਿਬਾਨਾਂ ਨੇ ਵੀ ਇਸ ਪ੍ਰਥਾ ਨੂੰ ਜਾਰੀ ਰੱਖਿਆ ਤੇ ਇਸ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਈ। ਇਤਿਹਾਸ ਵਿੱਚ ਇਸ ਸਬੰਧੀ ਵੀ ਉਲੇਖ ਮਿਲਦੇ ਹਨ ਕਿ ਇੱਕ ਵਾਰ ਜਦੋਂ ਅਕਬਰ ਬਾਦਸ਼ਾਹ ਗੁਰੂ ਅਮਰਦਾਸ ਨੂੰ ਮਿਲਣ ਗੋਇੰਦਵਾਲ ਆਏ ਸਨ, ਤਾਂ ਉਨ੍ਹਾਂ ਨੂੰ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਪਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਹਾਲ ਵਿੱਚ ਰੋਜ਼ਾਨਾ 1 ਲੱਖ ਲੋਕ ਲੰਗਰ ਛਕਦੇ ਹਨ। ਕਿਸੇ ਖਾਸ ਮੌਕੇ ਜਾਂ ਛੁੱਟੀ ਵਾਲੇ ਦਿਨ ਇਹ ਗਿਣਤੀ ਲਗਭਗ ਦੁੱਗਣੀ ਹੋ ਜਾਂਦੀ ਹੈ। ਇੱਥੇ ਇੱਕ ਦਿਨ ਵਿੱਚ ਲਗਭਗ 100 ਕੁਇੰਟਲ ਆਟਾ, 25 ਕੁਇੰਟਲ ਦਾਲਾਂ ਆਦਿ, 10 ਕੁਇੰਟਲ ਚੌਲ, 5000 ਲੀਟਰ ਦੁੱਧ, 10 ਕੁਇੰਟਲ ਖੰਡ ਅਤੇ 5 ਕੁਇੰਟਲ ਦੇਸੀ ਘਿਓ ਦਾ ਪ੍ਰਯੋਗ ਹੁੰਦਾ ਹੈ।

***

## ਅਮਰੀਕਾ 'ਚ ਦੁਕਾਨ ਵਿੱਚ ਲੁੱਟ ਦੌਰਾਨ

ਕ੍ਰਿਸ਼ਨ ਸਿੰਘ ਕ੍ਰਿਸ਼ ਸਟੋਰ ਦੇ ਅੰਦਰ ਮ੍ਰਿਤਕ ਪਾਇਆ ਗਿਆ। ਨੌਜਵਾਨ ਕ੍ਰਿਸ਼ਨ ਸਿੰਘ ਕ੍ਰਿਸ਼ ਸ਼ਰਾਬ ਦੀ ਦੁਕਾਨ ਦੇ ਮਾਲਕ ਪ੍ਰਤਾਪ ਸਿੰਘ ਦਾ ਪੁੱਤਰ ਸੀ। ਮ੍ਰਿਤਕ ਆਪਣੇ ਮਾਂ ਪਿਉ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਪੁੱਤਰ ਦੇ ਪਿਤਾ ਪ੍ਰਤਾਪ ਸਿੰਘ ਨੇ ਕਿਹਾ ਕਿ ਮੇਰੀ ਪਤਨੀ ਘਰ ਵਿੱਚ ਮਰ ਰਹੀ ਹੈ। ਜੇਕਰ ਮੈਨੂੰ ਇੱਕ-ਦੋ ਦਿਨਾਂ ਵਿੱਚ ਕ੍ਰਿਸ਼ਨ ਸਿੰਘ (ਕ੍ਰਿਸ਼ ਦੀ) ਲਾਸ਼ ਨਾ ਮਿਲੀ, ਤਾਂ ਉਹ ਵੀ ਦੁਨੀਆ ਤੋਂ ਚਲੀ ਜਾਵੇਗੀ। ਪਿਤਾ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਇਸ ਸਮੇਂ ਉਹ ਸਿਰਫ਼ ਆਪਣੇ ਪੁੱਤਰ ਦੀ ਦੇਹ ਨੂੰ ਉਨ੍ਹਾਂ ਦੇ ਜੱਦੀ ਦੇਸ਼ ਉਸ ਦੀ ਜਨਮ ਭੂਮੀ 'ਤੇ ਲੈ ਜਾਣਾ ਚਾਹੁੰਦਾ ਹੈ ਜਿਥੇ ਉਸ ਦਾ ਅੰਤਿਮ ਸੰਸਕਾਰ ਹੋ ਸਕੇ।

***

## ਸਮੁੰਦਰੀ ਤੱਟ 'ਤੇ ਰੁੜੀ ਜਾਂਦੀ ਧੀ

ਇਹ ਇੱਕ ਤ੍ਰਾਸਦੀ ਹੈ। ਜਦੋਂ ਕੋਈ ਜਾਂਦਾ ਹੈ ਅਤੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਬਚਾਉਂਦਾ ਹੈ ਅਤੇ ਫਿਰ ਉਹ ਖ਼ੁਦ ਨੂੰ ਬਚਾ ਨਹੀਂ ਪਾਉਂਦਾ।

ਵਿਭਾਗ ਦੇ ਅਮਲੇ ਦਾ ਕਹਿਣਾ ਹੈ ਕਿ ਅਜੇ ਤੱਕ ਬੱਚੀ ਦੀ ਉਮਰ ਜਾਂ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

***

## ਜਰਮਨੀ ਵਿੱਚ ਸਭ ਤੋਂ ਵੱਡਾ ਨਾਟੋ ਅਭਿਆਸ ਸ਼ੁਰੂ

ਉਹਨਾਂ ਕਿਹਾ ਕਿ ਜਰਮਨੀ ਦੀ ਏਅਰ ਟਰੈਫ਼ਿਕ ਕੰਟਰੋਲ ਅਥਾਰਟੀ ਨੇ ਹਵਾਈ ਸੈਨਾ ਦੇ ਸਹਿਯੋਗ ਨਾਲ ਨਾਗਰਿਕ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਲਈ ਵਿਆਪਕ ਤਿਆਰੀਆਂ ਕੀਤੀਆਂ ਹੋਈਆਂ ਹਨ।

ਜਰਮਨ ਲੈਫਟੀਨੈਂਟ ਕਰਨਲ ਨੇ ਕਿਹਾ ਕਿ ਅਭਿਆਸ ਤਿੰਨ ਖੇਤਰਾਂ ਤੱਕ ਸੀਮਤ ਸੀ। ਇਹ ਤਿੰਨੋਂ ਖੇਤਰ ਇੱਕ ਸਮੇਂ ਵਿੱਚ ਨਹੀਂ ਵਰਤੇ ਜਾਣਗੇ। ਇਹ ਅਭਿਆਸ ਕਿਸੇ ਵੀ ਜਰਮਨ ਰਾਜ ਵਿੱਚ ਸਕੂਲੀ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ ਖਤਮ ਹੋ ਜਾਵੇਗਾ। ਮੈਨੂੰ ਉਮੀਦ ਹੈ ਕਿ ਕੋਈ ਵੀ ਨਾਗਰਿਕ ਉਡਾਣਾਂ ਨੂੰ ਰੱਦ ਨਹੀਂ ਕੀਤਾ ਜਾਵੇਗਾ, ਸਿਰਫ਼ ਉਨ੍ਹਾਂ ਦੇ ਸਮੇਂ ਵਿੱਚ ਮਾਮੂਲੀ ਬਦਲਾਅ ਕੀਤੇ ਜਾ ਸਕਦੇ ਹਨ।

***

## ਅਮਰੀਕਾ 'ਚ ਮਹਿਲਾ ਨੇ ਪਤੀ ਦਾ ਕਤਲ ਕਰਕੇ

ਕੋਰੀ ਰਿਚਿਨਜ਼ ਨੇ ਮਾਰਚ 2022 ਵਿੱਚ ਆਪਣੇ ਪਤੀ ਐਰਿਕ ਰਿਚਿਨਜ਼ ਨੂੰ ਫੈਂਟਾਨਾਈਲ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਇੰਨਾ ਹੀ ਨਹੀਂ ਕਤਲ ਕਰਨ ਤੋਂ ਬਾਅਦ ਉਸ ਨੇ ਹਰ ਅਜਿਹੀ ਜਾਣਕਾਰੀ ਦੀ ਗੂਗਲ 'ਤੇ ਖੋਜ ਕੀਤੀ ਜੋ ਪੁਲਿਸ ਕਾਰਵਾਈ ਦੌਰਾਨ ਕਰਦੀ ਹੈ। ਉਸ ਨੇ ਗੂਗਲ 'ਤੇ, ਕੀ ਪੁਲਿਸ ਝੂਠ ਖੋਜਣ ਵਾਲੇ ਟੈਸਟ ਲਈ ਮਜਬੂਰ ਕਰ ਸਕਦੀ ਹੈ ?, ਯੂਟਾ ਦੀ ਜੇਲ੍ਹ ਵਿੱਚ ਮਿਲਣ ਵਾਲੀਆਂ ਸੁਵਿਧਾਵਾਂ, ਕੀ ਡੀਲੀਟ ਕੀਤੇ ਗਏ ਸੰਦੇਸ਼ ਪੁਲਿਸ ਦੇਖ ਸਕਦੀ ਹੈ ?, ਜੀਵਨ ਬੀਮਾ ਕੰਪਨੀਆਂ ਦਾਅਵੇਦਾਰਾਂ ਨੂੰ ਭੁਗਤਾਨ ਕਰਨ ਵਿੱਚ ਕਿੰਨਾ ਸਮਾਂ ਲੈਂਦੀਆਂ ਹਨ ?, ਕੀ ਨਾਲੋਕਸੋਨ ਹੈਰੋਇਨ ਦੇ ਸਮਾਨ ਹੈ ?, ਮੌਤ ਦੇ ਗੈਰ-ਕੁਦਰਤੀ ਤਰੀਕੇ ਨੂੰ ਕੀ ਮੰਨਿਆ ਜਾਂਦਾ ਹੈ ?, ਕੀ ਮੌਤ ਦੇ ਸਰਟੀਫਿਕੇਟ 'ਤੇ ਮੌਤ ਦਾ ਕਾਰਨ ਬਦਲਿਆ ਜਾ ਸਕਦਾ ਹੈ ? ਆਦਿ ਚੀਜ਼ਾਂ ਸਰਚ ਕੀਤੀਆਂ। ਅਦਾਲਤ ਵਿੱਚ ਸੁਣਵਾਈ ਦੌਰਾਨ ਇਹ ਸਾਰੇ ਦਸਤਾਵੇਜ਼ ਪੇਸ਼ ਕੀਤੇ ਗਏ। ਫਿਲਹਾਲ ਦੋਸ਼ੀ ਕੋਰੀ ਹਿਰਾਸਤ 'ਚ ਹੈ।

ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਅਦਾਲਤ 'ਚ ਜੱਜ ਨੇ ਉਸ ਨੂੰ ਸਮਾਜ ਲਈ ਖ਼ਤਰਾ ਕਰਾਰ ਦਿੰਦਿਆਂ ਉਸ ਨੂੰ ਜੇਲ੍ਹ 'ਚ ਹੀ ਰਹਿਣ ਦੇ ਹੁਕਮ ਦਿੱਤੇ ਹਨ । ਜਾਣਕਾਰੀ ਮੁਤਾਬਕ ਕੋਰੀ ਨੇ ਆਪਣੇ ਪਤੀ ਦੀ ਯਾਦ 'ਚ ਬੱਚਿਆਂ ਲਈ 'ਆਰ ਯੂ ਵਿਦ ਮੀ' ਨਾਂ ਦੀ ਕਿਤਾਬ ਵੀ ਲਿਖੀ ਸੀ। ਦੱਸ ਦਈਏ ਕਿ ਮਾਰਚ 2022 'ਚ ਖੁਦ ਕੋਰੀ ਨੇ ਦੇਰ ਰਾਤ ਆਪਣੇ ਪਤੀ ਦੀ ਮੌਤ ਦੀ ਸੂਚਨਾ ਪੁਲਿਸ ਨੂੰ ਦਿੱਤੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਔਰਤ ਨੇ ਰਾਤ ਦੇ ਖਾਣੇ 'ਚ ਆਪਣੇ ਪਤੀ ਨੂੰ ਫੈਂਟਾਨਾਈਲ ਨਾਂ ਦੀ ਦਵਾਈ ਦਿੱਤੀ ਸੀ।।

****

## ਕੇਂਦਰ ਦੀਆਂ ਕਟੌਤੀਆਂ ਕਾਰਨ ਪੰਜਾਬ

ਪੰਜਾਬ ਵਿਚੋਂ ਜੀ.ਐਸ.ਟੀ. ਦੀ ਅਪ੍ਰੈਲ 2023 ਦੌਰਾਨ ਅਪ੍ਰੈਲ 2022 ਨਾਲੋਂ ਵਧਣ ਦਾ ਸਰਕਾਰ ਵਲੋਂ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਸੀ ਪਰ ਜੀ.ਐਸ.ਟੀ. ਤੋਂ ਪ੍ਰਾਪਤੀ ਅਗਲੇ ਮਹੀਨੇ ਮਈ ਵਿੱਚ ਹੀ ਦੁਬਾਰਾ ਘੱਟ ਗਈ ਹੈ ਅਤੇ ਪੰਜਾਬ ਦੇਸ਼ ਦਾ ਇਕੱਲਾ ਸੂਬਾ ਹੈ, ਜਿਥੇ ਮਈ 2023 ਵਿੱਚ ਜੀ.ਐਸ.ਟੀ. ਪ੍ਰਾਪਤੀ ਮਗਰਲੇ ਸਾਲ ਨਾਲੋਂ 5 ਫ਼ੀਸਦੀ ਘਟੀ ਹੈ, ਜਦੋਂ ਕਿ ਗੁਆਂਢੀ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ 55 ਫ਼ੀਸਦੀ, ਦਿੱਲੀ ਵਿੱਚ 25 ਫ਼ੀਸਦੀ, ਹਰਿਆਣਾ 'ਚ 9 ਫ਼ੀਸਦੀ ਤੇ ਹਿਮਾਚਲ 'ਚ 12 ਫ਼ੀਸਦੀ ਅਤੇ ਜੰਮੂ ਕਸ਼ਮੀਰ 'ਚ 14 ਫ਼ੀਸਦੀ ਦਾ ਵਾਧਾ ਸਾਹਮਣੇ ਆਇਆ ਹੈ। ਵਿੱਤ ਵਿਭਾਗ ਦੇ ਸੂਤਰਾਂ ਦਾ ਮੰਨਣਾ ਹੈ ਕਿ ਪੈਦਾ ਹੋਈ ਮੌਜੂਦਾ ਸਥਿਤੀ ਕਾਰਨ ਉਨ੍ਹਾਂ ਲਈ ਮੁੱਖ ਤਰਜੀਹ ਹੁਣ ਤਨਖ਼ਾਹਾਂ ਤੇ ਵਚਨਬੱਧ ਖ਼ਰਚਿਆਂ ਦੀ ਅਦਾਇਗੀ ਹੋਵੇਗੀ, ਜਿਸ ਵਿੱਚ ਕਰਜ਼ਿਆਂ ਦੀ ਅਦਾਇਗੀ, ਬਿਜਲੀ ਸਬਸਿਡੀ, ਸਰਕਾਰ ਦੇ ਬਿਜਲੀ, ਪੈਟਰੋਲ ਦੇ ਖ਼ਰਚੇ ਸ਼ਾਮਿਲ ਹਨ, ਜਦੋਂ ਕਿ ਵਿਕਾਸ ਕਾਰਜਾਂ ਲਈ ਵਿੱਤੀ ਸਾਧਨ ਜੁਟਾਉਣੇ ਇੱਕ ਵੱਡੀ ਚੁਣੌਤੀ ਹੋਵੇਗੀ ਅਤੇ ਇਸ ਸੰਕਟ ਦਾ ਸਿੱਧਾ ਅਸਰ ਵਿਕਾਸ ਕਾਰਜਾਂ ਨੂੰ ਤਾਂ ਵੱਡੀ ਹੱਦ ਤੱਕ ਪ੍ਰਭਾਵਿਤ ਕਰੇਗਾ ਹੀ।

***

## ਭਾਜਪਾ ਟਿੱਚ ਜਾਣ ਰਹੀ ਹੈ ਬਾਦਲ ਦਲ ਨੂੰ

ਬਿਆਨ ਦਾ ਜਵਾਬ ਅਕਾਲੀ ਦਲ ਵੱਲੋਂ ਵਿਰਸਾ ਸਿੰਘ ਵਲਟੋਹਾ ਨੇ ਦਿੱਤਾ। ਉਨ੍ਹਾਂ ਕਿਹਾ ਕਿ ਪੁਰੀ ਸਾਹਿਬ ਤੁਸੀਂ ਹਰ ਦੂਜੇ ਤੀਜੇ ਦਿਨ ਸ਼ੁਰੂ ਹੋ ਜਾਂਦੇ ਹੋ ਗਠਜੋੜ ਨਹੀਂ ਕਰਨਾ ਹੈ। ਜਦੋਂ ਹੋਣਾ ਹੈ ਤਾਂ ਤੁਹਾਨੂੰ ਕਿਸ ਨੇ ਪੁੱਛਣਾ ਹੈ। ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਵਾਲੀਆਂ ਧਿਰਾਂ ਨੂੰ ਜਦੋਂ ਅਸੀਂ ਇਹ ਪੁੱਛਿਆ ਗਿਆ ਕਿ ਸੁਖਬੀਰ ਸਿੰਘ ਦੀ ਗੈਰ-ਹਾਜ਼ਰੀ ਵਿੱਚ ਕਿਹੜਾ ਲੀਡਰ ਪੂਰੇ ਪੰਜਾਬ ਨੂੰ ਅਗਵਾਈ ਦੇਣ ਦੀ ਸਮਰੱਥਾ ਰੱਖਦਾ ਹੈ ਤਾਂ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ। ਸੁਖਬੀਰ ਬਾਦਲ ਨੂੰ ਚੀਮਾ, ਭੂੰਦੜ ,ਚੰਦੂਮਾਜਰਾ ਆਦਿ ਨੂੰ ਉੱਚ ਸਿਆਸੀ ਸਫ਼ਾਂ ਤੋਂ ਪਰੇ ਕਰਕੇ ਨਵੇਂ ਪੰਥਕ ਸਾਥੀਆਂ ਦੀ ਤਲਾਸ਼ ਕਰਨੀ ਪਵੇਗੀ ,ਪੰਜਾਬ ਤੇ ਪੰਥਕ ਮੁੱਦਿਆਂ ਦਾ ਏਜੰਡਾ ਮੁੜ ਤਲਾਸ਼ਣਾ ਪਵੇਗਾ। ਗਾਂਧੀਵਾਦੀ ਧਰਮ ਨਿਰਪੱਖਤਾ ਦਾ ਮਖੌਟਾ ਉਤਾਰ ਕੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਸਰਬਤ ਦੇ ਭਲੇ, ਵੰਨ-ਸਵੰਨਤਾ ਦਾ ਨੈਰੇਟਿਵ ਉਸਾਰਨਾ ਪਵੇਗਾ ਜੋ ਅਕਾਲੀ ਦਲ ਦੀ ਸਿਰਜਣਾ ਦਾ ਆਧਾਰ ਸੀ।

***

## ਕੀ ਪੰਜਾਬ ਦੇ ਦਰਿਆਈ ਪਾਣੀਆਂ ਦੀ

ਇਸ ਤੋਂ ਇਲਾਵਾ ਪੰਜਾਬ ਵਲੋਂ ਸ਼ਾਹ ਨਹਿਰ ਹੈੱਡਵਰਕਸ ਰਾਹੀਂ ਵੀ ਹਿਮਾਚਲ ਪ੍ਰਦੇਸ਼ ਨੂੰ ਪਾਣੀ ਲੈਫ਼ਟ ਬੈਂਕ ਕਨਾਲ ਅਤੇ ਰਾਈਟ ਬੈਂਕ ਕਨਾਲ ਰਾਹੀਂ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਦੇ ਜੋਗਿੰਦਰ ਨਗਰ ਵਿਖੇ ਸਥਿਤ ਪੀ.ਐਸ.ਪੀ.ਸੀ.ਐਲ ਦੇ ਸ਼ਾਨਨ ਪਾਵਰ ਪ੍ਰਾਜੈਕਟ ਨੂੰ ਵੀ 99ਵੇਂ ਸਾਲ ਲੀਜ਼ ਵਿੱਚ ਮੁੱਕਣ ਮਗਰੋਂ ਹਿਮਾਚਲ ਪ੍ਰਦੇਸ਼ ਨੂੰ ਤਬਦੀਲ ਕਰਨ ਸੰਬੰਧੀ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾ ਜਨਵਰੀ 2023 ਵਿੱਚ ਹਿਮਾਚਲ ਪ੍ਰਦੇਸ਼ ਦੇ ਡਿਪਟੀ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਚੰਡੀਗੜ੍ਹ 'ਤੇ ਵੀ ਆਪਣਾ 7.19 ਫ਼ੀਸਦੀ ਹਿੱਸਾ ਹੋਣ ਦਾ ਦਾਅਵਾ ਕਰ ਚੁੱਕੇ ਹਨ । ਹੁਣ ਦੇਖਣਾ ਇਹ ਹੋਵੇਗਾ ਕਿ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਪੰਜਾਬ ਸਰਕਾਰ ਕੀ ਰਾਹ ਅਖ਼ਤਿਆਰ ਕਰਦੀ ਹੈ ਕਿਉਂਕਿ ਉਕਤ ਪੱਤਰ ਦੀ ਕਾਪੀ ਭਾਰਤ ਸਰਕਾਰ ਵੱਲੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੂੰ ਵੀ ਜਾਰੀ ਕਰ ਦਿੱਤੀ ਗਈ ਹੈ ।

# ਮਹਿਲਾ ਜੂਨੀਅਰ ਏਸ਼ੀਆ ਕੱਪ: ਭਾਰਤ ਨੇ ਜਿੱਤਿਆ ਪਲੇਠਾ ਹਾਕੀ ਖਿਤਾਬ

## ਚਾਰ ਵਾਰ ਚੈਂਪੀਅਨ ਰਹੇ ਦੱਖਣੀ ਕੋਰੀਆ ਨੂੰ 2-1 ਨਾਲ ਦਿੱਤੀ ਮਾਤ

ਕਾਕਾਮਿਗਾਹਾਰਾ (ਜਪਾਨ)/ ਏ.ਟੀ.ਨਿਊਜ਼ : ਭਾਰਤ ਨੇ ਚਾਰ ਵਾਰ ਚੈਂਪੀਅਨ ਰਹੇ ਦੱਖਣੀ ਕੋਰੀਆ ਨੂੰ 2-1 ਨਾਲ ਹਰਾ ਕੇ ਪਹਿਲੀ ਵਾਰ ਮਹਿਲਾ ਜੂਨੀਅਰ ਹਾਕੀ ਏਸ਼ੀਆ ਕੱਪ ਦਾ ਖਿਤਾਬ ਜਿੱਤਿਆ। ਭਾਰਤ ਲਈ ਅਨੂ ਤੇ ਨੀਲਮ ਨੇ ਗੋਲ ਦਾਗੇ ਜਦੋਂ ਕਿ ਕੋਰੀਆ ਲਈ ਇੱਕ ਇਕੋ ਗੋਲ ਸਿਓ ਯੇਓਨ ਨੇ ਕੀਤਾ। ਪਹਿਲਾ ਕੁਆਰਟਰ ਗੋਲ ਬਰਾਬਰ ਰਹਿਣ ਮਗਰੋਂ ਭਾਰਤ ਨੇ 22ਵੇਂ ਮਿੰਟ ਵਿੱਚ ਪੈਨਲਟੀ ਕਾਰਨਰ 'ਤੇ ਅਨੂ ਦੇ ਗੋਲ ਕਰਕੇ ਬੜ੍ਹਤ ਬਣਾਈ। ਅਨੂ ਨੇ ਗੋਲ ਕਰ ਕੇ ਭਾਰਤ ਨੂੰ 1-0 ਤੋਂ ਅੱਗੇ ਕੀਤਾ। ਦੱਖਣੀ ਕੋਰੀਆ ਨੇ ਹਾਲਾਂਕਿ ਤਿੰਨ ਮਿੰਟ ਬਾਅਦ ਪਾਰਕ ਸਿਓ ਯੇਓਨ ਦੇ ਗੋਲ ਦੀ ਬਦੌਲਤ ਸਕੋਰ 1-1 ਕਰ ਦਿੱਤਾ। ਨੀਲਮ ਨੇ 41ਵੇਂ ਮਿੰਟ ਵਿੱਚ ਦੱਖਣੀ ਕੋਰੀਆ ਦੀ ਗੋਲਕੀਪਰ ਦੇ ਸੱਜੇ ਪਾਸਿਉਂ ਗੋਲ ਦਾਗ ਕੇ ਭਾਰਤ ਨੂੰ 2-1 ਤੋਂ



ਅੱਗੇ ਕਰ ਦਿੱਤਾ ਜੋ ਫੈਸਲਾਕੁਨ ਸਕੋਰ ਸਾਬਿਤ ਹੋਇਆ। ਇਸ ਮਗਰੋਂ ਭਾਰਤੀ ਟੀਮ ਨੇ ਆਖਰੀ ਕੁਆਰਟਰ ਵਿੱਚ ਆਪਣੀ ਬੜ੍ਹਤ ਬਰਕਰਾਰ ਰੱਖਦਿਆਂ ਜਿੱਤ ਦਰਜ ਕੀਤੀ। ਦੱਖਣੀ ਕੋਰੀਆ ਨੂੰ ਪੈਨਲਟੀ ਕਾਰਨਰ ਵਜੋਂ ਗੋਲ ਕਰਨ ਦੇ ਕਈ ਮੌਕੇ ਮਿਲੇ ਪਰ ਟੀਮ ਇਸ ਦਾ ਲਾਹਾ ਨਹੀਂ ਲੈ ਸਕੀ। ਇਸ ਤੋਂ ਪਹਿਲਾਂ ਮਹਿਲਾ ਜੂਨੀਅਰ ਏਸ਼ੀਆ ਕੱਪ ਵਿੱਚ ਭਾਰਤ ਦਾ ਸਰਬੋਤਮ ਪ੍ਰਦਰਸ਼ਨ 2012 ਵਿੱਚ ਉਸ ਸਮੇਂ ਰਿਹਾ ਸੀ ਜਦੋਂ ਟੀਮ ਬੈਂਕਾਕ ਵਿੱਚ ਪਹਿਲੀ ਵਾਰ ਫਾਈਨਲ ਵਿੱਚ ਪਹੁੰਚੀ ਸੀ ਪਰ ਚੀਨ ਤੋਂ 2-5 ਤੋਂ ਹਾਰ ਗਈ ਸੀ। ਮੈਚ ਦੀ ਸਰਬੋਤਮ ਖਿਡਾਰੀ ਚੁਣੀ ਗਈ ਭਾਰਤੀ ਕਪਤਾਨ ਪ੍ਰੀਤੀ ਨੇ ਕਿਹਾ ਕਿ ਰਾਊਂਡ ਰੋਬਿਨ ਪੜਾਅ ਵਿੱਚ ਕੋਰੀਆ ਖ਼ਿਲਾਫ਼ 1-1 ਤੋਂ ਡਰਾਅ ਖੇਡਣ ਤੋਂ ਬਾਅਦ ਉਨ੍ਹਾਂ ਇਸ ਮੁਕਾਬਲੇ ਲਈ ਰਣਨੀਤੀ ਬਣਾਈ ਸੀ। ਉਨ੍ਹਾਂ ਕਿਹਾ,'ਸਾਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕੋਰੀਆ ਨੂੰ ਹਰਾਉਣ ਲਈ ਸਾਨੂੰ ਕਿਹੜੇ ਪਾਸੇ ਖਾਸ ਧਿਆਨ ਦੀ ਲੋੜ ਹੈ।' ਪ੍ਰੀਤੀ ਨੇ ਕਿਹਾ ਕਿ ਫਾਈਨਲ ਨੂੰ ਲੈ ਕੇ ਅਸੀਂ ਘਬਰਾਏ ਹੋਏ ਸੀ ਪਰ ਸਾਨੂੰ ਪਤਾ ਸੀ ਕਿ ਟੀਮ ਵਜੋਂ ਸਰਬੋਤਮ ਪ੍ਰਦਰਸ਼ਨ ਕਰਨਾ ਪਵੇਗਾ ਅਤੇ ਅਸੀਂ ਇਸੇ ਤਰ੍ਹਾਂ ਹੀ ਕੀਤਾ।

### ਜੇਤੂ ਖਿਡਾਰੀਆਂ ਨੂੰ ਦੋ ਦੋ ਲੱਖ ਦੇਵੇਗਾ ਹਾਕੀ ਇੰਡੀਆ

ਹਾਕੀ ਇੰਡੀਆ ਨੇ ਖਿਤਾਬ ਜਿੱਤਣ ਵਾਲੇ ਟੀਮ ਦੇ ਹਰ ਖਿਡਾਰੀ ਨੂੰ ਦੋ ਲੱਖ ਰੁਪਏ ਨਕਦ ਦੇਣ ਅਤੇ ਸਹਿਯੋਗੀ ਸਟਾਫ ਦੇ ਹਰ ਮੈਂਬਰ ਨੂੰ ਇਕ ਇਕ ਲੱਖ ਰੁਪਏ ਨਕਦ ਦੇਣ ਦਾ ਐਲਾਨ ਕੀਤਾ। ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਨੇ ਕਿਹਾ,'ਅਸੀਂ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ ਕਿ ਭਾਰਤੀ ਜੂਨੀਅਰ ਮਹਿਲਾ ਟੀਮ ਨੇ ਪਹਿਲੀ ਵਾਰ ਜੂਨੀਅਰ ਏਸ਼ੀਆ ਕੱਪ ਦਾ ਖਿਤਾਬ ਜਿੱਤਿਆ।'

## ਗੁਰੂ ਸਾਹਿਬਾਨ ਦਾ ਟਕਰਾਅ ਜ਼ਾਲਮਾਨਾ ਸਟੇਟ ਨਾਲ ਸੀ,

ਗੁਰੂ ਅਰਜਨ ਦੇਵ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸਲਾਮ ਕਾਰਨ ਨਹੀਂ, ਮਨੁੱਖਤਾ ਤੇ ਅਜ਼ਾਦੀ ਦੀ ਖਾਤਰ ਜੂਝਣ ਤੇ ਜ਼ਾਲਮ ਸਟੇਟ ਦਾ ਵਿਰੋਧ ਕਾਰਣ ਦੇਣੀ ਪਈ।

ਗੁਰੂ ਅਰਜਨ ਦੇਵ ਜੀ ਨੂੰ ਜਾਤ ਪ੍ਰਸਤ ਹਿੰਦੂ ਅਹਿਲਕਾਰ ਚੰਦੂ ਵਰਗਿਆਂ ਦੀ ਸਾਜਿਸ਼ ਤੇ ਕਈ ਮੌਲਾਨਿਆਂ ਦੇ ਕੱਟੜਵਾਦ ਕਾਰਨ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਹੋਣਾ ਪਿਆ। ਬਾਦਸ਼ਾਹ ਜਹਾਂਗੀਰ ਨੇ 'ਤੁਜ਼ਕੇ ਜਹਾਂਗੀਰੀ' ਵਿੱਚ ਇਸ ਬਾਰੇ ਸਾਫ਼ ਸ਼ਬਦਾਂ ਵਿੱਚ ਲਿਖਿਆ ਹੈ: ਗੋਇੰਦਵਾਲ ਵਿੱਚ ਜੋ ਕਿ ਬਿਆਸ ਦਰਿਆ ਦੇ ਕੰਢੇ 'ਤੇ ਹੈ, ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿੱਚ ਰਹਿੰਦਾ ਸੀ। ਚੁਨਾਂਚਿ ਸਿੱਧੇ-ਸਾਦੇ ਹਿੰਦੂਆਂ ਵਿੱਚ ਬਹੁਤ ਸਾਰੇ ਬਲਕਿ ਮੂਰਖ ਤੇ ਬੇਅਕਲ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੇ ਗੁਰੂਪੁਣੇ ਦਾ ਢੋਲ ਬੜੇ ਜ਼ੋਰ-ਸ਼ੋਰ ਨਾਲ ਵਜਾਇਆ ਹੋਇਆ ਸੀ। ਉਸ ਨੂੰ ਸਾਰੇ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪੁਰ ਪੂਰਾ ਭਰੋਸਾ ਕਰਦੇ ਸਨ। ਤਿੰਨ-ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿੱਚ ਇਹ ਆਉਂਦੀ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰ ਦਿਆਂ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਦੀਨ ਇਸਲਾਮ ਦੀ ਜਮਾਤ ਵਿੱਚ ਲੈ ਆਵਾਂ।

ਇਨ੍ਹਾਂ ਦਿਨਾਂ ਵਿੱਚ ਖ਼ੁਸਰੋ ਉਸ ਰਸਤੇ ਲੰਘਿਆ। ਇਸ ਪੁਰਸ਼ ਨੇ ਇਰਾਦਾ ਕੀਤਾ ਕਿ ਉਸ ਨੂੰ ਮਿਲੋ। ਉਸ ਪੜਾਅ ਉਤੇ ਜਿੱਥੇ ਕਿ ਉਸ ਦੀ ਜਗ੍ਹਾ 'ਤੇ ਟਿਕਾਣਾ ਸੀ, ਖ਼ੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ। ਜਦ ਇਹ ਖ਼ਬਰ ਮੇਰੇ ਕੰਨਾਂ ਵਿੱਚ ਪਹੁੰਚੀ, ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ-ਬਾਰ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿੱਤਾ ਤੇ ਉਸ ਦੇ ਮਾਲ-ਜਾਇਦਾਦ ਨੂੰ ਜ਼ਬਤ ਕਰ ਕੇ ਮੈ ਹੁਕਮ ਕੀਤਾ ਕਿ ਉਸ ਨੂੰ (ਯਾਸਾ ਰਾਹੀਂ ਤਸੀਹੇ ਦੇ ਕੇ) ਮਾਰਿਆ ਜਾਵੇ।

ਇਸ ਸ਼ਹੀਦੀ ਤੋਂ ਬਾਅਦ ਹਾਲਾਤ ਨੂੰ ਦੇਖਦੇ ਹੋਏ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਆਪਣੇ ਸਿੱਖਾਂ ਨੂੰ ਸ਼ਸਤਰ ਵਿੱਦਿਆ ਵੱਲ ਵੀ ਪ੍ਰੇਰਿਆ। ਪਰ ਇਹ ਸਿੱਖ ਇਤਿਹਾਸ ਦਾ ਇੱਕ ਹਿੱਸਾ ਹੀ ਹੈ। ਮੁੱਖ ਗੱਲ ਇਹ ਹੈ ਕਿ ਸਿੱਖ ਧਰਮ ਦਾ ਜਨਮ ਇੱਕ ਗਿਆਨਵਾਨ ਅਤੇ ਸਾਂਝੀਵਾਲਤਾ ਦੇ ਧਰਮ ਵਜੋਂ ਹੋਇਆ ਸੀ। ਬਾਅਦ ਵਿੱਚ ਸਿੱਖ ਕੌਮ ਨੇ ਆਪਣੇ ਆਪ ਨੂੰ ਸ਼ਕਤੀ ਦੇ ਕੇਂਦਰ ਵਜੋਂ ਜਥੇਬੰਦ ਕੀਤਾ। ਮੁਸਲਿਮ ਸ਼ਾਸਕਾਂ ਅਤੇ ਸਿੱਖ ਗੁਰੂਆਂ ਵਿਚਕਾਰ ਟਕਰਾਅ ਜ਼ਾਲਮ ਸੱਤਾ ਵਿਰੁਧ ਸੰਘਰਸ਼ ਦਾ ਹਿੱਸਾ ਸੀ ਅਤੇ ਇਸ ਨੂੰ ਇਸਲਾਮ ਅਤੇ ਸਿੱਖ ਧਰਮ ਵਿਚਕਾਰ ਟਕਰਾਅ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਦਿਲਚਸਪ ਗੱਲ ਹੈ ਕਿ ਸਿੱਖ ਗੁਰੂਆਂ ਅਤੇ ਮੁਗਲਾਂ ਵਿਚਕਾਰ ਹੋਈਆਂ ਲੜਾਈਆਂ ਵਿੱਚੋਂ ਇੱਕ ਵਿੱਚ, ਸਿੱਖ ਫੌਜ ਦੀ ਅਗਵਾਈ ਪੈਂਦਾ ਖਾਨ ਨਾਮ ਦੇ ਇੱਕ ਪਠਾਨ ਨੇ ਕੀਤੀ ਸੀ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਗੈਰ-ਮੁਸਲਮਾਨਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿੰਮ ਤੇਜ਼ ਹੋ ਗਈ ਸੀ। ਉਸ ਦੇ ਜ਼ੁਲਮ-ਤਸ਼ੱਦਦ ਤੋਂ ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਪਾਸ ਫ਼ਰਿਆਦ ਲੈ ਕੇ ਅਨੰਦਪੁਰ ਸਾਹਿਬ ਆਏ ਤਾਂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਕੇਵਲ 9 ਵਰ੍ਹਿਆਂ ਦੇ ਸਨ, ਦੇ ਆਖਣ 'ਤੇ ਉਨ੍ਹਾਂ ਦੀ ਰੱਖਿਆ ਲਈ ਦਿੱਲੀ ਗਏ। ਉਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਗ਼ਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰੱਖਿਆ ਲਈ ਅਤੇ ਔਰੰਗਜ਼ੇਬ ਦੇ ਜ਼ੁਲਮ-ਤਸ਼ੱਦਦ ਤੇ ਅਤਿਆਚਾਰਾਂ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਕੌਮ ਵਿੱਚ ਇੱਕ ਨਵੀਂ ਰੂਹ ਭਰ ਦਿੱਤੀ। ਇਸ ਲੋਕ ਪੱਖੀ ਮੁਹਿੰਮ ਵਿੱਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਵਿੱਚ ਧਰਮ ਦੀ ਥਾਂ ਜ਼ਾਲਮ ਸਟੇਟ ਕੇਂਦਰੀ ਕਾਰਕ ਸੀ, ਇਹ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਕਈ ਪਹਾੜੀ ਰਾਜਿਆਂ ਦੀ ਇੱਕ ਸੰਯੁਕਤ ਫੌਜ ਨੇ ਮੁਗਲਾਂ ਦੀ ਸਹਾਇਤਾ ਨਾਲ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਉੱਤੇ ਹਮਲਾ ਕੀਤਾ ਸੀ।

ਸਤਿਗੁਰੂ ਗੋਬਿੰਦ ਸਿੰਘ ਜੀ ਤੇ ਪਹਾੜੀ ਹਿੰਦੂ ਰਾਜਿਆਂ ਵਿਚਾਲੇ ਵੀ ਟਕਰਾਅ ਹੋਇਆ। ਇਨ੍ਹਾਂ ਵਿੱਚ ਬਿਲਾਸਪੁਰ ਦਾ ਰਾਜਾ ਵੀ ਸ਼ਾਮਲ ਸੀ। ਇਹ ਰਾਜੇ ਸਿੱਖਾਂ ਦੇ ਰਾਜਸੀ ਤਾਕਤ ਵਜੋਂ ਉਭਾਰ ਤੋਂ ਖੁਸ਼ ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚੋਂ ਸਾਨੂੰ ਇਕ ਗੱਲ ਬਹੁਤ ਪ੍ਰਮੁੱਖਤਾ ਨਾਲ ਪਤਾ ਚਲਦੀ ਹੈ ਕਿ ਗੁਰੂ ਜੀ ਦੀ ਕਿਸੇ ਨਾਲ ਜਾਤੀ ਦੁਸ਼ਮਣੀ ਨਹੀਂ ਸੀ। ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਫਕੀਰ ਗੁਰੂ ਜੀ ਦੇ ਪੱਕੇ ਮੁਰੀਦ ਸਨ ਅਤੇ ਹੋਰ ਤਾਂ ਹੋਰ ਪੀਰ ਜੀ ਨੇ ਗੁਰੂ ਜੀ ਦੀ ਭੰਗਾਣੀ ਦੇ ਯੁੱਧ ਵਿੱਚ ਵੀ ਮਦਦ ਕੀਤੀ ਸੀ। ਗੁਰੂ ਜੀ ਦੀ ਲੜਾਈ ਜ਼ੁਲਮ ਨਾਲ ਸੀ, ਕਿਸੇ ਧਰਮ ਵਿਸ਼ੇਸ਼ ਨਾਲ ਨਹੀਂ ਸੀ। ਗੁਰੂ ਜੀ ਦੀ ਬਾਣੀ ਵਿੱਚ ਸੱਚ ਲਈ ਲੜਨਾ ਤੇ ਮਜਲੂਮ ਦੀ ਰੱਖਿਆ ਕਰਨ ਦੀ ਸਿੱਖਿਆ ਮਿਲਦੀ ਹੈ। ਗੁਰੂ ਜੀ ਪ੍ਰੇਮ ਦੇ ਪੁਜਾਰੀ ਸਨ। ਗੁਰੂ ਜੀ ਦੇ ਹੁਕਮ ਹੈ:-

"ਸਾਚੁ ਕਹੋਂ ਸੁਨ ਲੈਹੁ ਸਭੈ
ਜਿਨ ਪ੍ਰੇਮੁ ਕੀਓ ਤਿੰਨ ਹੀ ਪ੍ਰਭੁ ਪਾਇਓ ॥"
"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥"

ਜਦੋਂ ਔਰੰਗਜ਼ੇਬ ਦੱਖਣ ਵਿੱਚ ਬਗਾਵਤ ਦਬਾਉਣ ਵਿੱਚ ਰੁਝਿਆ ਹੋਇਆ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਜਫਰਨਾਮਾ ਲਿਖਕੇ ਉਸ ਦੇ ਜ਼ੁਲਮਾਂ ਬਾਰੇ ਲਾਹਨਤਾਂ ਪਾਈਆਂ। ਗੁਰੂ ਜੀ ਦੀ ਚਿੱਠੀ ਦੇ ਜਵਾਬ ਵਿੱਚ ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਲਈ ਦੱਖਣ ਆਉਣ ਦਾ ਸੱਦਾ ਦਿੱਤਾ। ਗੁਰੂ ਜੀ ਵੀ ਦੱਖਣ ਵੱਲ ਰਵਾਨਾ ਹੋਏ ਪਰ ਰਸਤੇ ਵਿੱਚ ਉਨ੍ਹਾਂ ਨੂੰ ਪਤਾ ਲੱਗਾ ਕਿ ਔਰੰਗਜ਼ੇਬ ਦੀ ਮੌਤ ਹੋ ਗਈ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਔਰੰਗਜ਼ੇਬ ਗੁਰੂ ਜੀ ਨਾਲ ਸਮਝੌਤੇ ਦੇ ਪੱਖ ਵਿਚ ਸੀ ਪਰ ਸੰਘ ਪਰਿਵਾਰ ਵੱਲੋਂ ਔਰੰਗਜ਼ੇਬ ਅਤੇ ਸਿੱਖ ਗੁਰੂਆਂ ਵਿਚਕਾਰ ਟਕਰਾਅ ਦੀਆਂ ਕੁਝ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਸਾਰੇ ਮੁਗਲ ਬਾਦਸ਼ਾਹ ਜਾਂ ਮੁਸਲਮਾਨ ਭਾਈਚਾਰਾ ਸਿੱਖਾਂ ਦੇ ਵਿਰੁੱਧ ਸੀ।

ਅਸਲ ਵਿੱਚ ਸਿੱਖ ਧਰਮ ਅਸਲ ਵਿੱਚ ਇੱਕ ਮਨੁੱਖੀ ਹਿਤੂ ਧਾਰਮਿਕ ਲਹਿਰ ਸੀ, ਜਿਸ ਦਾ ਬਾਅਦ ਵਿੱਚ ਸਿਆਸੀਕਰਨ ਅਤੇ ਫੌਜੀਕਰਨ ਹੋ ਗਿਆ। ਸਿੱਖ ਧਰਮ ਦਾ ਜਨਮ ਨੀਚ ਕਿਰਤੀ ਭਾਈਚਾਰਿਆਂ ਦੀ ਮੁਕਤੀ ਲਈ ਹੋਇਆ ਹੈ। ਇਹਨਾਂ ਦਬੇ ਕੁਚਲੇ ਲੋਕਾਂ ਵਿੱਚ ਰਾਜ ਕਰਨ ਦੀ ਇਛਾ ਸਿੱਖ ਗੁਰੂਆਂ ਨੇ ਜਗਾਈ ਸੀ। ਸਿੱਖ ਧਰਮ ਨੇ ਬਾਹਮਣਵਾਦੀ ਤੱਤਾਂ ਦੀ ਸਮਾਜਿਕ ਸਰਵਉੱਚਤਾ ਤੇ ਵਰਨ ਆਸ਼ਰਮ ਨੂੰ ਚੁਣੌਤੀ ਦਿੱਤੀ ਅਤੇ ਬਰਾਬਰੀ ਦੇ ਸਮਾਜ ਦੀ ਮੁਹਿੰਮ ਚਲਾਈ। ਉਸ ਨੇ ਸਮੇਂ ਦੇ ਸਾਰੇ ਧਰਮਾਂ ਦੀਆਂ ਚੰਗੀਆਂ ਸਿੱਖਿਆਵਾਂ ਨਾਲ ਆਪਣੇ ਆਪ ਨੂੰ ਨਿਖਾਰਿਆ ਅਤੇ ਸੌੜੀਆਂ ਹੱਦਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦਾ ਝੰਡਾ ਬੁਲੰਦ ਕੀਤਾ।

ਗੁਰੂ ਸਾਹਿਬਾਨਾਂ ਨੇ ਰੀਤੀ ਰਿਵਾਜਾਂ ਨਾਲੋਂ ਮਨੁੱਖੀ ਮੇਲ-ਜੋਲ ਸੰਗਤ ਨੂੰ ਜ਼ਿਆਦਾ ਮਹੱਤਵ ਦਿੱਤਾ ਅਤੇ ਦੋਹਾਂ ਧਰਮਾਂ ਦੇ ਪੁਜਾਰੀ ਵਰਗ ਦੁਆਰਾ ਥੋਪੇ ਗਏ ਸਖ਼ਤ ਨਿਯਮਾਂ ਅਤੇ ਕਰਮਕਾਂਡੀ ਨਿਯਮਾਂ ਦਾ ਵਿਰੋਧ ਕੀਤਾ। ਸਮਾਜ ਵਿੱਚ ਪ੍ਰਚਲਿਤ ਛੂਤ-ਛਾਤ ਅਤੇ ਊਚ-ਨੀਚ ਨੂੰ ਖਤਮ ਕਰਨ ਲਈ ਸਿੱਖ ਕੌਮ ਵੱਲੋਂ ਸ਼ੁਰੂ ਕੀਤੀ ਗਈ ਲੰਗਰ ਦੀ ਪਰੰਪਰਾ ਭਾਰਤ ਦੇ ਬਹੁ-ਧਰਮੀ ਸਮਾਜ ਨੂੰ ਸਿੱਖ ਧਰਮ ਦੀ ਮਹਾਨ ਦੇਣ ਹੈ। ਪਰ ਸੰਘ ਪਰਿਵਾਰ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਸੁਰਖਿਆ ਗਾਰਡ ਸਿਧ ਕਰਨ ਤੇ ਤੁਲਿਆ ਹੋਇਆ ਹੈ, ਜਦ ਕਿ ਸਿਖ ਪੰਥ ਸਭ ਮਨੂੱਖਤਾ ਦਾ ਭਾਈਵਾਲ ਹੈ। ਉਹਨਾਂ ਦਾ ਵਿਰੋਧ ਕਿਸੇ ਧਰਮ ਨਾਲ ਨਹੀਂ। ਸਰਬਤ ਦਾ ਭਲਾ ਤੇ ਸਾਂਝੀਵਾਲਤਾ ਸਿੱਖ ਧਰਮ ਦਾ ਫਲਸਫਾ ਤੇ ਸਿਧਾਂਤ ਹੈ।

ਅੱਜ ਵੀ ਜਦੋਂ ਕਿਸੇ ਵੀ ਭਾਈਚਾਰੇ ਨੂੰ ਭੋਜਨ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਸਿੱਖ ਪੰਥ ਸਹਾਇਤਾ ਕਰਦਾ ਹੈ ਅਤੇ ਲੰਗਰਾਂ ਦਾ ਪ੍ਰਬੰਧ ਕਰਦਾ ਹੈ। ਸਿੱਖ ਧਰਮ ਨੇ ਰਸਮਾਂ ਅਤੇ ਰੀਤੀ-ਰਿਵਾਜਾਂ ਨਾਲੋਂ ਮਨੁੱਖਾਂ ਦੇ ਆਪਸੀ ਸਾਂਝ ਨੂੰ ਵਧੇਰੇ ਮਹੱਤਵ ਦਿੱਤਾ, ਉਸਨੇ ਰੋਹਿੰਗਿਆ ਅਤੇ ਅੰਦੋਲਨਕਾਰੀ ਕਿਸਾਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ। ਕਰੋਨਾ ਦੇ ਦੌਰ ਦੌਰਾਨ ਸਿੱਖ ਕੌਮ ਵੱਲੋਂ ਗੁਰਦੁਆਰਿਆਂ ਵਿੱਚ 'ਆਕਸੀਜਨ ਲੰਗਰ' ਚਲਾਏ ਗਏ ਜੋ ਕਿ ਪੀੜਤ ਮਨੁੱਖਤਾ ਦੀ ਸੇਵਾ ਦੀ ਇੱਕ ਉੱਤਮ ਮਿਸਾਲ ਹੈ। ਸਿੱਖ ਧਰਮ ਦਾ ਆਪਣਾ ਧਰਮ ਸ਼ਾਸਤਰ ਅਤੇ ਧਾਰਮਿਕ ਆਚਰਣ ਸੰਬੰਧੀ ਨਿਯਮ ਹਨ। ਸਿੱਖਾਂ ਦਾ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ, ਸਮੁੱਚੇ ਭਾਰਤੀ ਸਮਾਜ ਲਈ ਇੱਕ ਅਨਮੋਲ ਪਾਵਨ ਸੋਮਾ ਹੈ ਕਿਉਂਕਿ ਇਸ ਵਿੱਚ ਸਿੱਖ ਗੁਰੂਆਂ ਤੋਂ ਇਲਾਵਾ ਭਗਤੀ ਅਤੇ ਸੂਫ਼ੀ ਲਹਿਰ ਦੇ ਸੰਤਾਂ ਦੀਆਂ ਸਿੱਖਿਆਵਾਂ ਸ਼ਾਮਲ ਹਨ। ਸਿੱਖ ਧਰਮ ਦੀਆਂ ਸਿੱਖਿਆਵਾਂ ਦਾ ਧੁਰਾ ਨੈਤਿਕਤਾ, ਸਾਂਝੀ ਵਾਲਤਾ ਸਰਬੱਤ ਦਾ ਭਲਾ, ਸਰਬੱਤ ਅਜ਼ਾਦੀ ਅਤੇ ਭਾਈਚਾਰੇ ਦਾ ਪਿਆਰ ਹੈ। ਸਿੱਖ ਧਰਮ ਜਾਤ-ਪਾਤ ਅਤੇ ਧਰਮ ਦੀਆਂ ਹੱਦਾਂ ਨੂੰ ਮਾਨਤਾ ਨਹੀਂ ਦਿੰਦਾ। ਇਹੀ ਸਿਖ ਧਰਮ ਦੀ ਖੂਬਸੂਰਤੀ ਹੈ।

**

## ਕੋਹਿਨੂਰ ਹੀਰਾ ਵਾਪਸ ਲਿਆਉਣ ਦਾ

ਕਾਂਗਰਸ ਦੇ ਆਗੂ ਵਿਜੈਸਾਈ ਰੈੱਡੀ ਦੀ ਅਗਵਾਈ ਵਿੱਚ ਕਮੇਟੀ ਨੇ ਸਰਕਾਰ ਨੂੰ ਇਸ ਕੀਮਤੀ ਇਤਿਹਾਸਕ ਵਿਰਾਸਤ ਨੂੰ ਵਾਪਸ ਲਿਆਉਣ ਲਈ ਆਲਮੀ ਪੱਧਰ ਉਤੇ ਪ੍ਰਚੱਲਿਤ ਪ੍ਰਕਿਰਿਆ ਦਾ ਪਾਲਣ ਕਰਨ ਦਾ ਸੁਝਾਅ ਦਿੱਤਾ ਹੈ। ਕਮੇਟੀ ਦੇ ਸੂਤਰਾਂ ਮੁਤਾਬਕ ਕਾਨੂੰਨੀ ਮਾਮਲਿਆਂ ਬਾਰੇ ਵਿਭਾਗ ਦੇ ਕੇਂਦਰੀ ਸਕੱਤਰ ਨਿਤੇਨ ਚੰਦਰਾ ਨੇ ਕਮੇਟੀ ਨੂੰ ਜਾਣੂ ਕਰਾਇਆ ਸੀ ਕਿ 1970 ਦੇ ਇਕ ਯੂਨੈਸਕੋ ਸਮਝੌਤੇ ਤਹਿਤ ਕੋਹਿਨੂਰ ਨੂੰ ਵਾਪਸ ਭਾਰਤ ਲਿਆਉਣ ਦੀ ਕਾਰਵਾਈ ਵਿੱਢੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸੇ ਸਾਲ ਮਈ ਵਿਚ 'ਟੈਲੀਗ੍ਰਾਫ ਯੂਕੇ' ਵਿੱਚ ਪ੍ਰਕਾਸ਼ਿਤ ਇਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਕੋਹਿਨੂਰ ਤੇ ਹੋਰ ਹਜ਼ਾਰਾਂ ਕੀਮਤੀ ਵਸਤਾਂ ਨੂੰ ਵਾਪਸ ਲਿਆਉਣ ਖਾਤਰ ਭਾਰਤ ਕੂਟਨੀਤਕ ਮੁਹਿੰਮ ਵਿੱਢ ਸਕਦਾ ਹੈ ਜੋ ਕਿ ਬਸਤੀਵਾਦੀ ਯੁੱਗ ਨਾਲ ਜੁੜੀਆਂ ਹੋਈਆਂ ਹਨ।

****

## ਕੀ ਮੋਦੀ ਨੂੰ ਹਟਾਉਣ ਦੀ ਸਾਜ਼ਿਸ਼ ਰਚ

ਮੰਨਿਆ ਜਾਂਦਾ ਹੈ ਅਤੇ ਬ੍ਰਿਟਿਸ਼ ਸੰਸਦ ਵਿੱਚ ਭਾਰਤ ਦੇ ਖ਼ਿਲਾਫ਼ ਸਰਗਰਮ ਰਹਿੰਦਾ ਹੈ ਹੁਣ ਵੀ ਕਾਂਗਰਸ ਨੇ ਰਾਹੁਲ ਗਾਂਧੀ ਦੀ ਅਮਰੀਕੀ ਪ੍ਰਸ਼ਾਸਨ ਨਾਲ ਗੁਪਤ ਮੀਟਿੰਗਾਂ ਦਾ ਖੁਲਾਸਾ ਨਹੀਂ ਕੀਤਾ। ਕਾਂਗਰਸ ਦੀ ਅਧਿਕਾਰਤ ਵੈੱਬਸਾਈਟ ਅਤੇ ਯੂ-ਟਿਊਬ ਹੈਂਡਲ ਰਾਹੁਲ ਗਾਂਧੀ ਦੀਆਂ ਅਮਰੀਕੀ ਗਤੀਵਿਧੀਆਂ ਦੀਆਂ ਪਲ-ਪਲ ਖ਼ਬਰਾਂ ਦੇ ਰਹੇ ਸਨ ਪਰ 2 ਜੂਨ ਨੂੰ ਡੌਨ ਲੂ ਨਾਲ ਉਨ੍ਹਾਂ ਦੀ ਮੁਲਾਕਾਤ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਜੇਐਨਯੂ ਪੜ੍ਹੀ ਸੀਮਾ ਸਿਰੋਹੀ ਖੱਬੇਪੱਖੀ ਵਿਚਾਰਧਾਰਾ ਦੀ ਹੈ ਅਤੇ ਰਾਹੁਲ ਗਾਂਧੀ ਦੀ ਨਜ਼ਦੀਕੀ ਪੱਤਰਕਾਰ ਮੰਨੀ ਜਾਂਦੀ ਹੈ। ਰਾਹੁਲ ਗਾਂਧੀ ਦੇ ਪੂਰੇ ਦੌਰੇ ਦੌਰਾਨ ਉਹ ਗਾਂਧੀ ਦੇ ਨਾਲ ਸੀ। ਉਸ ਨੇ ਰਾਹੁਲ ਗਾਂਧੀ ਦੀਆਂ ਇਨ੍ਹਾਂ ਗੁਪਤ ਮੀਟਿੰਗਾਂ ਬਾਰੇ ਲਿਖਿਆ ਕਿ ਕੁਝ ਕਾਰਨਾਂ ਕਰਕੇ ਮੀਟਿੰਗ ਨੂੰ ਗੁਪਤ ਰੱਖਿਆ ਗਿਆ ਸੀ, ਪਰ ਬਿਡੇਨ ਪ੍ਰਸ਼ਾਸਨ ਭਾਰਤ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਲਈ ਵ੍ਹਾਈਟ ਹਾਊਸ ਦੇ ਦਰਵਾਜ਼ੇ ਬੰਦ ਨਹੀਂ ਕੀਤੇ। ਇੱਥੇ ਬਹੁਤ ਸਾਰੇ ਖ਼ਦਸ਼ੇ ਪੈਦਾ ਹੁੰਦੇ ਹਨ, ਕਿਉਂਕਿ ਨਾ ਤਾਂ ਰਾਹੁਲ ਗਾਂਧੀ ਭਾਰਤ ਵਿੱਚ ਵਿਰੋਧੀ ਧਿਰ ਦੇ ਅਧਿਕਾਰਤ ਨੇਤਾ ਹਨ ਅਤੇ ਨਾ ਹੀ ਉਹ ਭਾਰਤ ਦੇ ਕਿਸੇ ਸਦਨ ਦੇ ਮੈਂਬਰ ਹਨ। ਉਹ ਡਿਪਲੋਮੈਟਿਕ ਪਾਸਪੋਰਟ 'ਤੇ ਵੀ ਅਮਰੀਕਾ ਨਹੀਂ ਗਏ। ਇਹ ਮੁਲਾਕਾਤ ਕਈ ਸਵਾਲ ਖੜ੍ਹੇ ਕਰਦੀ ਹੈ। ਕੀ ਇਹ ਮੁਲਾਕਾਤ ਅਮਰੀਕੀ ਪ੍ਰਸ਼ਾਸਨ ਦੀ ਪਹਿਲ ਉਪਰ ਸ਼ੁਰੂ ਹੋਈ ਸੀ ਜਾਂ ਰਾਹੁਲ ਗਾਂਧੀ ਦੀ ਅਪੀਲ ਉਪਰ ਹੋਈ ਸੀ? ਕੀ ਇਸ ਮੀਟਿੰਗ ਦਾ ਪ੍ਰਬੰਧ ਜਾਰਜ ਸੋਰੋਸ ਨੇ ਕੀਤਾ ਸੀ, ਜਿਸ ਨੇ ਭਾਰਤ ਵਿੱਚ ਮੋਦੀ ਦੀ ਹਕੂਮਤ ਨੂੰ ਉਖਾੜ ਸੁੱਟਣ ਲਈ 100 ਮਿਲੀਅਨ ਡਾਲਰ ਖ਼ਰਚਣ ਦਾ ਐਲਾਨ ਕੀਤਾ ਹੋਇਆ ਹੈ? ਇਸ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਮੋਦੀ ਸਰਕਾਰ ਅਮਰੀਕਾ ਨੂੰ ਪਸੰਦ ਨਹੀਂ ਹੈ?

ਹਾਲ ਹੀ ਵਿੱਚ ਜਦੋਂ ਨਰਿੰਦਰ ਮੋਦੀ ਨੇ ਜਾਪਾਨ ਵਿੱਚ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨਾਲ ਮੁਲਾਕਾਤ ਕੀਤੀ ਤਾਂ ਬਿਡੇਨ ਨੇ ਮੋਦੀ ਦੀ ਤਾਰੀਫ਼ ਕਰਦੇ ਹੋਏ ਕਿਹਾ ਸੀ ਕਿ ਉਹ ਅਮਰੀਕਾ 'ਚ ਬਹੁਤ ਹਰਮਨ ਪਿਆਰੇ ਹਨ। ਜਦੋਂ ਮੋਦੀ 22 ਜੂਨ ਨੂੰ ਅਮਰੀਕਾ ਪਹੁੰਚਣਗੇ ਤਾਂ ਉਸ ਨੂੰ ਆਪਣੇ ਪ੍ਰਸੰਸਕਾਂ ਦੀ ਭੀੜ ਨੂੰ ਸੰਭਾਲਣਾ ਮੁਸ਼ਕਲ ਹੋਵੇਗਾ ਪਰ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਰੂਸ-ਯੂਕਰੇਨ ਯੁੱਧ ਦੌਰਾਨ ਭਾਰਤ ਦੀ ਭੂਮਿਕਾ ਤੋਂ ਅਮਰੀਕਾ ਪ੍ਰੇਸ਼ਾਨ ਹੈ। ਇਸ ਜੰਗ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਨੇ ਆਜ਼ਾਦ ਸਟੈਂਡ ਲੈ ਕੇ ਅਮਰੀਕਾ ਨੂੰ ਚੁਣੌਤੀ ਦਿੱਤੀ ਸੀ।

ਜੋ ਬਿਡੇਨ ਇੱਕ ਵਿਅਕਤੀ ਵਜੋਂ ਜਾਂ ਅਮਰੀਕੀ ਰਾਸ਼ਟਰਪਤੀ ਵਜੋਂ ਵੀ ਮੋਦੀ ਦੇ ਪ੍ਰਸੰਸਕ ਹੋ ਸਕਦੇ ਹਨ, ਪਰ ਜਿਵੇਂ ਭਾਰਤ ਵਿੱਚ ਕੋਈ ਵੀ ਸਰਕਾਰ ਹੋਵੇ, ਪ੍ਰਸ਼ਾਸਨ ਨਿਯਮਾਂ ਅਨੁਸਾਰ ਕੰਮ ਕਰਦੀ ਹੈ, ਖਾਸ ਕਰਕੇ ਸਰਕਾਰਾਂ ਬਦਲਣ ਨਾਲ ਵਿਦੇਸ਼ ਨੀਤੀ ਵਿੱਚ ਬਹੁਤਾ ਬਦਲਾਅ ਨਹੀਂ ਆਉਂਦਾ, ਇਸੇ ਤਰ੍ਹਾਂ ਅਮਰੀਕੀ ਪ੍ਰਸ਼ਾਸਨ ਨਿੱਜੀ ਸੰਬੰਧਾਂ ਨੂੰ ਜ਼ਿਆਦਾ ਮਹੱਤਵ ਨਹੀਂ ਦਿੰਦਾ, ਇਹ ਅਮਰੀਕਾ ਦੇ ਹਿੱਤਾਂ ਦੇ ਹਿਸਾਬ ਨਾਲ ਕੰਮ ਕਰਦਾ ਹੈ। ਨਿਰਪੱਖ ਪੱਤਰਕਾਰਾਂ ਦਾ ਮੰਨਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਲੰਬੀ ਰਣਨੀਤੀ ਦੇ ਤਹਿਤ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਹੈ ਤਾਂ ਜੋ ਮੋਦੀ ਨੂੰ ਸੁਨੇਹਾ ਦਿੱਤਾ ਜਾ ਸਕੇ ਕਿ ਰੂਸ ਨੂੰ ਛੱਡ ਕੇ ਅਮਰੀਕਾ ਦੀਆਂ ਹਦਾਇਤਾਂ ਅਨੁਸਾਰ ਨਿਭੇ, ਨਹੀਂ ਤਾਂ ਰਾਹੁਲ ਗਾਂਧੀ ਨੂੰ ਅਸੀਂ ਭਾਰਤੀ ਰਾਜਨੀਤੀ ਵਿੱਚ ਉਭਾਰਾਂਗੇ। ਇਹੀ ਕਾਰਨ ਹੈ ਕਿ ਅਮਰੀਕਾ ਮੋਦੀ ਦੇ ਨਾਲ ਰਾਹੁਲ ਨੂੰ ਵੀ ਉਭਾਰੇਗਾ।

***

## ਪੂਰਨ ਆਜ਼ਾਦੀ ਲਈ ਖ਼ਾਲਸਾ

ਹਾਜ਼ਰ ਹੋਕੇ ਗੁਰੂ ਗਰੰਥ ਸਾਹਿਬ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ। ਅਕਾਲ ਤਖ਼ਤ ਉਸ ਇਤਿਹਾਸਕ ਵਿਦਰੋਹ ਦੀ ਪੈਦਾਵਾਰ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਬਲੀਦਾਨ ਵਿਚੋਂ ਪ੍ਰਗਟ ਹੋਇਆ। ਦਰਬਾਰ ਸਾਹਿਬ ਕੌਮ ਦੀ ਇਬਾਦਤਗਾਹ ਹੈ, ਅਕਾਲ ਤਖ਼ਤ ਉਸ ਇਬਾਦਤਗਾਹ ਦੀ ਚੌਂਕੀ ਹੈ। ਅਕਾਲ ਤਖ਼ਤ ਅਸਲ ਵਿੱਚ ਭਗਤੀ ਤੇ ਸ਼ਕਤੀ ਦੇ ਸੰਤੁਲਨ, ਤਿਆਗ ਅਤੇ ਤੇਗ਼ ਦੇ ਫ਼ਲਸਫ਼ੇ ਦਾ ਨਾਂ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੋਈ ਇਮਾਰਤ ਨਹੀਂ ਹੈ, ਸਗੋਂ ਸਿੱਖ ਧਰਮ ਅੰਦਰ ਸੱਚਾ ਸੁੱਚਾ ਸੰਕਲਪ ਹੈ। ਛੇਵੇਂ ਪਾਤਸ਼ਾਹ ਜੀ ਵੱਲੋਂ ਸਾਜੇ ਇਸ ਤਖ਼ਤ ਨੇ ਸਿੱਖ ਕੌਮ ਨੂੰ ਆਪਣੀ ਸਥਾਪਨਾ ਦੇ ਸਮੇਂ ਤੋਂ ਲੈ ਕੇ ਹਮੇਸ਼ਾ ਅਗਵਾਈ ਦਿੱਤੀ ਅਤੇ ਬਿਖੜੇ ਸਮਿਆਂ ਵਿੱਚ ਵੀ ਇੱਥੋਂ ਅਗਵਾਈ ਲੈ ਕੇ ਸਿੱਖ ਕੌਮ ਨੇ ਬੁਲੰਦੀਆਂ ਹਾਸਲ ਕੀਤੀਆਂ। ਉਹਨਾਂ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਪੂਰਨ ਆਜ਼ਾਦੀ ਮਿਲੇ ਤਾਂ ਇਸ ਮਹਾਨ ਤਖ਼ਤ ਨਾਲ ਜੁੜਨਾ ਪਵੇਗਾ। ਉਹਨਾਂ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਇਕ ਨਿਸ਼ਾਨ, ਇੱਕ ਵਿਧਾਨ ਅਤੇ ਏਕਤਾ ਲਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਝੰਡੇ ਥੱਲੇ ਇਕੱਤਰ ਹੋਵੋ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਯਤਨ ਕਰਨੇ ਚਾਹੀਦੇ ਹਨ।

***

## ਬਰਗਾੜੀ ਬੇਅਦਬੀ ਮਾਮਲਿਆਂ ਦੇ

10 ਨਵੰਬਰ 2022 ਨੂੰ ਛੇ ਗੈਂਗਸਟਰਾਂ ਨੇ ਪਰਦੀਪ ਸਿੰਘ ਦਾ ਕਤਲ ਕਰ ਦਿੱਤਾ ਸੀ। ਕਾਬਿਲੇਗੌਰ ਹੈ ਕਿ ਤਿੰਨ ਮੋਟਰਸਾਈਕਲਾਂ 'ਤੇ ਸਵਾਰ ਘੱਟੋ-ਘੱਟ ਛੇ ਹਮਲਾਵਰਾਂ ਨੇ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ 'ਚ 2015 ਦੇ ਬਰਗਾੜੀ ਬੇਅਦਬੀ ਮਾਮਲਿਆਂ ਦੇ ਮੁਲਜ਼ਮ ਡੇਰਾ ਸੱਚਾ ਸੌਦਾ ਦੇ ਸਮਰਥਕ ਪਰਦੀਪ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪਰਦੀਪ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਪਰਦੀਪ ਨੂੰ ਉਸ ਸਮੇਂ ਗੋਲੀ ਮਾਰੀ ਗਈ ਜਦੋਂ ਉਹ ਫਰੀਦਕੋਟ ਦੇ ਕੋਟਕਪੂਰਾ ਵਿਖੇ ਆਪਣੀ ਦੁਕਾਨ ਖੋਲ੍ਹਣ ਜਾ ਰਿਹਾ ਸੀ। ਉਸ ਨੂੰ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਮੁਲਾਜ਼ਮ ਮੁਹੱਈਆ ਕਰਵਾਏ ਗਏ ਸਨ। ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਪਾਣੀ ਸੰਕਟ ਕਾਰਨ ਤਬਾਹੀ

ਪਾਣੀ ਦੀ ਘਾਟ ਭਾਰਤ ਸਮੇਤ ਦੁਨੀਆ ਦੇ ਹਰ ਖਿੱਤੇ 'ਚ ਵੱਧ ਰਹੀ ਹੈ ਅਤੇ ਆਪਸੀ ਲੜਾਈ ਝਗੜੇ ਦੀ ਜੜ੍ਹ ਬਣ ਰਹੀ ਹੈ। ਕਈ ਲੋਕਾਂ ਦਾ ਖਿਆਲ ਤਾਂ ਇਹ ਹੈ ਕਿ ਅਗਲੇ ਵਿਸ਼ਵ ਯੁੱਧ ਦਾ ਕਾਰਨ 'ਪਾਣੀ' ਹੋਵੇਗਾ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਜੋ 2022 'ਚ ਛਾਪੀ ਗਈ , ਇਹ ਦੱਸਦੀ ਹੈ ਕਿ ਝੀਲਾਂ, ਪਾਣੀ ਦੇ ਕੁਦਰਤੀ ਸੋਮਿਆਂ ਦੇ ਪ੍ਰਦੂਸ਼ਣ ਕਾਰਨ ਧਰਤੀ ਉਤੇ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ।

ਭਾਰਤ ਦੀ ਸਰਕਾਰ ਨੇ ਭਾਵੇਂ ਸਮੇਂ-ਸਮੇਂ ਲੋੜ ਤੋਂ ਘੱਟ ਪਾਣੀ ਮਿਲਣ ਕਾਰਨ ਪੈਦਾ ਹੋਏ ਤਣਾਅ ਨੂੰ ਘਟਾਉਣ ਲਈ 2012 'ਚ ਜਲ ਨੀਤੀ ਬਣਾਈ, ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ, ਜਲ ਸ਼ਕਤੀ ਅਭਿਆਨ, ਅਟਲ ਭੂ-ਜਲ ਯੋਜਨਾ ਅਤੇ 2020 'ਚ ਜਲ ਜੀਵਨ ਯੋਜਨਾ ਰਾਹੀਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਯਤਨ ਕੀਤਾ, ਪਰ ਇਹ ਯੋਜਨਾਵਾਂ ਵੀ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਧਰਤੀ ਦਾ ਤਾਪਮਾਨ (ਪਾਰਾ) ਵਧ ਰਿਹਾ ਹੈ ਅਤੇ ਪਾਣੀ ਦੀ ਕਿੱਲਤ ਅਤੇ ਪ੍ਰੇਸ਼ਾਨੀਆਂ ਲਗਾਤਾਰ ਵਧਦੀਆਂ ਹੀ ਜਾ ਰਹੀਆਂ ਹਨ।

ਭਾਵੇਂ ਵਿਸ਼ਵ ਭਰ 'ਚ ਜਲ ਸੰਕਟ ਦੇ ਕਾਰਨ ਕੁਝ ਵੀ ਹੋਣ, ਪਰ ਪਿਛਲੇ ਵੀਹ ਸਾਲਾਂ ਤੋਂ ਜਿਵੇਂ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਗਰੀਨ ਹਾਊਸ ਗੈਸਾਂ ਦਾ ਅਸਰ ਹੋ ਰਿਹਾ ਹੈ। ਗਲੋਬਲ ਵਾਰਮਿੰਗ(ਧਰਤੀ ਦੇ ਤਾਪਮਾਨ 'ਚ ਵਾਧਾ), ਇਸ ਨਾਲ "ਅਲ-ਨੀਨੋ" ਦਾ ਪ੍ਰਭਾਵ ਦਿਸਦਾ ਹੈ। ਮੀਂਹ ਘਟ ਰਹੇ ਹਨ, ਗਰਮੀ ਬੇਤਹਾਸ਼ਾ ਵਧ ਰਹੀ ਹੈ।

ਪਾਣੀ ਦਾ ਸੰਕਟ ਸਾਡੇ ਤਾਣੇ-ਬਾਣੇ ਨੂੰ ਹੀ ਪ੍ਰਭਾਵਿਤ ਨਹੀਂ ਕਰ ਰਿਹਾ ਸਗੋਂ ਸਾਡੇ ਆਰਥਿਕ ਵਿਕਾਸ, ਸਿਹਤ ਅਤੇ ਬਨਸਪਤੀ , ਜੀਵ ਜੰਤੂਆਂ ਉਤੇ ਵੀ ਉਲਟ ਅਸਰ ਪਾ ਰਿਹਾ ਹੈ। ਬਿਮਾਰੀਆਂ ਦਾ ਪਸਾਰ ਹੋ ਰਿਹਾ ਹੈ। ਸਮੇਂ ਦੀ ਬਰਬਾਦੀ ਹੋ ਰਹੀ ਹੈ। ਬਿਜਲੀ ਦੀ ਖਪਤ ਅਤੇ ਇਸਦਾ ਉਤਪਾਦਨ ਸਾਡੀ ਜ਼ਿੰਦਗੀ ਉਤੇ ਵੱਡੀ ਪੱਧਰ 'ਤੇ ਅਸਰ ਪਾ ਰਿਹਾ ਹੈ।

ਸਮਾਜਿਕ ਪ੍ਰਭਾਵ ਇੰਨਾ ਵਧ ਰਿਹਾ ਹੈ ਕਿ ਇੱਕ ਛਪੀ ਖ਼ਬਰ ਅਨੁਸਾਰ ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ 'ਚ ਲੋਕ ਦੂਜਾ ਵਿਆਹ ਇਸ ਕਰਕੇ ਕਰਾਉਣ ਲਗ ਪਾਏ ਹਨ ਕਿ ਇੱਕ ਔਰਤ ਘਰ ਦਾ ਕੰਮ ਕਾਰ ਵੇਖੇਗੀ ਅਤੇ ਦੂਜੀ ਔਰਤ ਘਰ ਦੀਆਂ ਪਾਣੀ ਲੋੜਾਂ ਪੂਰੀਆਂ ਕਰਨ ਲਈ ਕੰਮ ਕਰੇਗੀ। ਖੂਹਾਂ ਜਾਂ ਹੋਰ ਥਾਵਾਂ ਤੋਂ ਪਾਣੀ ਲਿਆਏਗੀ। ਜੇਕਰ ਹੋਰ ਰਾਜਾਂ 'ਚ ਵੀ ਇਹ ਵਰਤਾਰਾ ਵਧ ਗਿਆ ਤਾਂ ਭਵਿੱਖ 'ਚ ਕੀ ਭਾਰਤ ਦੇ ਸਮਾਜਿਕ , ਧਾਰਮਿਕ ਅਤੇ ਪਰਿਵਾਰਿਕ ਸਮੱਸਿਆਵਾਂ ਦਾ ਇਹ ਕਾਰਨ ਨਹੀਂ ਬਣੇਗਾ ?

ਕਰੋੜਾਂ ਲੀਟਰ ਪਾਣੀ ਨਿੱਤ ਬਰਬਾਦ ਹੁੰਦਾ ਹੈ। ਕਰੋੜਾਂ ਲੀਟਰ ਪਾਣੀ ਪ੍ਰਦੂਸ਼ਿਤ ਹੁੰਦਾ ਹੈ। ਕਾਰਖਾਨਿਆਂ ਵਾਲੇ ਪਾਣੀ ਟਰੀਟ (ਸਾਫ) ਕਰਨ ਦੀ ਬਜਾਏ ਇਸ ਗੰਦੇ ਪਾਣੀ ਨੂੰ ਜ਼ਮੀਨ 'ਚ ਬੋਰ ਰਾਹੀਂ ਪਹੁੰਚਾ ਦਿੰਦੇ ਹਨ।

ਖਾਦਾਂ, ਕੀਟਨਾਸ਼ਕਾਂ ਕਾਰਨ ਪਾਣੀ ਜ਼ਹਿਰੀਲਾ ਹੁੰਦਾ ਹੈ। ਇੱਕ ਰਿਪੋਰਟ 'ਚ ਦਰਸਾਇਆ ਗਿਆ ਹੈ ਕਿ ਦੇਸ਼ ਦੇ ਤਿੰਨ ਲੱਖ ਤੋਂ ਜ਼ਿਆਦਾ ਬੁੱਚੜਖਾਨੇ ਕਰੋੜਾਂ ਲੀਟਰ ਪਾਣੀ ਬਰਬਾਦ ਕਰਦੇ ਹਨ। ਸਾਫ ਪਾਣੀ ਦੀ ਉਪਲੱਬਧਤਾ ਔਖੀ ਹੋ ਰਹੀ ਹੈ। ਪਾਣੀ ਦੁੱਧ ਅਤੇ ਪੈਟਰੋਲ ਨਾਲੋਂ ਵੀ ਮਹਿੰਗਾ ਮਿਲਦਾ ਹੈ। ਭਾਰਤ ਵਿੱਚ ਵੀ ਕਈ ਇਲਾਕੇ ਇਹੋ ਜਿਹੇ ਹਨ ਜਿਥੇ ਪਾਣੀ ਮਹਿੰਗਾ ਮਿਲਦਾ ਹੈ।

ਭਾਰਤ ਵਿੱਚ ਤਾਂ ਪਾਣੀ ਦੀ ਕਿੱਲਤ ਗਲਤ ਸਰਕਾਰੀ ਨੀਤੀਆਂ ਕਾਰਨ ਹੈ। ਦਿੱਲੀ ਅਤੇ ਇਸਦੇ ਆਲੇ-ਦੁਆਲੇ ਹਰਿਆਣਾ ਵਿੱਚ ਧਰਤੀ ਦੇ ਹੇਠਲਾ ਪਾਣੀ ਆਪਣੇ ਪਹਿਲੇ ਪੱਧਰ ਤੋਂ ਦਸ ਤੋਂ ਪੰਦਰਾਂ ਫੁੱਟ ਨੀਵਾਂ ਚਲਾ ਗਿਆ ਹੈ।

ਚਾਹੀਦਾ ਤਾਂ ਇਹ ਸੀ ਪ੍ਰਦੂਸ਼ਿਤ ਪਾਣੀ ਨੂੰ ਸਾਫ਼ ਕਰਨ ਲਈ ਪ੍ਰਬੰਧ ਹੁੰਦੇ। ਬਹੁ-ਰਾਸ਼ਟਰੀ ਕੰਪਨੀਆਂ ਜੋ ਬੋਤਲ ਬੰਦ ਪਾਣੀ ਮੁਹੱਈਆ ਕਰਦੀਆਂ ਹਨ, ਉਹਨਾ ਉਤੇ ਬੰਦਿਸ਼ਾਂ ਲਗਾਈਆਂ ਜਾਂਦੀਆਂ । ਸਿੰਚਾਈ ਲਈ ਨਹਿਰੀ ਪਾਣੀਆਂ ਦਾ ਪ੍ਰਬੰਧ ਹੁੰਦਾ। ਦਰਖਤਾਂ, ਜੰਗਲਾਂ ਦੀ ਅੰਨੇਵਾਹ ਕਟਾਈ ਨਾ ਹੁੰਦੀ ਤਾਂ ਕਿ ਮੀਂਹ ਠੀਕ ਢੰਗ ਨਾਲ ਪੈਂਦੇ। ਮੀਂਹ ਦੇ ਪਾਣੀ ਨੂੰ ਛੱਪੜਾਂ ਤੇ ਹੋਰ ਡੂੰਘੇ ਥਾਵਾਂ ਤੇ ਇਕੱਠੇ ਕੀਤਾ ਜਾਂਦਾ। ਇਸ ਸਭ ਕੁਝ ਲਈ ਸਖ਼ਤ ਕਾਨੂੰਨ ਬਣਦੇ ਅਤੇ ਉਹਨਾ ਨੂੰ ਲਾਗੂ ਕੀਤਾ ਜਾਂਦਾ।

ਇਜ਼ਰਾਈਲ ਦੇਸ਼ ਸਾਰੀ ਦੁਨੀਆਂ ਸਾਹਮਣੇ ਜਲ ਪ੍ਰਬੰਧ ਦੀ ਵੱਡੀ ਉਦਾਹਰਨ ਹੈ। ਜਿਥੇ ਤੁਪਕਾ ਪ੍ਰਬੰਧ ਰਾਹੀਂ ਖੇਤੀ ਹੁੰਦੀ ਹੈ। ਉਥੇ ਪ੍ਰਦੂਸ਼ਿਤ ਪਾਣੀ ਨੂੰ ਰੀਸਾਈਕਲ ਕਰਕੇ ਮੁੜ ਵਰਤੋਂ ਯੋਗ ਕੀਤਾ ਜਾਂਦਾ ਹੈ।

***

## ਉਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ

ਲੰਡਨ ਵਿੱਚ ਜਦੋਂ ਉਹਦੇ ਬਾਪ ਨੇ ਪੁੱਛਿਆ ਸੀ, 'ਜੁਆਨਾਂ ਕੀ ਪੀਵੇਂਗਾ?' ਤਾਂ ਉਨ੍ਹਾਂ ਦਾ ਮਤਲਬ ਸੀ ਬਈ ਬੀਅਰ, ਵਾਈਨ ਜਾਂ ਵਿਸਕੀ ਵਿਚੋਂ ਕੀ ਪੀਵੇਂਗਾ? ਘਰ 'ਚ ਉਹਦੇ ਡੈਡ ਨੇ ਪੀਣ ਪਿਆਉਣ ਦਾ ਸਦਾਵਰਤ ਲਾ ਰੱਖਿਆ ਸੀ। ਬਾਪ ਦਾ ਇਹ ਹਾਲ ਵੇਖ ਕੇ ਊਧਮ ਸਿੰਘ ਨੇ ਸਹੁੰ ਖਾ ਲਈ ਕਿ ਮੈਂ ਸਾਰੀ ਉਮਰ ਸ਼ਰਾਬ ਨਹੀਂ ਪੀਵਾਂਗਾ। ਉਹ ਫਲਾਂ ਦਾ ਤਾਜ਼ਾ ਜੂਸ ਪੀਂਦਾ ਤੇ ਸੁੱਕੇ ਮੇਵੇ ਖਾਂਦਾ। ਬਦਾਮ ਰੋਗਨ, ਸਰਦਾਈ ਤੇ ਚਿਕਨ ਸੂਪ ਪੀਂਦਾ ਜਿਸ ਨਾਲ ਚੜ੍ਹਦੀ ਉਮਰੇ ਉਹਦੀ ਚੰਗੀ ਪੁੱਠ ਬੱਝ ਗਈ ਸੀ ਉਹ ਸਕੂਲ, ਕਾਲਜ ਤੇ ਯੂਨੀਵਰਸਿਟੀ ਵੱਲੋਂ ਖੇਡਦਾ 1947 ਤੋਂ 1966 ਤੱਕ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦਾ ਰਿਹਾ। ਫਿਰ ਬੀਐੱਸਐੱਫ ਵਿੱਚ ਜਾਣ ਪਿੱਛੋਂ 1978 ਤੱਕ ਬੀਐੱਸਐੱਫ ਵੱਲੋਂ ਖੇਡਿਆ। ਜਦੋਂ ਮੈਂ ਦਿੱਲੀ ਪੜ੍ਹਦਾ ਪੜ੍ਹਾਉਂਦਾ ਸਾਂ ਤਾਂ ਉਸ ਨੂੰ ਅਕਸਰ ਟੂਰਨਾਮੈਂਟਾਂ ਵਿੱਚ ਖੇਡਦਾ ਵੇਖਦਾ ਸਾਂ। ਉਹ ਵਧੇਰੇ ਕਰਕੇ ਲੈਫ਼ਟ ਇਨ ਖੇਡਦਾ ਸੀ। ਲੋੜ ਪੈਣ 'ਤੇ ਸੈਂਟਰ ਹਾਫ ਵੀ ਖੇਡ ਜਾਂਦਾ। ਪੈਨਲਟੀ ਕਾਰਨਰ ਲਾਉਣ ਵੇਲੇ ਗੇਂਦ ਰੋੜ੍ਹਨ ਦੀ ਭੂਮਿਕਾ ਉਹੀ ਨਿਭਾਉਂਦਾ। ਇਸ ਕਲਾ ਵਿੱਚ ਉਹ ਪੂਰਾ ਮਾਹਿਰ ਸੀ। ਉਸ ਨੇ ਕੋਚਿੰਗ ਦਾ ਡਿਪਲੋਮਾ ਕਰ ਲਿਆ ਸੀ ਜਿਸ ਕਰਕੇ ਬੀਐੱਸਐੱਫ ਤੇ ਭਾਰਤ ਦੀਆਂ ਹਾਕੀ ਟੀਮਾਂ ਨੂੰ ਕੋਚਿੰਗ ਵੀ ਦਿੰਦਾ ਰਿਹਾ।

1949 ਵਿੱਚ ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਕੇ ਅਫ਼ਗਾਨਿਸਤਾਨ ਦੇ ਟੂਰ 'ਤੇ ਗਿਆ। 1952, 1956, 1960 ਤੇ 1964 ਦੀਆਂ ਉਲੰਪਿਕ ਖੇਡਾਂ ਵਿੱਚ ਭਾਗ ਲਿਆ ਜਿਨ੍ਹਾਂ ਵਿੱਚੋਂ ਇੱਕ ਚਾਂਦੀ ਤੇ ਤਿੰਨ ਸੋਨ ਤਗਮੇ ਜਿੱਤੇ। ਉਸ ਨੇ ਏਸ਼ਿਆਈ ਖੇਡਾਂ 'ਚੋਂ ਵੀ ਮੈਡਲ ਜਿੱਤੇ ਤੇ ਹਾਕੀ ਦੇ ਟੂਰ ਲਾਉਂਦਿਆਂ ਸੈਂਕੜੇ ਗੋਲ ਕੀਤੇ। ਮੈਲਬੌਰਨ ਦੀਆਂ ਉਲੰਪਿਕ ਖੇਡਾਂ ਦਾ ਉਹ ਬੈੱਸਟ ਸਕੋਰਰ ਸੀ। ਰੋਮ-1960 ਦੀਆਂ ਉਲੰਪਿਕ ਖੇਡਾਂ ਲਈ ਬਲਬੀਰ ਸਿੰਘ ਸੀਨੀਅਰ ਨੂੰ ਟੀਮ ਵਿੱਚ ਖਿਡਾਉਣ ਦੀ ਥਾਂ ਟੀਮ ਦਾ ਚੋਣਕਾਰ ਬਣਾ ਲਿਆ ਗਿਆ ਸੀ। ਉਦੋਂ ਊਧਮ ਸਿੰਘ ਨੇ ਕਿਹਾ ਸੀ, ਜੇ ਗੋਲਡ ਮੈਡਲ ਜਿੱਤਣਾ ਤਾਂ ਬਲਬੀਰ ਨੂੰ ਟੀਮ ਵਿੱਚ ਪਾ ਲਓ, ਮੈਨੂੰ ਭਾਵੇਂ ਰਹਿਣ ਦਿਓ! ਪਰ ਉਸ ਦੀ ਗੱਲ ਨਾ ਮੰਨੀ ਗਈ ਤੇ ਰੋਮ ਵਿੱਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਹੱਥੋਂ ਹਾਰ ਗਈ। 1961 ਵਿੱਚ ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਟੂਰ ਸਮੇਂ ਅਤੇ 1963 ਵਿੱਚ ਲਿਓਂਨ ਦੇ ਇੰਟਰਨੈਸ਼ਨਲ ਟੂਰਨਾਮੈਂਟ ਮੌਕੇ ਉਹ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। 1967 ਦੇ ਪ੍ਰੀ ਉਲੰਪਿਕ ਟੂਰਨਾਮੈਂਟ, 1970 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਸਿੰਗਾਪੁਰ ਫੈਸਟੀਵਲ ਸਮੇਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਸੀ।

ਏਡੇ ਵੱਡੇ ਖਿਡਾਰੀ ਬਾਰੇ ਲਿਖਣ ਨੂੰ ਤਾਂ ਬਹੁਤ ਕੁਝ ਹੈ, ਪਰ ਕੁਦਰਤ ਨੇ ਜਿਸ ਪੱਖੋਂ ਉਹਦੇ ਨਾਲ ਜੱਗੋਂ ਤੇਰ੍ਹਵੀਂ ਕੀਤੀ ਉਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਵਿਦਾ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਪੁੱਛਿਆ ਸੀ, ਕੋਈ ਦੁੱਖ ਸੁੱਖ ਦੀ ਗੱਲ ਵੀ ਦੱਸੋ, ਇਹ ਤਾਂ ਹਰ ਇੱਕ 'ਤੇ ਬੀਤਦੀ ਹੈ। ਉਸ ਨੇ ਡੂੰਘਾ ਸਾਹ ਭਰ ਕੇ ਕਿਹਾ ਸੀ, ਪਹਿਲਾ ਵੱਡਾ ਦੁੱਖ ਮਾਂ ਦੀ ਮੌਤ ਦਾ ਹੋਇਆ ਸੀ। ਫੇਰ ਡੈਡ ਵੀ ਲੰਮੀ ਉਮਰ ਨਾ ਜਿਉਂ ਸਕੇ। ਮੇਰੇ ਤਿੰਨ ਪੁੱਤਰ ਹੋਏ ਤੇ ਇੱਕ ਧੀ। ਉਹ ਸਾਰੇ ਹੀ ਵਾਰੋ ਵਾਰੀ ਪਰਮਾਤਮਾ ਨੂੰ ਪਿਆਰੇ ਹੁੰਦੇ ਗਏ। ਬਥੇਰਾ ਇਲਾਜ ਕਰਾਇਆ, ਪਰ ਜੋ ਉਸ ਨੂੰ ਮਨਜ਼ੂਰ...। ਉਹਦੀਆਂ ਅੱਖਾਂ ਭਰ ਆਈਆਂ।

ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੇ ਜੱਦੀ ਘਰ ਵਿੱਚ ਰਹਿਣ ਲੱਗ ਪਿਆ ਸੀ ਤੇ ਹਾਕੀ ਅਕੈਡਮੀ ਬਣਾ ਕੇ ਛੋਟੇ ਬੱਚਿਆਂ ਨੂੰ ਹਾਕੀ ਖੇਡਣੀ ਸਿਖਾਇਆ ਕਰਦਾ ਸੀ। ਸੰਸਾਰਪੁਰ ਦੇ ਉਦੋਂ ਤੱਕ 14 ਓਲੰਪੀਅਨ ਬਣ ਚੁੱਕੇ ਸਨ ਜੋ ਸਾਰੇ ਹੀ ਕੁਲਾਰ ਗੋਤੀ ਸਨ। ਗੁਰਮੀਤ ਸਿੰਘ, ਊਧਮ ਸਿੰਘ, ਗੁਰਦੇਵ ਸਿੰਘ, ਹਰਦੇਵ ਸਿੰਘ ਕੀਨੀਆ, ਦਰਸ਼ਨ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਬਲਬੀਰ ਸਿੰਘ ਬੀਗ੍ਰੀ, ਤਰਸੇਮ ਸਿੰਘ, ਅਜੀਤਪਾਲ ਸਿੰਘ, ਜਗਜੀਤ ਸਿੰਘ ਕੀਨੀਆ, ਹਰਵਿੰਦਰ ਸਿੰਘ ਕੀਨੀਆ, ਬਿੰਦੀ ਸਿੰਘ ਕੈਨੇਡਾ ਤੇ ਹਰਦਿਆਲ ਸਿੰਘ ਕੀਨੀਆ। ਇੱਕੋ ਬੀਹੀ ਦੇ ਜੰਮਪਲ ਬਾਰਾਂ ਓਲੰਪੀਅਨ!

ਊਧਮ ਸਿੰਘ ਨੇ ਆਖ਼ਰੀ ਉਮਰੇ ਦੁਬਾਰਾ ਵਿਆਹ ਕਰਾ ਲਿਆ ਸੀ ਤਾਂ ਜੋ ਔਲਾਦ ਦਾ ਮੂੰਹ ਵੇਖ ਸਕੇ ਜੋ ਉਸ ਦੇ ਕਰਮਾਂ ਵਿਚ ਨਹੀਂ ਸੀ। 18 ਮਾਰਚ 2000 ਨੂੰ ਉਹ ਸਕੂਟਰ 'ਤੇ ਦੂਰਦਰਸ਼ਨ ਜਲੰਧਰ ਨੂੰ ਇੰਟਰਵਿਊ ਦੇਣ ਗਿਆ। ਰਾਹ 'ਚੋਂ ਸਕੂਟਰ ਮੋੜ ਲਿਆ ਤਾਂ ਕਿ ਆਪਣੇ ਹਾਕੀ ਗਰਾਊਂਡ ਤੇ ਦਫ਼ਤਰ ਦੇ ਦਰਸ਼ਨ ਕਰ ਲਵਾਂ ਜਿੱਥੇ ਲੰਮੀ ਉਮਰ ਬਿਤਾਈ ਸੀ। ਉਦੋਂ ਕੀ ਪਤਾ ਸੀ ਇਹ ਜਾਂਦੀ ਵਾਰ ਦੇ ਦਰਸ਼ਨ ਸਨ! 20 ਮਾਰਚ ਨੂੰ ਦਿਲ ਦਾ ਦੌਰਾ ਪਿਆ। ਤੁਰੰਤ ਹਸਪਤਾਲ ਜਾਣਾ ਪਿਆ। 23 ਮਾਰਚ ਨੂੰ ਠੀਕ ਹੋ ਕੇ ਘਰ ਆ ਗਿਆ। ਜਾਣ ਸਾਰ ਗਰਾਊਂਡ 'ਚ ਖੇਡਦੇ ਬੱਚਿਆਂ ਨੂੰ ਲੱਡੂ ਵੰਡੇ ਗਏ। ਪਰ ਉਸੇ ਰਾਤ ਇੱਕ ਦੌਰਾ ਹੋਰ ਪਿਆ ਜੋ 72 ਸਾਲਾਂ ਦੇ ਸਿਰੜੀ ਖਿਡਾਰੀ ਨੂੰ ਨਾਲ ਹੀ ਲੈ ਗਿਆ। 27 ਮਾਰਚ ਨੂੰ ਸੰਸਾਰਪੁਰ 'ਚ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਤੇ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਕੀਤੀ ਗਈ। ਹੁਣ ਪਤਾ ਨਹੀਂ ਉਸ ਨੂੰ ਕੋਈ ਯਾਦ ਕਰਦਾ ਹੈ ਜਾਂ ਨਹੀਂ?

***

## ਪੰਜਾਬ ਦੇ ਗੱਭਰ

ਯਕੀਨ ਕਰਦੇ ਹਨ। ਸਰਵੇਖਣ ਵਿੱਚ ਆਇਆ ਹੈ ਕਿ ਅੰਦਾਜ਼ਨ 78 ਫ਼ੀਸਦੀ ਮਾਪੇ ਆਪਣੇ ਬੱਚਿਆਂ ਦੀ ਮੌਜੂਦਗੀ ਵਿੱਚ ਆਪ ਘਰ ਵਿੱਚ ਸ਼ਰਾਬ, ਸਿਗਰਟ ਅਤੇ ਜ਼ਰਦੇ ਦੀ ਵਰਤੋਂ ਕਰਦੇ ਹਨ। ਉਨ੍ਹਾਂ ਦੀ ਇਹ ਆਦਤ ਬੱਚਿਆਂ ਨੂੰ ਨਸ਼ਿਆਂ ਦੀ ਲਤ ਲਾਉਣ ਵਿੱਚ ਸਹਾਈ ਹੁੰਦੀ ਹੈ।

ਇਸ ਪੱਖ ਤੋਂ ਕਈ ਪੀੜਤ ਪਿੰਡਾਂ ਦੇ ਲੋਕਾਂ ਨੇ ਪੰਚਾਇਤ ਅਤੇ ਨੌਜਵਾਨ ਸਭਾ ਨੂੰ ਨਾਲ ਲੈ ਕੇ ਆਪਣੇ ਪੱਧਰ 'ਤੇ 'ਪੁੱਛ-ਗਿੱਛ ਨਾਕੇ' ਲਾ ਦਿੱਤੇ ਹਨ ਅਤੇ ਉਹ ਬਾਹਰੋਂ ਨਸ਼ੇ ਦੇ ਸੌਦਾਗਰਾਂ ਨੂੰ ਪਿੰਡ ਵਿੱਚ ਨਹੀਂ ਵੜਨ ਦਿੰਦੇ। ਇਸ ਮੰਤਵ ਲਈ ਉਨ੍ਹਾਂ ਨੇ ਸੀ.ਸੀ.ਟੀ.ਵੀ. ਕੈਮਰੇ ਵੀ ਲਗਵਾ ਦਿੱਤੇ ਹਨ ਅਤੇ ਉਨ੍ਹਾਂ ਵੱਲੋਂ ਜਿੱਥੇ ਪਿੰਡ ਦੇ ਨਸ਼ਈ ਨੌਜਵਾਨਾਂ ਨੂੰ ਇਲਾਜ ਕਰਵਾ ਕੇ ਨਸ਼ਾ ਮੁਕਤ ਕਰਨ ਦਾ ਬੀੜਾ ਚੁੱਕਿਆ ਜਾਂਦਾ ਹੈ, ਉੱਥੇ ਹੀ ਖੁੱਲ੍ਹੇ ਤੌਰ 'ਤੇ ਐਲਾਨ ਕੀਤਾ ਜਾਂਦਾ ਹੈ ਕਿ ਨਸ਼ਾ ਵੇਚਣ ਵਾਲੇ ਦਾ ਮੂੰਹ ਕਾਲਾ ਕਰਕੇ ਪਿੰਡ ਵਿੱਚ ਫੇਰਿਆ ਜਾਵੇਗਾ। ਕਿਸੇ ਨਸ਼ਾ ਵੇਚਣ ਵਾਲੇ ਦੀ ਜ਼ਮਾਨਤ ਪਿੰਡ ਵਾਸੀਆਂ ਵੱਲੋਂ ਨਹੀਂ ਕਰਵਾਈ ਜਾਵੇਗੀ। ਇੰਜ ਡਿਮਾਂਡ ਅਤੇ ਸਪਲਾਈ ਲਾਈਨ ਉੱਤੇ ਸੱਟ ਮਾਰਨ ਵਿੱਚ ਉਹ ਕਾਫ਼ੀ ਹੱਦ ਤਕ ਸਫਲ ਹੋ ਰਹੇ ਹਨ। ਉਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਨਸ਼ਾ ਵੇਚਣ ਵਾਲਿਆਂ ਨੂੰ ਵੰਗਾਰ ਕੇ ਉਨ੍ਹਾਂ ਦੀਆਂ ਸ਼ੀਸ਼ੀਆਂ ਅਤੇ ਚਿੱਟੇ ਦੀਆਂ ਪੁੜੀਆਂ ਨੂੰ ਅੱਗ ਹਵਾਲੇ ਕਰਕੇ ਮੁੱਖ ਧਾਰਾ ਵਿੱਚ ਆਉਣ ਲਈ ਮਜਬੂਰ ਕੀਤਾ ਹੈ।

ਦਰਅਸਲ ਸਮੇਂ ਦੀਆਂ ਸਰਕਾਰਾਂ ਦੀਆਂ ਦ੍ਰਿੜ੍ਹ ਇੱਛਾ ਸ਼ਕਤੀ, ਪੁਲਿਸ ਪ੍ਰਸ਼ਾਸਨ ਦੀ ਚੌਕਸੀ, ਲੋਕਾਂ ਦਾ ਭਰਵਾਂ ਸਹਿਯੋਗ ਪੰਜਾਬ ਦੇ ਮੱਥੇ ਤੋਂ ਨਸ਼ਿਆਂ ਦਾ ਧੱਬਾ ਲਾਹ ਸਕਦਾ ਹੈ।

***

## ਪੰਜਾਬ ਦੀ ਸਿਆਸਤ 'ਚ ਨਿੱਜੀ ਦੂਸ਼ਣਬਾਜੀ

ਆਮ ਤੌਰ 'ਤੇ ਸ੍ਰ. ਬਾਦਲ ਵਿਰੋਧੀ ਆਗੂਆਂ ਪ੍ਰਤੀ ਨਰਮੀ ਵਾਲਾ ਵਤੀਰਾ ਰੱਖਦੇ ਸਨ ਅਤੇ ਉਹਨਾਂ ਨੂੰ ਖ਼ੁਸ਼ਮਿਜ਼ਾਜ ਰੂਪ ਵਿੱਚ ਮਿਲਦੇ ਸਨ। ਇਸ ਤੋਂ ਇਲਾਵਾ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਅਤੇ ਪੰਜਾਬ ਦੇ ਹੋਰ ਕਈ ਆਗੂ ਵੀ ਹਮੇਸ਼ਾ ਵਿਰੋਧੀ ਆਗੂਆਂ ਪ੍ਰਤੀ ਨਰਮੀ ਵਾਲਾ ਵਤੀਰਾ ਰੱਖਦੇ ਰਹੇ ਅਤੇ ਸਿਆਸਤ 'ਚ ਇੱਕ ਮਰਿਆਦਾ ਦਾ ਪਾਲਣ ਕਰਦੇ ਰਹੇ।

ਹੁਣ ਜੇ ਰਾਸ਼ਟਰੀ ਰਾਜਨੀਤੀ ਦੀ ਗਲ ਕੀਤੀ ਜਾਵੇ ਤਾਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਵਾਈ ਵਿੱਚ ਵੀ ਇਹ ਗੁਣ ਸੀ ਕਿ ਉਹ ਵਿਰੋਧੀ ਆਗੂਆਂ ਬਾਰੇ ਗਲ ਕਰਦਿਆਂ ਹਮੇਸ਼ਾ ਮਰਿਆਦਾ ਦੀ ਪਾਲਨਾ ਕਰਦੇ ਸਨ ਅਤੇ ਵਿਰੋਧੀ ਆਗੂਆਂ ਨੂੰ ਪੂਰਾ ਮਾਣ ਸਤਿਕਾਰ ਦਿੰਦੇ ਸਨ। ਇਸੇ ਕਾਰਨ ਉਹਨਾਂ ਦੇ ਕਾਰਜਕਾਲ ਨੂੰ ਵਾਜਪਾਈ ਯੁੱਗ ਕਿਹਾ ਜਾਂਦਾ ਸੀ। ਜਦੋਂ ਸ੍ਰ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਸਨ ਤਾਂ ਉਹਨਾਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਘੱਟ ਬੋਲਦੇ ਸਨ ਪਰ ਜਦੋਂ ਵੀ ਉਹ ਬੋਲਦੇ ਸਨ ਤਾਂ ਬਾਕੀ ਸਭ ਚੁੱਪ ਕਰ ਜਾਂਦੇ ਸਨ ਅਤੇ ਪੂਰੇ ਧਿਆਨ ਨਾਲ ਸ੍ਰ. ਮਨਮੋਹਨ ਸਿੰਘ ਦੀਆਂ ਗੱਲਾਂ ਸੁਣਦੇ ਸਨ। ਸ੍ਰ. ਮਨਮੋਹਨ ਸਿੰਘ ਆਰਥਿਕ ਮਾਹਿਰ ਸਨ, ਉਹ ਅੰਕੜਿਆਂ ਨਾਲ ਆਪਣੀ ਹਰ ਗਲ ਪੇਸ਼ ਕਰਦੇ ਸਨ, ਜਿਸ ਦਾ ਬਹੁਤ ਡੂੰਘਾ ਪ੍ਰਭਾਵ ਪੈਂਦਾ ਸੀ। ਉਹਨਾਂ ਨੇ ਵੀ ਵਿਰੋਧੀ ਆਗੂਆਂ ਪ੍ਰਤੀ ਸਤਿਕਾਰ ਦੀ ਨੀਤੀ ਅਪਨਾਈ ਰੱਖੀ। ਇਸੇ ਕਰਕੇ ਸ੍ਰ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਵਜੋਂ ਕਾਲ ਨੂੰ ਮਨਮੋਹਨ ਯੁੱਗ ਵੀ ਕਿਹਾ ਜਾਂਦਾ ਹੈ। ਦੂਜੇ ਪਾਸੇ ਅੱਜ ਦੇ ਰਾਸ਼ਟਰੀ ਨੇਤਾਵਾਂ ਵਿੱਚ ਇੱਕ ਦੂਜੇ ਪ੍ਰਤੀ ਸਤਿਕਾਰ ਦੀ ਭਾਵਨਾ ਘੱਟ ਵੇਖੀ ਜਾਂਦੀ ਹੈ। ਹਾਲ ਤਾਂ ਇਹ ਹੈ ਕਿ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਅਕਸਰ ਵਿਰੋਧੀ ਆਗੂਆਂ ਬਾਰੇ ਗੱਲਬਾਤ ਕਰਦਿਆਂ ਮਰਿਆਦਾ ਦੀ ਉਲੰਘਣਾ ਕਰ ਜਾਂਦੇ ਹਨ। ਇਹੋ ਹਾਲ ਹੋਰਨਾਂ ਭਾਜਪਾ ਆਗੂਆਂ ਅਤੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਹੈ।

ਗਲ ਚੱਲ ਰਹੀ ਸੀ ਪੰਜਾਬ ਦੀ ਤਾਂ ਪੰਜਾਬ ਦੀ ਸਿਆਸਤ ਵਿੱਚ ਸ਼ੁਰੂ ਹੋਏ ਨਿੱਜੀ ਦੂਸ਼ਣਬਾਜੀ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੀ ਲੋੜ ਹੈ ਤਾਂ ਕਿ ਲੋਕ-ਤੰਤਰ ਦੀਆਂ ਕਦਰਾਂ ਕੀਮਤਾਂ ਨੂੰ ਬਚਾਇਆ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਆਪਣੇ ਵਕਾਰੀ ਅਹੁਦੇ ਦੀ ਮਰਿਆਦਾ ਦਾ ਖਿਆਲ ਰਖਣਾ ਚਾਹੀਦਾ ਹੈ ਅਤੇ ਵਿਰੋਧੀ ਆਗੂਆਂ ਨੂੰ ਵੀ ਮੁੱਖ ਮੰਤਰੀ ਮਾਨ ਬਾਰੇ ਗੱਲਬਾਤ ਕਰਦਿਆਂ ਮੁੱਖ ਮੰਤਰੀ ਦੇ ਅਹੁਦੇ ਦੀ ਮਰਿਆਦਾ ਦਾ ਖਿਆਲ ਰਖਣਾ ਚਾਹੀਦਾ ਹੈ।

***

## ਕਿਸ ਨੂੰ ਡਰਾ ਰਿਹੈ 2024 ?

ਬਘੇਲ ਅਤੇ ਸਿੱਧਰਮਈਆ ਓ.ਬੀ.ਸੀ.ਹਨ। ਕਰਨਾਟਕ ਵਿੱਚ ਪਹਿਲੀ ਵਾਰ ਜਨਤਾ ਦੇ ਤਿੰਨ ਤਜਰਬੇ ਮੋਦੀ ਦੀ ਸੱਤਾ ਨੂੰ ਚੁਣੌਤੀ ਦੇਣ ਲੱਗੇ ਹਨ। ਪਹਿਲਾ ਮੁਸਲਮਾਨ, ਦਲਿਤ, ਆਦਿ-ਵਾਸੀ ਕਾਂਗਰਸ ਦੇ ਹੱਕ ਵਿੱਚ ਇਕੱਠੇ ਹੋ ਰਹੇ ਹਨ।

ਦੂਜਾ, ਕਰਨਾਟਕ ਦੇ ਬੰਬਈ ਖੇਤਰ ਵਿੱਚ, ਲਿੰਗਾਇਤਾਂ ਨੇ ਭਾਜਪਾ ਦਾ ਸਾਥ ਦਿੱਤਾ, ਜਦੋਂ ਕਿ ਓਬੀਸੀ ਨੇ ਪੂਰੀ ਤਰ੍ਹਾਂ ਕਾਂਗਰਸ ਦਾ ਸਾਥ ਦਿੱਤਾ। ਤੀਜੀ ਗੱਲ, ਜਦੋਂ ਕਾਂਗਰਸ ਨੇ ਬਜਰੰਗ ਦਲ 'ਤੇ ਪਾਬੰਦੀ ਦਾ ਐਲਾਨ ਕੀਤਾ ਤਾਂ ਝਟਕੇ ਵਿੱਚ ਜੇਡੀਐੱਸ-ਕਾਂਗਰਸ ਵਿੱਚ ਵੰਡੀ ਮੁਸਲਿਮ ਵੋਟ ਇੱਕਮੁੱਠ ਹੋ ਕੇ ਕਾਂਗਰਸ ਦੇ ਹੱਕ ਵਿੱਚ ਚਲੀ ਗਈ। ਇਹ ਆਖ਼ਰੀ ਸਵਾਲ ਵੀ ਉੱਠਣ ਲੱਗਾ ਹੈ ਕਿ ਫਿਰਕੂ ਲੀਹਾਂ 'ਤੇ ਮੋਦੀ ਦੇ ਪਿੱਛੇ ਵੋਟਾਂ ਦਾ ਧਰੁਵੀ ਕਰਨ ਨਹੀਂ ਹੋ ਰਿਹਾ, ਜਦਕਿ ਯੂਪੀ ਵਿਚ ਯੋਗੀ ਆਦਿਤਿਆਨਾਥ ਦੇ ਨਾਂਅ 'ਤੇ 80:20 ਦੇ ਧਰੁਵੀ ਕਰਨ ਦੀ ਖੁੱਲ੍ਹੀ ਖੇਡ ਭਾਜਪਾ ਨੂੰ ਜਿੱਤ ਦਿਵਾ ਰਹੀ ਹੈ। ਮਤਲਬ ਪੂਰੇ ਦੇਸ਼ ਦੀ ਪਛਾਣ ਲਈ ਮੋਦੀ ਨੂੰ ਹਿੰਦੂਤਵ ਦਾ ਲਾਭ ਨਹੀਂ ਮਿਲ ਰਿਹਾ।

ਫਿਰ 2024 ਵਿੱਚ ਯੂਪੀ ਨੂੰ ਲੈ ਕੇ ਮੋਦੀ ਦੀ ਨਿਰਭਰਤਾ ਯੋਗੀ 'ਤੇ ਰਹੇਗੀ ਜਾਂ ਯੋਗੀ ਭਾਜਪਾ ਦਾ ਚਿਹਰਾ ਬਣ ਜਾਣਗੇ। ਸੋਚੋ, ਜੇਕਰ ਯੂਪੀ ਦਾ ਮੁਸਲਿਮ ਵੀ ਅਖਿਲੇਸ਼ ਦਾ ਸਾਥ ਛੱਡਦਾ ਹੈ ਤਾਂ ਕਾਂਗਰਸ ਅਤੇ ਯੋਗੀ ਆਪਣੇ ਆਪ ਹੀ ਇੱਕ ਝਟਕੇ ਵਿੱਚ ਆਪਣੇ ਆਪ ਸਾਹਮਣੇ ਆ ਜਾਣਗੇ। ਯਾਨੀ ਕਿ ਯੂਪੀ ਵਿੱਚ ਪਹਿਲੀ ਵਾਰ ਯੋਗੀ ਨੂੰ ਅਖਿਲੇਸ਼ ਜਾਂ ਸਮਾਜਵਾਦੀ ਪਾਰਟੀ ਨਾਲ ਨਹੀਂ, ਸਗੋਂ ਰਾਸ਼ਟਰੀ ਪਾਰਟੀ ਕਾਂਗਰਸ ਦਾ ਸਾਹਮਣਾ ਕਰਨਾ ਪਵੇਗਾ ਅਤੇ ਦੇਸ਼ ਵਿੱਚ ਵੀ ਜੇਕਰ ਸਿਆਸੀ ਸਥਿਤੀ ਭਾਜਪਾ ਬਨਾਮ ਕਾਂਗਰਸ ਵਾਲੀ ਬਣ ਜਾਂਦੀ ਹੈ ਤਾਂ ਸੰਘ ਯੋਗੀ ਨੂੰ ਆਪਣਾ ਚਿਹਰਾ ਬਣਾਉਣ ਵਿੱਚ ਦੇਰ ਨਹੀਂ ਕਰੇਗਾ। ਇਹ ਵੀ ਜ਼ਰੂਰੀ ਹੈ ਕਿ ਆਰਐੱਸਐੱਸ ਦਾ ਕਮਾਂਡਲ ਛੱਡਣਾ ਅਸੰਭਵ ਹੈ। ਚੋਣ ਜਿੱਤਣ ਲਈ ਮੰਡਲ ਨੂੰ ਅਪਣਾਉਣ ਦੀ ਮਜਬੂਰੀ ਹੈ। ਪਰ ਜਦੋਂ ਮੋਦੀ ਦਾ ਚਿਹਰਾ ਫ਼ੇਲ੍ਹ ਹੋਣ ਲੱਗੇਗਾ, ਤਾਂ ਸੰਘ 2024 ਵਿੱਚ ਕੋਈ ਜੋਖਮ ਨਹੀਂ ਉਠਾਏਗਾ, ਖਾਸ ਕਰਕੇ ਜਦੋਂ ਆਰਐੱਸਐੱਸ ਆਪਣੇ ਸ਼ਤਾਬਦੀ ਵਰ੍ਹੇ ਵਿੱਚ ਦਾਖਲ ਹੋ ਰਹੀ ਹੈ। ਸ਼ਾਇਦ ਇਸੇ ਲਈ 2024 ਦਾ ਟਿਕ-ਟਿਕ ਸਮਾਂ ਹਰ ਕਿਸੇ ਲਈ ਖ਼ਤਰੇ ਦੀ ਘੰਟੀ ਹੈ। ਰਾਜਨੀਤੀ ਕਿੱਥੇ ਬਦਲੇਗੀ ਅਤੇ ਦੇਸ਼ ਕਿਸ ਦਿਸ਼ਾ ਵਿੱਚ ਜਾਵੇਗਾ, ਸਭ ਨੂੰ ਉਡੀਕ ਹੈ। ਇਸ ਲਈ ਹਰ ਕੋਈ ਹਰ ਬਾਜ਼ੀ ਖੇਡਣ ਲਈ ਤਿਆਰ ਹੈ।

***

## ਪਿਛਲੇ 9 ਸਾਲਾਂ ਵਿੱਚ ਭਾਜਪਾ 'ਚ ਸ਼ਾਮਲ

ਇਸ ਦੇ ਨਾਲ ਹੀ ਯੂ.ਪੀ. ਚੋਣਾਂ ਤੋਂ ਪਹਿਲਾਂ ਯਾਦਵ ਪਰਿਵਾਰ ਦੀ ਨੂੰਹ ਅਪਰਣਾ ਯਾਦਵ ਸਮਾਜਵਾਦੀ ਪਾਰਟੀ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਈ ਸੀ। ਹਾਲਾਂਕਿ ਭਾਜਪਾ ਨੇ ਚੋਣ 'ਚ ਅਪਰਣਾ ਨੂੰ ਟਿਕਟ ਨਹੀਂ ਦਿੱਤੀ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਭਾਜਪਾ ਦੇ ਝੰਡੇ ਹੇਠ ਆਪਣਾ ਸਿਆਸੀ ਕਰੀਅਰ ਬਣਾਉਣ ਦਾ ਫੈਸਲਾ ਕੀਤਾ।

**ਪ੍ਰਸਾਦ ਪਰਿਵਾਰ**

ਦੋ ਦਹਾਕਿਆਂ ਤੱਕ ਕਾਂਗਰਸ ਵਿੱਚ ਰਹਿਣ ਤੋਂ ਬਾਅਦ, ਜਿਤਿਨ ਪ੍ਰਸਾਦ ਸਾਲ 2021 ਵਿੱਚ ਭਾਜਪਾ ਵਿੱਚ ਸ਼ਾਮਲ ਹੋਏ। ਦੱਸ ਦੇਈਏ ਕਿ ਪ੍ਰਸਾਦ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਕਾਂਗਰਸ ਵਿੱਚ ਰਹੀਆਂ ਹਨ, ਪਰ ਹੁਣ ਜਿਤਿਨ ਭਾਜਪਾ ਦਾ ਹਿੱਸਾ ਹਨ। ਪ੍ਰਸਾਦ ਪਰਿਵਾਰ ਵਿੱਚ ਸਭ ਤੋਂ ਪਹਿਲਾਂ ਜਤਿਨ ਦੇ ਦਾਦਾ ਜੋਤੀ ਪ੍ਰਸਾਦ ਕਾਂਗਰਸ ਵਿੱਚ ਸ਼ਾਮਲ ਹੋਏ, ਉਹ ਸੀਨੀਅਰ ਕਾਂਗਰਸੀ ਆਗੂ ਸਨ। ਇਸ ਦੇ ਨਾਲ ਹੀ ਜਿਤਿਨ ਦੇ ਪਿਤਾ ਜਤਿੰਦਰ ਪ੍ਰਸਾਦ ਵੀ ਕਾਂਗਰਸ ਦੇ ਉਪ ਪ੍ਰਧਾਨ ਬਣ ਗਏ। ਇਸ ਤੋਂ ਇਲਾਵਾ ਉਹ ਸਾਬਕਾ ਪ੍ਰਧਾਨ ਮੰਤਰੀਆਂ ਰਾਜੀਵ ਗਾਂਧੀ ਅਤੇ ਨਰਸਿਮਹਾ ਰਾਓ ਦੇ ਸਿਆਸੀ ਸਲਾਹਕਾਰ ਵੀ ਰਹੇ ਹਨ।

**ਸਿੰਘ ਰਾਜਵੰਸ਼**

ਰਾਹੁਲ ਗਾਂਧੀ ਦੀ ਟੀਮ ਦਾ ਇੱਕ ਅਹਿਮ ਹਿੱਸਾ ਰਹੇ ਆਰਪੀਐਨ ਸਿੰਘ ਜਨਵਰੀ 2022 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਦੱਸ ਦੇਈਏ ਕਿ ਆਰਪੀਐਨ ਸਿੰਘ ਦੇ ਪਿਤਾ ਸੀਪੀਐਨ ਸਿੰਘ ਕਾਂਗਰਸ ਦੇ ਵੱਡੇ ਨੇਤਾ ਸਨ। ਜਿਸਨੂੰ ਇੰਦਰਾ ਗਾਂਧੀ ਨੇ ਰਾਜਨੀਤੀ ਵਿੱਚ ਲਿਆਂਦਾ ਸੀ। ਸੀਪੀਐਨ ਸਿੰਘ 1980 ਵਿੱਚ ਤਤਕਾਲੀ ਇੰਦਰਾ ਗਾਂਧੀ ਸਰਕਾਰ ਵਿੱਚ ਰੱਖਿਆ ਰਾਜ ਮੰਤਰੀ ਵੀ ਸਨ।

***

## ਪੰਜਾਬ ਸਣੇ ਸੱਤ ਸੂਬਿਆਂ 'ਚ

'ਪ੍ਰਬੰਧ ਪੋਰਟਲ' 'ਤੇ ਜਾਣਕਾਰੀ ਅਪਲੋਡ ਕਰਨੀ ਚਾਹੀਦੀ ਹੈ। ਮੀਟਿੰਗ 'ਚ ਮੰਤਰਾਲੇ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਸੈਕੰਡਰੀ ਸਕੂਲ ਪੱਧਰ 'ਤੇ ਸਾਲ 2020-21 ਦੇ ਮੁਕਾਬਲੇ 'ਚ 2021-22 'ਚ ਡਰਾਪ ਆਊਟ ਦਰ 'ਚ ਕਾਫੀ ਸੁਧਾਰ ਦਰਜ ਕੀਤਾ ਗਿਆ ਹੈ।

ਦਸਤਾਵੇਜ਼ਾਂ ਮੁਤਾਬਕ ਮਹਾਰਾਸ਼ਟਰ 'ਚ ਸੈਕੰਡਰੀ ਪੱਧਰ 'ਤੇ ਡਰਾਪ ਆਊਟ ਦਰ ਸਾਲ 2020-21 ਦੇ 11.2 ਫ਼ੀਸਦ ਤੋਂ ਬਿਹਤਰ ਹੋ ਕੇ ਸਾਲ 2021-22 'ਚ 10.7 ਫ਼ੀਸਦ ਦਰਜ ਕੀਤੀ ਗਈ। ਇਸੇ ਤਰ੍ਹਾਂ ਰਾਜਸਥਾਨ 'ਚ ਡਰਾਪ ਆਊਟ ਦਰ 'ਚ ਲਗਾਤਾਰ ਗਿਰਾਵਟ ਦਰਜ ਕੀਤੀ ਗਈ ਹੈ। ਸੰਯੁਕਤ ਰਾਸ਼ਟਰ ਬਾਲ ਫੰਡ ਦੇ ਪਿਛਲੇ ਸਾਲ ਦੇ ਸਰਵੇਖਣ 'ਚ ਲੜਕੀਆਂ ਵੱਲੋਂ ਸਕੂਲ ਵਿਚਾਲੇ ਹੀ ਛੱਡਣ ਦੇ ਕਾਰਨਾਂ 'ਚ ਕਿਹਾ ਗਿਆ ਸੀ ਕਿ 33 ਫ਼ੀਸਦੀ ਲੜਕੀਆਂ ਦੀ ਪੜ੍ਹਾਈ ਘਰੇਲੂ ਕੰਮਾਂ ਕਰਕੇ ਵਿਚਾਲੇ ਹੀ ਰਹਿ ਜਾਂਦੀ ਹੈ।

ਸਰਵੇਖਣ ਮੁਤਾਬਕ ਕਈ ਥਾਵਾਂ 'ਤੇ ਬੱਚਿਆਂ ਨੇ ਸਕੂਲ ਛੱਡਣ ਮਗਰੋਂ ਪਰਿਵਾਰਕ ਮੈਂਬਰਾਂ ਨਾਲ ਮਜ਼ਦੂਰੀ ਜਾਂ ਲੋਕਾਂ ਦੇ ਘਰਾਂ 'ਚ ਸਫ਼ਾਈ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com